INTERNATIONAL MAGAZINE
RNI No. 61816/95

ਏਕੋ ਬ੍ਰਹਮੁ ਦੁਤੀਅ ਨਾਸਿਤ।

ੴ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਅਪ੍ਰੈਲ 2025

## ਵਾਹ ਵਾਹ ਗੋਬਿੰਦ ਸਿੰਘ
## ਆਪੇ ਗੁਰੁ ਚੇਲਾ॥



**ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਪੰਜਾਬ, ਯੂ.ਪੀ ਅਤੇ ਉਤਰਾਖੰਡ ਵਿਚ ਸਾਲਾਨਾ ਸਮਾਗਮਾਂ ਦੌਰਾਨ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।**

**ਵੱਡੀ ਤਾਦਾਦ ਵਿਚ ਕੀਰਤਨ ਦਾ ਅਨੰਦ ਮਾਣਦੀਆਂ ਸੰਗਤਾਂ**








ਗੁਰਦੁਆਰਾ ਕਲਗੀਧਰ ਖਾਲਸਾ ਡਿਬਡਿਬਾ (ਯੂ.ਪੀ.)





ਬਹਿਰਾਮ (ਦੁਆਬਾ) ਪੰਜਾਬ





ਨੇਤਾ ਜੀ ਨਗਰ ਦਿਨੇਸ਼ਪੁਰ (ਉਤਰਾਖੰਡ)





ਸਿਤਾਰਗੰਜ (ਉਤਰਾਖੰਡ)

# ਆਤਮ ਮਾਰਗ


ਸਾਲ-ਇਕੱਤੀਵਾਂ, ਮਹੀਨਾ-ਅਪ੍ਰੈਲ, 2025

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

**ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

**ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ**

**ਚੇਅਰਮੈਨ**
ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ**
ਬਾਬਾ ਹਰਪਾਲ ਸਿੰਘ ਜੀ

**ਮੈਨੇਜਿੰਗ ਐਡੀਟਰ**
ਭਾਈ (ਡਾ.) ਸੁਖਵਿੰਦਰ ਸਿੰਘ

**ਚੀਫ ਐਡੀਟਰ**
ਡਾ. ਜਗਜੀਤ ਸਿੰਘ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

**ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਸੰਪਰਕ ਕਰਨ ਦੀ ਕ੍ਰਿਪਾਲਤਾ ਕਰੋ ਜੀ।**

ਫੋਨ :- 84378-12900, 94172-14391, 94172-14379

**Email :atammarg1@yahoo.co.in**

Registration Under Foreign Contribution (Regulation) Act 1976 R. No. 115320023

## Postal Address for any Enquiry, Money Order, Cheque and drafts :

**'ATAM MARG' MAGAZINE**

Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar
(MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



**ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।**


## Media Broadcast (Ratwara Sahib)

**Please visit us on internet at :-**
**For Atam Marg Email : atammarg1@yahoo.co.in,**
**Website & Live video -**

**www.ratwarasahib.org**
**www.ratwarasahib.com**
**www.vgrmct.org**

Apps: RATWARASAHIB TV (for both apple & andriod) (Availeble 24 Hours)

**Email : sratwarasahib.in@gmail.com**

**Live Programme & Cable Tv Network**

**98728-14385, 94172-14385**
**98147-12900**

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

**ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ**
001-408-263-1844

**ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ**
001-604-433-0408

**ਭਾਈ ਤਰਸੇਮ ਸਿੰਘ ਬੈਂਸ**
001-604-862-9525

**ਭਾਈ ਜਸਬੀਰ ਸਿੰਘ ਰਾਣੂ**
001-604-589-9189

**ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ**
0044-121-200-2818

**ਭਾਈ ਅਰਵਿੰਦਰ ਸਿੰਘ (ਰਾਜ)**
0044-7968734058

**ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :**
0061-406619858

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -**

**9417214378, 9417214384**

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ੍ਰੀ ਮਾਨ ਜੀ - 98551-32009
ਸ੍ਰੀ ਅਖੰਡਪਾਠ ਸਾਹਿਬ ਸੇਵਾ - 94647-12900

**ਹੋਰ ਸੰਪਰਕ ਨੰਬਰ**

**98889-10777, 96461-01996, 9417214381**

# ਤੱਤਕਰਾ


| | | |
|---|---|---|
| 1. | **ਸੰਪਾਦਕੀ** | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | **ਬਾਰਹ ਮਾਹਾ** | 9 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 3. | **ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ** | 12 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | **ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥** | 32 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | **ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ** | 38 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 6. | **ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ** | 42 |
| | *ਡਾ. ਜਗਜੀਤ ਸਿੰਘ* | |
| 7. | **ਗੁਰਬਾਣੀ ਅਰਥ ਭੰਡਾਰ** | 45 |
| | *ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ* | |
| 8. | **ਗੁਰ ਨਾਨਕ ਆਗਮਨ** | 49 |
| | *ਡਾ. ਭਾਈ ਵੀਰ ਸਿੰਘ ਜੀ* | |
| 9. | **ਜਨ ਪਰਉਪਕਾਰੀ ਆਏ - ਭਾਗ 4** | 53 |
| | *ਪ੍ਰੋ. ਗੁਰਦੇਵ ਸਿੰਘ* | |
| 10. | **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ** | 56 |

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ।

ਸ੍ਰਿਸ਼ਟੀ ਮੁੱਢਲੀ ਅਵਸਥਾ ਵਿਚ ***'ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥ '*** ਵਾਲੀ ਅਵਸਥਾ ਸੀ। ***'ਕੀਤਾ ਪਸਾਉ ਏਕੋ ਕਵਾਉ ॥'*** ਤੋਂ ਬਾਅਦ ਸ੍ਰਿਸ਼ਟੀ ਹੋਂਦ ਵਿਚ ਆਈ। ਇਸ ਸ੍ਰਿਸ਼ਟੀ ਦੀ ਹੋਂਦ ਵਿਚ ਜੀਵ ਜੰਤੂ, ਬਨਸਪਤੀ ਅਤੇ ਮਨੁੱਖਾ ਜਾਤੀ ਦੀ ਪੈਦਾਇਸ਼ ਸ਼ੁਰੂ ਹੋਈ। ਮਨੁੱਖ ਜਾਤੀ ਵਿਚ ਮਨੁੱਖਤਾ ਨੂੰ ਮਾਨਵਤਾ ਦਾ, ਇਨਸਾਨੀਅਤ ਦਾ ਪਾਠ/ਸਬਕ ਸਿਖਾਉਣ ਲਈ ਸਮੇਂ-ਸਮੇਂ ਅਨੇਕਾਂ ਰਿਸ਼ੀ-ਮੁਨੀ, ਗੁਰੂ ਪੀਰ ਪੈਗੰਬਰ, ਔਲੀਏ, ਆਲਮੀ ਅਵਸਥਾ ਵਾਲੇ, ਪ੍ਰਮੇਸ਼ਰ ਨਾਲ ਇਕਮਿਕ ਰੂਹਾਂ ਦਾ ਇਸ ਮਾਤ ਲੋਕ 'ਤੇ ਆਗਮਨ ਹੋਇਆ। ਇਨ੍ਹਾਂ ਰੱਬੀ ਰੂਹਾਂ ਨੇ ਮਾਤ ਲੋਕ ਦੇ ਵਸ਼ਿੰਦਿਆਂ ਨੂੰ ਇਨਸਾਨੀਅਤ ਦਾ ਸਬਕ ਦ੍ਰਿੜ੍ਹ ਕਰਵਾਇਆ। ਸਮੇਂ ਦੇ ਫੇਰਬਦਲ ਨਾਲ ਇਨਸਾਨ ਇਨਸਾਨੀਅਤ ਤੋਂ ਦੂਰ ਹੁੰਦਾ ਚਲਾ ਗਿਆ। ਚਾਰੇ ਜੁਗਾਂ ਨੇ ਆਪਣਾ-ਆਪਣਾ ਸੁਭਾਅ ਪ੍ਰਗਟ ਕੀਤਾ। ਜਿਸ ਬਾਰੇ ਬਾਣੀ ਵਿਚ ਫੁਰਮਾਨ ਹੈ -

*ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥*
*ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥*
*ਅੰਗ - ੩੪੬*

ਐਸੇ-ਐਸੇ ਸਿਧਾਂਤ ਪ੍ਰਗਟ ਹੋਏ ਜਿਨ੍ਹਾਂ ਨੇ ਮਨੁੱਖ ਨੂੰ ਹਨ੍ਹੇਰ ਕੋਠੜੀਆਂ ਵਿਚੋਂ ਕੱਢ ਕੇ ਰੋਸ਼ਨੀ ਦੀ ਦਹਿਲੀਜ਼ ਤਕ ਪਹੁੰਚਾਉਣ ਦੀ ਪ੍ਰੇਰਨਾ ਦਿਤੀ। ਕਲਜੁਗ 'ਚ ਕੇਵਲ ਨਾਮ ਨੂੰ ਪ੍ਰਧਾਨਤਾ ਦਿਤੀ ਗਈ। ਹੋਰ ਸਭ ਕਰਮ ਕਾਂਡ ਫੋਕਟ ਅਤੇ ਅਰਥਹੀਣ ਹੋ ਗਏ।

ਸਮਾਂ ਆਇਆ 1469 ਤੋਂ 1708 ਈ. ਦੇ ਵਿਚਕਾਰ ਵਾਲਾ। ਗਿਣਤੀ ਪੱਖੋਂ 239 ਸਾਲ ਦਾ ਹੈ। ਨਿਰੰਕਾਰ ਆਪ ਸਰਗੁਨ ਰੂਪ ਧਾਰਨ ਕਰਕੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਰੂਪ ਵਿਚ ਪ੍ਰਗਟ ਹੋਏ। ਦਸ ਜਾਮੇ ਧਾਰਨ ਕੀਤੇ, ਅਨੇਕਾਂ ਨਵੇਂ ਸਿਧਾਂਤ ਤੇ ਸੰਸਥਾਵਾਂ ਹੋਂਦ ਵਿਚ ਆਈਆਂ। ਜਿਨ੍ਹਾਂ ਵਿਚੋਂ ਮੁੱਢਲੇ ਦੌਰ ਵਿਚ ਪੰਗਤ ਅਤੇ ਸੰਗਤ ਪ੍ਰਮੁੱਖ ਹਨ। ਸਭਨਾਂ ਦਾ ਅਧਾਰ, ਮਾਨਸ ਕੀ ਜਾਤ, ਸਬੈ ਏਕੈ ਪਹਿਚਾਨਬੋ' ਸੀ। ***'ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥' (ਅੰਗ-੧੩੪੯)*** ਵਾਲੇ ਸਿਧਾਂਤ ਦੀ ਨੀਂਹ ਰੱਖੀ ਗਈ। 11ਵੇਂ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਬਖਸ਼ਿਸ਼ ਅੱਜ ਵੀ ਕਰ ਰਹੇ ਹਨ ਤੇ ਸਦੀਵੀ ਕਾਲ ਕਰਦੇ ਰਹਿਣਗੇ। ਇਹ ਸਮਾਂ 239 ਸਾਲ ਤੋਂ ਵਧ ਕੇ ਜੁਗੋ ਜੁਗ ਅਟੱਲ ਹੋ ਗਿਆ। ਗਿਣਤੀ ਮਿਣਤੀ ਤੋਂ ਬਾਹਰ ਅਸੀਮ ਹੋ ਕੇ 'ਸਾਹਿਬ ਮੇਰਾ ਨੀਤ ਨਵਾ' ਦੇ ਰੂਪ ਵਿਚ ਪ੍ਰਗਟ ਹੁੰਦਾ ਅੱਗੇ ਵਧ ਰਿਹਾ ਹੈ।

1469 ਈ. ਤੋਂ ਬਾਅਦ ਵਿਚ ਮਾਤ ਲੋਕ ਦੇ ਵਰਤਾਰੇ ਵਿਚ ਤਬਦੀਲੀਆਂ ਆਈਆਂ। ਧਰਮ ਦੇ ਚਾਰ ਪੈਰ ਲੜਖੜਾ ਚੁਕੇ ਸਨ। ਰਾਜਾ, ਸਾਧੂ, ਤੀਰਥ ਅਤੇ ਵਿਦਵਾਨ ਚਾਰੋਂ ਆਪਣੇ-ਆਪਣੇ ਮੂਲ ਅਧਾਰ ਤੋਂ ਥਿੜਕ ਚੁਕੇ ਸਨ। ਮਾਨਵੀ ਕਦਰਾਂ ਕੀਮਤਾਂ ਖੰਭ ਲਾ ਕੇ ਉਡ ਗਈਆਂ। ਕੀ ਰਾਜੇ, ਕੀ ਪਰਜਾ, ਕੀ ਤੀਰਥ ਅਸਥਾਨ, ਕੀ ਸਾਧੂ ਤੇ ਕੀ ਵਿਦਵਾਨ, ਸਭ ਧਰਮੀ ਤਾਂ ਨਜ਼ਰ ਆਉਂਦੇ ਸਨ ਦਰਅਸਲ ਧਰਮ ਤੋਂ ਕੋਹਾਂ ਦੂਰ ਅਧਰਮ ਦੇ ਬੋਲਬਾਲੇ ਨੂੰ ਪ੍ਰਚੰਡ ਕਰ ਰਹੇ ਸਨ। ਮਾਨਵਤਾ ਵਿਚੋਂ ਮਾਨਵਪੁਣਾ (ਧਰਮ) ਖੰਭ ਲਾ ਕੇ ਉਡ ਗਿਆ।

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥*
*ਅੰਗ - ੧੪੫*

ਇਹ ਹਾਲਾਤ 1469 ਈ. ਦੇ ਸਨ। ਕਾਰਜ ਬਹੁਤ ਵੱਡਾ ਸੀ। ਇਨਸਾਨ ਨੂੰ ਇਨਸਾਨੀਅਤ ਦਾ ਅਹਿਸਾਸ ਕਰਾਉਣਾ ਸੀ। ਇਹ ਇਕ ਸਫਰ ਸੀ ਜੋ ਇਨਸਾਨ ਤੋਂ ਸ਼ੈਤਾਨ ਦਾ ਸੀ ਤੇ ਹੁਣ ਸ਼ੈਤਾਨ ਤੋਂ ਇਨਸਾਨ ਬਣਾਉਣ ਦੇ ਟੀਚੇ ਨੂੰ ਸਰ ਕਰਨਾ ਸੀ -

*ਸਭ ਅਪਨੀ ਅਪਨੀ ਉਰਝਾਨਾ।*
*ਪਰਮੇਸਰ ਨ ਕਿਨਹੂੰ ਪਹਿਚਾਨਾ।* *ਬਚਿਤ੍ਰ ਨਾਟਕ*

ਵਰਣ, ਆਸ਼ਰਮ ਵੰਡ ਨੇ ਸਮਾਜ ਨੂੰ, ਮਾਨਵਤਾ ਨੂੰ ਖੰਡਿਤ ਕਰਕੇ ਰਖ ਦਿਤਾ। ਪ੍ਰਮੇਸ਼ਰ ਪ੍ਰਤੀ ਭਾਵਨਾ ਨਾ ਕਰਤੇ ਦੀ ਰਹੀ ਤੇ ਨਾ ਹੀ ਕਰਤਾ ਪੁਰਖ ਵਾਲੀ ਰਹੀ। ਸ਼ੈਤਾਨ ਤੋਂ ਇਨਸਾਨ ਦਾ ਸਫਰ ਅਤੇ ਇਨਸਾਨ ਤੋਂ ਇਨਸਾਨੀਅਤ ਦੇ ਸਫਰ ਤੇ ਤੋਰਨ ਲਈ 230 (1699 ਈ. ਦੇ ਹਵਾਲੇ ਨਾਲ) ਸਾਲ ਲਗ ਗਏ।

ਆਉ! ਇਨ੍ਹਾਂ 230 ਸਾਲਾਂ ਦੇ ਆਖਰੀ ਸਿਖਰ ਨੂੰ ਛੋਂਹਦੇ ਹੋਏ ਵੀਚਾਰ ਅੱਗੇ ਤੋਰਦੇ ਹਾਂ। ਸਮਾਂ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੈ।

ਮਹਾਨ ਸਖਸ਼ੀਅਤਾਂ ਦੀ ਮਹਾਨਤਾ ਇਸ ਗੱਲ ਉਤੇ ਨਿਰਭਰ ਕਰਦੀ ਹੈ ਕਿ ਮਨੁੱਖ ਦੇ ਅੰਦਰਲੇ ਬਾਹਰਲੇ ਸੰਸਾਰ ਨੂੰ ਨਿਆਂ ਪੂਰਨ, ਸੁਚੱਜਾ ਅਤੇ ਭਰਪੂਰ ਬਣਾਉਣ ਲਈ ਉਹ ਕੀ ਸੁਨੇਹਾ ਦਿੰਦੇ ਹਨ? ਉਹ ਕਿਹੜੇ ਮਾਰਗ 'ਤੇ ਤੋਰਦੇ ਹਨ ਅਤੇ ਆਪਣੇ ਜੀਵਨ ਰਾਹੀਂ ਕੀ ਪ੍ਰੇਰਨਾ ਦਿੰਦੇ ਹਨ।

ਦਸ਼ਮੇਸ਼ ਪਿਤਾ ਨੂੰ ਸਮਾਜਿਕ ਦ੍ਰਿਸ਼ਟੀ ਤੋਂ ਦੇਖੀਏ ਤਾਂ ਉਨ੍ਹਾਂ ਵਲੋਂ ਰਚਿਤ ਇਕ ਕਬਿੱਤ ਦੀ ਇਸ ਤੁੱਕ ਤੋਂ ਉਨ੍ਹਾਂ ਦੇ ਮਿਸ਼ਨ ਦੀ ਸਪੱਸ਼ਟਤਾ ਹੋ ਜਾਂਦੀ ਹੈ –

**ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ।**

ਅਸਲ ਵਿਚ ਟੀਚਾ ਸੈਤਾਨ ਤੋਂ ਇਨਸਾਨ ਤੇ ਇਨਸਾਨ ਤੋਂ ਦੇਵਤਾ ਅਤੇ ਰੱਬ ਰੂਪ ਬਣਾਉਣ ਦਾ ਸੀ।

*ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥*
*ਅੰਗ – ੪੬੩*

ਅਤੇ

*ਹਰਿ ਜਨੁ ਹਰਿ ਹਰਿ ਹੋਇਆ ਨਾਨਕੁ ਹਰਿ ਇਕੇ ॥*
*ਅੰਗ – ੪੪੯*

ਵਾਲਾ ਟੀਚਾ ਸਦੀਵੀ ਕਰਨ ਲਈ 230ਵਾਂ ਸਾਲ ਸੰਨ 1699 ਈ. ਦਾ ਸੀ। ਇਕ ਆਦਰਸ਼ ਦੀ ਲੋੜ ਸੀ ਜਿਸ ਵਾਸਤੇ –

*ਦੇਹਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ,*
*ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥*
*ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ*
*ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥*
*ਏਕੈ ਨੈਨ ਏਕੈ ਕਾਨ, ਏਕੈ ਦੇਹ ਏਕੈ ਬਾਨ,*
*ਖਾਕ ਬਾਦ ਆਦਸ ਔ ਆਬ ਕੋ ਰਲਾਉ ਹੈ।*
*ਅਲਹ ਅਭੇਖ ਸੋਈ ਪੁਰਾਨ ਐ ਕੁਰਾਨ ਓਈ,*
*ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥ ਅਕਾਲ ਉਸਤਤਿ*

ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਬਖਸ਼ਿਸ਼ ਕਰ ਰਹੇ ਹਨ ਕਿ ਭਿੰਨਤਾਂ ਵਿਚ ਵਿਭਿੰਨਤਾ ਕਿਵੇਂ ਪ੍ਰਗਟਾਉਣੀ ਹੈ? ਗੁਲਦਸਤਾ ਇਕ ਹੈ, ਫੁੱਲ ਵੱਖੋ-ਵੱਖਰੇ ਹਨ। ਖੁਸ਼ਬੋਆਂ ਆਪਣੀਆਂ-ਆਪਣੀਆਂ ਹਨ ਪਰ ਸਾਂਝਾ ਗੁਲਦਸਤਾ ਗੁੰਦ ਕੇ ਸਮਾਜ ਨੂੰ ਪੇਸ਼ ਕਰਨਾ ਹੈ। ਸ੍ਰਿਸ਼ਟੀ ਦੇ ਜ਼ਰੇ-ਜ਼ਰੇ ਵਿਚ ਉਸ ਪਰਮ ਸ਼ਕਤੀ ਦੀ ਜੋਤਿ ਹੈ। ਅਨੇਕਾਂ ਰੂਪਾਂ ਵਿਚ ਪ੍ਰਗਟ ਹੋਈ ਹੈ। ਸਭ ਕੁਝ ਉਸੇ ਤੋਂ ਉਤਪੰਨ ਹੋ ਕੇ ਉਸੇ 'ਚ ਸਮਾਅ ਜਾਂਦਾ ਹੈ। ਨਦੀ ਦੀਆਂ ਤਰੰਗਾਂ ਨਦੀ ਵਿਚ ਹੀ ਵਿਲੀਨ ਹੋ ਜਾਂਦੀਆਂ ਹਨ। ਧੂੜ ਦੇ ਗੁਬਾਰ ਧੂੜ ਵਿਚ ਹੀ ਮਿਲ ਜਾਂਦੇ ਹਨ। ਭਾਵ –

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥*

*ਅਕਾਲ ਉਸਤਤਿ*

ਸੱਚੇ ਪਾਤਸ਼ਾਹ ਸਾਮ੍ਹਣੇ ਖਾਲਸਾ ਆਦਰਸ਼ ਸੀ ਜੋ ਕੇਵਲ ਅਧਿਆਤਮਕ ਪੱਧਤੀਆਂ ਦਾ ਮਾਲਕ ਹੀ ਨਹੀਂ ਸੀ ਸਗੋਂ ਉਸ ਅੰਦਰ ਜ਼ੁਲਮ ਅਤੇ ਅਨਿਆਂ ਖਿਲਾਫ ਲੜਨ ਦਾ ਜਜ਼ਬਾ, ਸਵੈਮਾਣ, ਅਣਖ ਆਬਰੂ ਵਾਲਾ ਜੀਵਨ ਬਸਰ ਕਰਨ ਦੀ ਚੇਤਨਾ ਪ੍ਰਜਵਲਿਤ ਹੋਵੇ।

ਇਸੇ ਪ੍ਰਥਾਇ ਗਿਆਨੀ ਗਿਆਨ ਸਿੰਘ ਵਲੋਂ ਰਚਿਤ ਪੰਥ ਪ੍ਰਕਾਸ਼ ਵਿਚ ਜ਼ਿਕਰ ਮਿਲਦਾ ਹੈ ਕਿ ਇਕ ਦਿਨ ਸੰਗਤ ਨੇ ਗੁਰੂ ਦਸਵੇਂ ਪਾਤਸ਼ਾਹ ਅੱਗੇ ਪੁਕਾਰ ਕੀਤੀ ਕਿ ਸਾਨੂੰ ਤੁਰਕ ਬਹੁਤ ਦੁਖੀ ਕਰਦੇ ਹਨ। ਦਸਵੰਧ ਆਦਿ ਰਸਤੇ ਵਿਚ ਖੋਹ ਲੈਂਦੇ ਹਨ। ਅਸੀਂ ਕਿਵੇਂ ਉਨ੍ਹਾਂ ਤੋਂ ਬਚਾਅ ਕਰੀਏ? ਸਾਡੇ 'ਚ ਐਨਾ ਇਤਫਾਕ ਨਹੀਂ ਹੈ –

*ਇਕ ਦਿਨ ਸੰਗਤ ਆਨਿ ਪੁਕਾਰੀ।*
*ਤੁਰਕ ਦੇਤ ਦੁਖ ਹਮ ਕੋ ਭਾਰੀ।*
*ਸੁੰਦਰ ਵਸਤੂ ਆਪ ਹਿਤ ਜੋਹੈ*
*ਕਾਰ ਭੇਟ ਦਸਵੰਧ ਜੁ ਹੋ ਹੈ।*
*ਘਰ ਤੇ ਸੰਗਤ ਲੈ ਕੇ ਆਵਤ।*
*ਮਗ ਮੈ ਤੁਰਕ ਛੀਨ ਲੈ ਜਾਵਤ।*
*ਨਹਿ ਇਤਫਾਕ ਹਮਾਰੇ ਮੇ ਹੈ।*
*ਜਿਹ ਬਡ ਹਮ ਉਨਤੇ ਬਚ ਜੈਹੇ।*
*ਜਯੋ ਤੁਰਕਨ ਕਾ ਤੇਜ ਨੀਮਾਵੇ।*
*ਸਿਖਨ ਮੈ ਇਤਫਾਕ ਰਹਾਵੇ।*
*ਕਰੋ ਉਪਾਓ ਸਤਗੁਰੋ ਸੋਈ।*
*ਜੋ ਤੁਮ ਕਰਯੋ ਚਹੋ ਸੋ ਹੋਈ॥ ਪੰਥ ਪ੍ਰਕਾਸ਼, ਪੰਨਾ ੨੨੨*

ਗੁਰੂ ਸਾਹਿਬਾਨ ਨੇ ਕਿਹਾ ਤੁਸੀਂ ਆਪਣੇ ਹੱਥਾਂ

ਵਿਚ ਸ਼ਸਤਰ ਫੜੋ ਤੇ ਜ਼ੁਲਮ ਕਰਨ ਵਾਲੇ ਨੂੰ ਫੜ ਕੇ ਮਾਰੋ।

*ਇਹ ਸੁਨਕੇ ਗੁਰੂ ਐਸ ਉਚਾਰੋ।*
*ਤੁਮ ਸ਼ਸ਼ਤਰ ਫੜ ਉਨਕੋ ਮਾਰੋ।*

ਇਹ ਗੱਲ ਸੁਣ ਕੇ ਸਿੱਖ ਬੜੇ ਧੀਰ ਹੋ ਗਏ। ਕਹਿਣ ਲੱਗੇ, ਮੁਗਲ, ਪਠਾਣ ਬੜੇ ਬੀਰ ਹਨ, ਸ਼ਸਤਰ ਵਿਦਿਆ ਦੇ ਗਿਆਤਾ ਹਨ। ਅਸੀਂ ਉਹਨਾਂ ਦੇ ਸਾਹਮਣੇ ਬੱਚਿਆਂ ਵਾਂਗ ਅਗਿਆਨੀ ਹਾਂ। ਅਸੀਂ ਮੋਠ, ਬਾਜਰਾ ਖਾਂਦੇ ਹਾਂ, ਉਹ ਸ਼ਰਾਬ ਕਬਾਬ ਉਡਾਂਦੇ ਹਨ। ਉਹ ਬਾਜ ਬਘਿਆੜ ਵਰਗੇ ਹਨ, ਅਸੀਂ ਉਹਨਾਂ ਸਾਹਮਣੇ ਬੱਕਰੀ, ਚਿੜੀ, ਤਿੱਤਰ ਵਰਗੇ ਹਾਂ। ਅਸੀਂ ਉਹਨਾਂ ਨਾਲ ਕਿਵੇਂ ਲੜ ਸਕਦੇ ਹਾਂ? ਅਸੀਂ ਤਾਂ ਉਹਨਾਂ ਨੂੰ ਵੇਖ ਕੇ ਹੀ ਕੰਬਣ ਲਗ ਪੈਂਦੇ ਹਾਂ।

*ਸੁਨ ਸਿਖ ਬੋਲੈ ਹੋਇ ਅਧੀਰ।*
*ਮੁਗਲ ਪਠਾਨਾ ਟਿਕ ਬਡ ਬੀਰ।*
*ਸਸ਼ਤਰ ਬਿਦਯਾ ਕੋ ਸੋ ਗਿਆਤਾ।*
*ਹਮ ਉਨ ਆਗੈ ਬਾਲ ਅਗਯਾਤਾ।*
*ਮੋਠ ਬਾਜਰੀ ਹਮ ਨਿਤ ਖੇਹੈ।*
*ਸੋਊ ਸ਼ਰਾਬ ਕਬਾਬ ਉਡੈ ਹੈ।*
*ਬਕਰੀ ਚਿੜੀਆਂ ਤੀਤਰ ਸਮ ਹਮ।*
*ਬਾਜ ਬਘਆੜਨ ਤੇ ਸੋ ਨਹਿ ਕਮ।*
*ਉਨ ਸੈ ਲੜਨਾ ਤੋ ਕਿਸ ਹੋ ਹੈ।*
*ਸੰਮੁਖ ਬਾਤ ਆਤ ਨਹਿ ਕੋ ਹੈ।*
*ਪੇਖਉ ਓਨੇ ਹਮ ਅਰਥਰ ਕੰਪੈ।*
*ਜੋ ਜੋ ਚਹਿਤ ਦੇਤ ਹਮ ਸੰਪੈ।*

ਗੁਰੂ ਸਾਹਿਬ ਨੇ ਵਿਚਾਰਿਆ ਕਿ ਇਹ ਤੁਰਕਾਂ ਕੋਲੋਂ ਕਿਉਂ ਡਰਦੇ ਹਨ। ਇਕ ਤਾਂ ਇਹ ਗਰੀਬ ਹਨ, ਦੂਜੇ ਇਹਨਾਂ ਦੇ ਨਾਂ ਵੀ ਬੜੇ ਦੱਬੂ ਕਿਸਮ ਦੇ ਹਨ। ਰੂਪਾ, ਭੂਪਾ, ਕੀੜੂ, ਕਾਲੂ, ਪੰਨਾ, ਮੰਨਾ, ਗੋਧਾ, ਲਾਲੂ ਆਦਿ। ਤੀਜੇ ਇਹਨਾਂ ਦੀਆਂ ਜਾਤੀਆਂ ਦਾ ਅਹਿਸਾਸ ਵੀ ਇਹਨਾਂ ਨੂੰ ਛੋਟਾ ਬਣਾ ਦਿੰਦਾ ਹੈ। ਗੁਰੂ ਸਾਹਿਬ ਨੇ ਸੋਚਿਆ ਕਿ ਇਹਨਾਂ ਤੋਂ ਪੁਰਾਣੇ ਜਾਤੀ ਕਰਮ ਛੁਡਵਾ ਕੇ ਇਹਨਾਂ ਵਿਚ ਖਤਰੀਆਂ ਵਾਲਾ ਤੇਜ ਭਰਨਾ ਚਾਹੀਦਾ ਹੈ। ਜਦੋਂ ਇਹਨਾਂ ਨੂੰ ਖਤਰੀਆਂ ਵਾਲਾ 'ਸਿੰਘ' ਨਾਮ ਮਿਲੇਗਾ ਤਾਂ ਇਹਨਾਂ ਵਿਚ ਬੀਰ ਰਸ ਭਰ ਜਾਏਗਾ। ਇਹਨਾਂ ਨੂੰ ਸ਼ਿਕਾਰ ਖੇਡਣਾ ਸਿਖਾਉਣਾ ਚਾਹੀਦਾ ਹੈ, ਇਨ੍ਹਾਂ ਨੂੰ ਜੰਗ ਕਰਨ ਦੀ ਮੱਤ ਦੇਣੀ ਚਾਹੀਦੀ ਹੈ। ਮੈਂ ਹਿੰਦੂਆਂ ਤੇ ਤੁਰਕਾਂ ਤੋਂ ਨਿਆਰੇ ਪੰਥ ਦੀ ਸਾਜਨਾ ਕਰਾਂਗਾ। ਇਹ ਖਾਲਸਾ ਮਹਾਂ ਤੇਜੱਸਵੀ ਹੋਵੇਗਾ, ਜ਼ੁਲਮ ਖਿਲਾਫ ਲੜਨ ਮਰਨ ਤੇ ਉਸ ਨੂੰ ਲਾਜ ਨਹੀਂ ਆਵੇਗੀ। ਮੈਂ ਚਿੜੀਆਂ ਤੋਂ ਬਾਜ ਤੁੜਾਵਾਂਗਾ, ਬੱਕਰੀ ਸ਼ੇਰ ਦਾ ਸ਼ਿਕਾਰ ਕਰੇਗੀ।

*ਇਹ ਸੁਨ ਸਤਗੁਰੂ ਐਸ ਵਿਚਾਰੀ।*
*ਏਹੁ ਦਬ ਰਹੇ ਉਨੇ ਅਗਾਰੀ।*
*ਇਕ ਤੋ ਕਰਮ ਗਰੀਬੀ ਕੇਹੈਂ।*
*ਦੂਸਰ ਨਾਮ ਨਿਕਾਰੋ ਸੋ ਹੈ।*
*ਰੂਪਾ, ਭੂਪਾ, ਕੀੜੂ, ਕਾਲੂ,*
*ਪੰਨਾ, ਖੰਨਾ, ਗੋਧਾ, ਲਾਲੂ।*
*ਤੀਸਰ ਜਾਤਿ ਕਮੋ ਜਟ, ਬਣੀਏ।*
*ਨਾਈ, ਛੀਬੇ, ਝੀਉਰ ਗਣੀਏ।*
*ਰੋੜੇ, ਖੱਤਰੀ ਸੈਣੀ ਖਾਤੀ।*
*ਬਣਜਾਰੇ ਆਦਿਕ ਬਖਯਾਤੀ।*
*ਸਹਿਜੇ ਭੀਰੂ ਲਾਦੀ ਏਹੈ।*
*ਤਾਤੇ ਇਨਕੇ ਜਾਤੀ ਕਰਮ।*
*ਛੁਡਵਾ ਭਰੇ ਛਤਰੀ ਧਰਮ।*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਿਸ਼ਚਾ ਇਹ ਵੀ ਸੀ ਕਿ ਉਹ ਵੱਡਿਆਂ ਨੂੰ ਛੱਡ ਕੇ ਨਿੱਕੇ ਸਮਝੇ ਜਾਣ ਵਾਲੇ ਲੋਕਾਂ ਨੂੰ ਮਾਣ ਸਤਿਕਾਰ ਦੇਣਗੇ।

*ਪੁਨ ਸਭ ਜਨ ਕੀ ਲਘੁ ਉਂਗਰੀ।*
*ਤਜ ਬਡੀਅਨ ਤਿਹ ਪਾਵਤ ਮੁੰਦ੍ਰੀ।*

ਜਿਵੇਂ ਸਾਰੇ ਲੋਕੀ ਵੱਡੀਆਂ ਉਂਗਲਾਂ ਛੱਡ ਕੇ ਨਿੱਕੀ ਉਂਗਲ ਵਿਚ ਮੁੰਦਰੀ ਪਾ ਕੇ ਉਸ ਨੂੰ ਸਨਮਾਨ ਦਿੰਦੇ ਹਨ, ਅਸੀਂ ਵੀ ਨਿੱਕੀਆਂ ਜਾਤਾਂ ਨੂੰ ਰਾਜਵੈਭਵ ਦੇ ਕੇ ਵੱਡਾ ਬਣਾਵਾਂਗੇ। ਜਿਨ੍ਹਾਂ ਦੀ ਜਾਤ ਅਤੇ ਕੁਲ ਵਿਚ ਕਦੀ ਵੀ ਸਰਦਾਰੀ ਨਹੀਂ ਆਈ ਮੈਂ ਇਹਨਾਂ ਨੂੰ ਸਰਦਾਰ ਬਣਾਵਾਂਗਾ। ਮੈਂ ਇਹਨਾਂ ਕੀੜਿਆਂ ਨੂੰ ਅਜਿਹਾ ਸ਼ੇਰ ਬਣਾਵਾਂਗਾ, ਜਿਨ੍ਹਾਂ ਅੱਗੇ ਤੁਰਕ ਹਾਥੀ ਭੱਜਦੇ ਫਿਰਨਗੇ।

*ਜਿਨਕੀ ਜਾਤਿ ਔਰ ਕੁਲ ਮਾਹੀ।*
*ਸਰਦਾਰੀ ਨਹਿ ਭਈ ਕਦਾਹੀ।*
*ਕੀਟਨ ਤੇ ਇਨਕੋ ਮਿਗ੍ਰਿੰਦ।*
*ਕਰੋ ਹਰਨ ਹਿਤ ਤੁਰਕ ਗਜਿੰਦ੍ਰ।*
*ਇਨ ਹੀ ਕੋ ਸਰਦਾਰ ਬਨਾਵੋ।*
*ਤਬੈ ਗੁਬਿੰਦ ਸਿੰਘ ਨਾਮ ਸਦਾਵੋ।*

*............................*

*ਇਹ ਵਿਚਾਰ ਕਰ ਸਤਗੁਰੂ ਪੰਥ ਖਾਲਸਾ ਕੀਨ।*
*ਭੀਰੁ ਜਾਤਿਨ ਕੇ ਤਈ ਅਤੀ ਬਡੱਪਨ ਦੀਨ।*

ਭਾਈ ਰਤਨ ਸਿੰਘ ਭੰਗੂ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਲਿਖਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਫੈਸਲਾ ਕੀਤਾ ਕਿ ਮੈਂ ਗਰੀਬਾਂ ਨੂੰ ਉੱਚਾ ਚੁੱਕ ਕੇ ਇਹਨਾਂ ਨੂੰ ਪਾਤਿਸ਼ਾਹੀ ਦਿਆਂਗਾ–

*ਅਬ ਦਯੋ ਪਾਤਿਸ਼ਾਹੀ ਗਰੀਬਨ ਉਠਾਇ।*
*ਵੇ ਜਾਨੇ ਗੁਰ ਦਈ ਹੈ ਮਾਇ।*

ਭਾਈ ਰਤਨ ਸਿੰਘ ਭੰਗੂ ਨੇ ਬੜੀਆਂ ਜਾਤਾਂ ਦੇ ਨਾ ਗਿਣਾਏ ਹਨ, ਜਿਹੜੇ ਸਦੀਆਂ ਤੋਂ ਰਾਜਨੀਤੀ ਤੋਂ ਦੂਰ ਸਨ, ਜਿਹਨਾਂ ਨੂੰ ਸੁਪਨੇ ਵਿਚ ਵੀ ਪਾਤਿਸ਼ਾਹੀ ਦਾ ਨਾਂ ਨਹੀਂ ਸੀ ਆਉਂਦਾ। ਗੁਰੂ ਸਾਹਿਬ ਨੇ ਉਹਨਾਂ ਨੂੰ ਪਾਤਿਸ਼ਾਹੀ ਦੇਣ ਦਾ ਨਿਸ਼ਚਾ ਕੀਤਾ।

*ਸਤ ਸਨਾਤਿ ਐ ਬਾਰਹ ਜਾਤ।*
*ਜਾਨਤ ਨਹਿ ਰਾਜਨੀਤ ਕੀ ਬਾਤ।*
*ਜੱਟ ਬੂਟ ਕਹਿ ਜਿਹ ਜਗਮਾਹੀ।*
*ਬਣੀਏ ਬਕਾਲ ਕਿਰਾੜ, ਖੱਤ੍ਰੀ ਸਦਾਈ।*
*ਲੁਹਾਰ ਤਰਖਾਣਹੁ ਜਾਤ ਕਮੀਨੀ।*
*ਛੀਪੋ ਕਲਾਲ ਨੀਚਨ ਪੈ ਕ੍ਰਿਪਾ ਕੀਨੀ।*
*ਗੁਜਰ ਜਵਾਰ ਹੀਰ ਕਮਜਾਤ।*
*ਕੰਬੋਇ ਸੂਦਨ ਕੋਇ ਪੂਛੈ ਨਾ ਬਾਤ।*
*ਝੀਵਰ ਨਾਈ ਰੋੜੇ ਘੁਮਿਆਰ।*
*ਸਾਇਣੀ ਸੁਨਿਆਰੇ ਚੂੜ੍ਹੇ ਚਮਿਆਰ।*
*ਭੱਟ ਔ ਬਾਹਮਣ ਹੁਤ ਮੰਗਵਾਰ।*
*ਬਹੁ-ਰੂਪੀਏ ਲੁਬਾਣੇ ਔ ਘੁਮਿਆਰ।*
*ਇਨ ਗਰੀਬ ਸਿੰਘਨ ਕੋ ਦਯੈ ਪਾਤਿਸ਼ਾਹੀ।*
*ਏ ਯਾਦ ਰਖੈ ਹਮਰੀ ਗੁਰਆਈ।*

ਇਹਨਾਂ ਸਾਰੀਆਂ ਜਾਤਾਂ ਦੇ ਲੋਕੀਂ ਸਿੱਖੀ ਦੇ ਕਲਾਵੇ ਵਿਚ ਆਏ ਹਨ। ਉਸ ਵੇਲੇ ਦੀ ਸਮਾਜਿਕ ਬਣਤਰ ਵਿਚ ਇਹ ਸਿਰਫ ਗਰੀਬ ਹਨ, ਸਗੋਂ ਦਰਕਾਰੇ ਹੋਏ ਲੋਕ ਹਨ। ਇਹਨਾਂ ਦੇ ਹੱਥਾਂ ਵਿਚ ਤਲਵਾਰ ਫੜਾ ਕੇ ਇਹ ਆਤਮ ਵਿਸ਼ਵਾਸ਼ ਪੈਦਾ ਕਰਨਾ ਕਿ ਤੁਸੀਂ ਦੁਨੀਆਂ ਦੀ ਵੱਡੀ ਤੋਂ ਵੱਡੀ ਤਾਕਤ ਦਾ ਮੁਕਾਬਲਾ ਕਰ ਸਕਦੇ ਹੋ, ਇਹ ਬਹੁਤ ਵੱਡਾ ਚਮਤਕਾਰ ਸੀ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਰੂਪ 'ਚ ਪੈਦਾ ਕਰ ਦਿਤਾ। ਉਸ ਵੇਲੇ ਸੱਤਾ ਜਾਂ ਤਾਂ ਮੁਗਲਾਂ ਪਠਾਣਾਂ ਦੇ ਹੱਥ ਵਿਚ ਸੀ ਜਾਂ ਰਾਜਪੂਤਾਂ ਦੇ ਹੱਥ ਵਿਚ। ਗਰੀਬੜੇ, ਪਛੜੇ ਤੇ ਦਲਿਤ ਜਾਤੀਆਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਜੇ ਸੂਰਮਿਆਂ ਨੂੰ ਮੁਗਲਾਂ ਨਾਲ ਮੁਕਾਬਲਾ ਕਰਨਾ ਪਿਆ। ਆਰੰਭ ਵਿਚ ਇਹਨਾਂ ਨੂੰ ਭਰੋਸਾ ਹੀ ਨਹੀਂ ਸੀ ਕਿ ਉਹ ਮੁਗਲਾਂ ਸਾਮ੍ਹਣੇ ਖੜ੍ਹੇ ਵੀ ਹੋ ਸਕਣਗੇ।

*ਹਮ ਤੇ ਤੁਰਕ ਕਬ ਮਾਰੇ ਜਾਤ।*
*ਅਸੀਂ ਚਿਰੀਆਂ ਵੇ ਸਾਨੀ ਬਾਜ।*
*ਹਮ ਛੇਲੇ ਵੋ ਬਘਆੜਨ ਸਾਜ।*
*ਤੁਮ ਮ੍ਰਿਗਨ ਤੇ ਕਿਮ ਸ਼ੇਰ ਮੁਵਾਵੋ।*
*ਲੌਤੀ ਕੋ ਪਾਣੀ ਮਗਰੀਂ ਪਰ ਚੜ੍ਹਾਵੋ।*
*ਵਹੁਆਦ-ਸਿਪਾਹੀ ਮੁਗਲ ਪਠਾਨ।*
*ਹਮ ਜੱਟ ਬੂਟ ਨਾਈ ਤਰਖਾਣ।*
*ਤੁਮ ਟੋਲੇ ਸਭ ਜਾਤ ਕਮੀਨ।*
*ਹਤੇ ਜੋਊ ਸਭ ਸਸ਼ਤਰ ਹੀਨ।*

*(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੪੧)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਆਮ ਲੋਕਾਂ ਦੀ ਹੀਣ ਭਾਵਨਾ ਦੂਰ ਕਰਨ ਲਈ ਮਨੋਵਿਗਿਆਨਿਕ ਇਲਾਜ ਕੀਤਾ। ਉਹਨਾਂ ਨੇ ਸ਼ਾਂਤ ਰੂਪ ਚਰਨ ਪਾਹੁਲ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਪਾਹੁਲ ਵਿਚ ਬਦਲ ਦਿਤਾ। ਸੇਲ੍ਹੀ-ਟੋਪੀ ਨੂੰ ਹਟਾ ਕੇ ਪੱਗੜੀ ਦਸਤਾਰ ਸਜਾਉਣ ਦੀ ਪ੍ਰਥਾ ਚਲਾ ਦਿਤੀ। ਸਿਰ ਤੇ ਕੇਸ ਰੱਖਣ ਦੀ ਆਗਿਆ ਦਿਤੀ। ਹੱਥ ਵਿਚ ਲੋਹੇ ਦਾ ਕੜਾ ਪੁਵਾਇਆ। ਉਹਨਾਂ ਨੂੰ ਭਰੋਸਾ ਹੋ ਗਿਆ ਕਿ ਇਹ ਖੰਡੇ ਦਾ ਪਾਹੁਲ ਲੈ ਕੇ ਖੰਡਾ ਫੜਨ ਤੋਂ ਸੰਕੋਚ ਨਹੀਂ ਕਰਨਗੇ, '***ਖੰਡੇ ਪਾਹੁਲ ਪੀ ਖੰਡਯੋ ਨ ਟਰੇ।***'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਢੰਗ ਦੀ ਸਮਾਜ ਬਣਤਰ ਦਾ ਸੰਕਲਪ ਸਿਰਜਿਆ ਸੀ ਅਜੋਕੀ ਸੋਚ ਉਸੇ ਸੇਧ ਵਲ ਜਾ ਰਹੀ ਹੈ। ਸਮਾਜਿਕ ਸਮਤਾ, ਨਿਆਂ ਅਤੇ ਪਛੜੀਆਂ ਸ਼੍ਰੇਣੀਆਂ ਨੂੰ ਅੱਗੇ ਵਧਣ, ਸਮਾਜ ਤੇ ਰਾਜ ਵਿਵਸਥਾ ਵਿਚ ਹਿੱਸੇਦਾਰੀ ਪ੍ਰਾਪਤ ਕਰਨ ਦੇ ਜਿਹੜੇ ਸਿਧਾਂਤ ਅਜੋਕੀ ਦੁਨੀਆਂ ਦੇ ਆਦਰਸ਼ ਬਣਦੇ ਜਾ ਰਹੇ ਹਨ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਜੀਵਨ ਦ੍ਰਿਸ਼ਟੀ ਰਾਹੀਂ ਨਾ ਕੇਵਲ ਉਹਨਾਂ ਨੂੰ ਉਸਾਰਿਆ ਸਗੋਂ ਉਹਨਾਂ ਦੀ ਪ੍ਰਾਪਤੀ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿਤਾ।

ਇਸ ਬਿਰਤਾਂਤ ਨਾਲ ਸਪੱਸ਼ਟ ਹੋ ਜਾਂਦਾ ਹੈ ਕਿ ਖਾਲਸਾ ਸਾਜਨ ਦੀ ਸੱਚੇ ਪਾਤਸ਼ਾਹ ਨੂੰ ਕਿਉਂ ਲੋੜ ਪਈ।

ਭਾਵ -

*ਖ਼ਾਲਸਾ ਮੇਰੋ ਰੂਪ ਹੈ ਖ਼ਾਸ।*
*ਖ਼ਾਲਸੇ ਮਹਿ ਹੌਂ ਕਰੌਂ ਨਿਵਾਸ।*
.......................................
*ਜਬ ਲਗ ਖ਼ਾਲਸਾ ਰਹੇ ਨਿਆਰਾ।*
*ਤਬ ਲਗ ਤੇਜ ਦੀਉ ਮੈਂ ਸਾਰਾ।*

ਆਉ! ਵਿਸਾਖੀ ਦੇ ਸ਼ੁਭ ਦਿਹਾੜੇ 'ਤੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਖ਼ਾਲਸਾ ਆਦਰਸ਼ ਦੇ ਧਾਰਨੀ ਬਣੀਏ।

# ਵੈਸਾਖਿ
# ਸੰਗਰਾਂਦ - ਅਪ੍ਰੈਲ 13 (ਦਿਨ ਐਤਵਾਰ)

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥
ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥

*ਅੰਗ - ੧੩੩*

ਦਸੰਬਰ ਅਤੇ ਜਨਵਰੀ ਮਹੀਨੇ ਅਤਿ ਦੀ ਸਰਦੀ ਦੇ ਮਹੀਨੇ ਹਨ। ਫਰਵਰੀ ਅਤੇ ਮਾਰਚ ਬਸੰਤ ਰੁੱਤ ਦੇ ਮਹੀਨੇ ਮੰਨੇ ਜਾਂਦੇ ਹਨ। ਬਸੰਤ ਦੀ ਰੁੱਤ ਹਰਿਆਵਲ ਦਾ ਪ੍ਰਤੀਕ ਹੈ, ਖੇੜੇ, ਵਿਗਾਸ ਦਾ ਪ੍ਰਤੀਕ ਹੈ। ਹਰ ਪਾਸੇ ਖੇੜਾ, ਵਿਗਾਸ, ਸਰਦੀ ਤੇ ਗਰਮੀ ਦੇ ਸੁਮੇਲ ਦੀ ਸਹਿਜ ਅਵਸਥਾ ਹੈ। ਸਰਦੀ ਦਾ ਜਾਣਾ ਅਤੇ ਗਰਮੀ ਦਾ ਆਗਮਨ ਦਾ ਸੂਚਕ ਹੈ। ਇਸ ਰੁੱਤ ਵਿਚ ਫੁੱਲ ਖਿੜਦੇ ਹਨ, ਹਰਿਆਵਲ ਪੈਦਾ ਹੁੰਦੀ ਹੈ। ਨਵੇਂ ਪੱਤੇ, ਨਵੀਆਂ ਕਲੀਆਂ ਫੁੱਟਦੀਆਂ ਹਨ -

*ਦੇਖੁ ਫੂਲ ਫੂਲ ਫੂਲੇ ॥ ਅਹੰ ਤਿਆਗਿ ਤਿਆਗੇ ॥*
*ਚਰਨ ਕਮਲ ਪਾਗੇ ॥ ਤੁਮ ਮਿਲਹੁ ਪ੍ਰਭ ਸਭਾਗੇ ॥*
*ਹਰਿ ਚੇਤਿ ਮਨ ਮੇਰੇ ॥ ਰਹਾਉ ॥ ਸਘਨ ਬਾਸੁ ਕੂਲੇ ॥*
*ਇਕਿ ਰਹੇ ਸੂਕਿ ਕਠੂਲੇ ॥ ਬਸੰਤ ਰੁਤਿ ਆਈ ॥*
*ਪਰਫੂਲਤਾ ਰਹੇ ॥* *ਅੰਗ - ੧੧੮੫*

ਪਰ ਇਸ ਰੁੱਤ ਵਿਚ ਵੀ ਕਈ ਦਰਖਤ ਦੇਖੇ ਜਾਂਦੇ ਹਨ ਕਿ ਸੁੱਕੇ ਕਾਠ ਰਹਿ ਜਾਂਦੇ ਹਨ। ਕਾਰਨ ਕੀ ਹੈ? ਜਦੋਂ ਕਿ ਹਰ ਪਾਸੇ ਹਰਿਆਵਲ ਵਧ ਰਹੀ ਹੈ। ਚੇਤਿ ਮਹੀਨੇ ਦੀ ਇਹ ਹੀ ਦੇਣ ਹੈ ਕਿ ਉਹ ਹਰਿਆਵਲ ਛੱਡ ਕੇ ਜਾਂਦਾ ਹੈ।

ਤੁਖਾਰੀ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਬਖਸ਼ਿਸ਼ ਬਾਰਹ ਮਾਹਾ ਵਿਚ ਅੰਕਿਤ ਹੈ - ***ਵੈਸਾਖੁ ਭਲਾ ਸਾਖਾ ਵੇਸ ਕਰੇ॥ (ਅੰਗ-੧੧੦੮)*** ਵਿਚੋਂ ਸਪੱਸ਼ਟ ਹੋ ਰਿਹਾ ਹੈ ਕਿ ਵੈਸਾਖ ਦੋ ਸ਼ਬਦਾਂ ਦਾ ਸੁਮੇਲ ਹੈ। ਆਮ ਤੌਰ 'ਤੇ ਸ਼ਬਦ ਨੂੰ ਛੰਦੀ ਭੇਦ ਕਰਨ ਨਾਲ ਅਰਥ ਸਪੱਸ਼ਟ ਹੋ ਜਾਂਦੇ ਹਨ। ਵੈਸਾਖ ਦੋ ਸ਼ਬਦਾਂ ਦਾ ਸੁਮੇਲ ਵੇਸ+ਸਾਖ। ਦੋਨਾਂ ਸ਼ਬਦਾਂ ਦੇ ਅਰਥਾਂ ਤੇ ਨਜ਼ਰਸਾਨੀ ਕੀਤਿਆਂ ਅਰਥ ਆਪ-ਮੁਹਾਰੇ ਸਪੱਸ਼ਟ ਹੋ ਜਾਂਦੇ ਹਨ। ਵੇਸ ਦਾ ਅਰਥ ਹੈ ਪਹਿਰਾਵਾ ਅਤੇ ਸਾਖ ਦਾ ਅਰਥ ਹੈ ਟਾਹਣੀ ਜਾਂ ਸ਼ਾਖ। ਭਾਵ ਟਾਹਣੀਆਂ ਨੇ ਪੱਤਿਆਂ ਦਾ, ਹਰਿਆਵਲ ਦਾ ਵੇਸ ਧਾਰਨ ਕਰ ਲਿਆ ਹੈ। ਹਰ ਦਰਖਤ ਦੀ ਪਛਾਣ ਅਕਸਰ ਉਸ ਦੇ ਪੱਤਿਆਂ ਤੋਂ ਹੁੰਦੀ ਹੈ। ਪੱਤੇ ਨੂੰ ਦੇਖ ਕੇ ਹੀ ਪਤਾ ਲਗਦਾ ਹੈ ਕਿ ਅਮਰੂਦ, ਸ਼ਹਿਤੂਤ, ਅੰਬ ਜਾਂ ਕੇਲਾ ਆਦਿ ਦਾ ਦਰਖਤ ਹੈ। ਵੈਸਾਖਿ ਦੇ ਮਹੀਨੇ ਵਿਚ ਪੱਤੇ ਆਉਣੇ ਜਾਂ ਹਰਿਆਵਲ ਛਾ ਜਾਣੀ ਇਸ ਵਾਸਤੇ ਸ਼ਰਤ ਹੈ ਕਿ ਉਹ ਆਪਣੇ ਮੂਲ ਨਾਲ ਜੁੜੇ ਹੋਣ। ਇਸ ਦੇ ਵਿਪਰੀਤ ਜੇ ਸ਼ਾਖਾ ਨੂੰ ਦਰਖਤ ਨਾਲੋਂ ਕੱਟ ਦਿਤਾ ਜਾਵੇ ਤਾਂ ਕਦਾਚਿਤ ਵੀ ਉਹ ਹਰੀ ਭਰੀ ਨਹੀਂ ਰਹਿ ਸਕਦੀ। ਭਾਵੇਂ ਪੱਤਝੜ ਰੁੱਤ ਵਿਚ ਬਾਹਰੋਂ ਪੱਤੇ

ਸੁੱਕ ਜਾਂਦੇ ਹਨ ਪਰ ਅੰਦਰ ਟਾਹਣੀ ਦੇ ਰਸ ਹੁੰਦਾ ਹੈ। ਤਾਂ ਹੀ ਸਮਾਂ ਆਉਣ 'ਤੇ ਉਹ ਫਿਰ ਹਰੀਆਂ ਭਰੀਆਂ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਸਮੁੱਚਾ ਸੰਸਾਰ ਸਾਖਾਵਾਂ ਦੀ ਤਰ੍ਹਾਂ ਹੈ ਤੇ ਪ੍ਰਮੇਸ਼ਰ ਸਭਨਾਂ ਦੀ ਜਿੰਦ ਜਾਨ ਪੇਡ ਰੂਪੀ ਹੈ –

*ਤੂੰ ਪੇਡੁ ਸਾਖ ਤੇਰੀ ਫੂਲੀ ॥*
*ਤੂੰ ਸੂਖਮੁ ਹੋਆ ਅਸਥੂਲੀ ॥* *ਅੰਗ – ੧੦੨*

ਭਾਵ –

*ਸੂਛਮ ਤੇ ਸੂਛਮ ਕਰ ਚੀਨੇ*
*ਬ੍ਰਿੱਧਨ ਬ੍ਰਿੱਧ ਬਤਾਏ॥* *ਦਸਮ ਗ੍ਰੰਥ*

ਜੋ ਸ਼ਾਖਾਵਾਂ ਭਾਵ ਜੀਵ ਆਤਮਾਵਾਂ ਪ੍ਰਮੇਸ਼ਰ ਨਾਲ ਜੁੜੀਆਂ ਰਹਿੰਦੀਆਂ ਹਨ ਉਹ ਹਰੀਆਂ ਭਰੀਆਂ ਖੇੜੇ ਵਿਗਾਸ ਵਿਚ ਰਹਿੰਦੀਆਂ ਹਨ। ਜੋ ਆਪਣੇ ਮੂਲ ਪ੍ਰਮਾਤਮਾ ਤੋਂ ਟੁੱਟ ਜਾਂਦੀਆਂ ਹਨ ਉਥੇ ਖੁਸ਼ਕੀ ਛਾ ਜਾਂਦੀ ਹੈ –

*ਹਰਿ ਬਿਸਰਤ ਸਦਾ ਖੁਆਰੀ ॥* *ਅੰਗ – ੭੧੧*

ਜੋ ਉਸ ਪ੍ਰਮੇਸ਼ਰ ਨਾਲ ਜੁੜੇ ਹਨ ਉਹ ਸਦਾ ਹੀ ਤਰ ਹਨ। ਕਦੇ ਵੀ ਹਰਿਆਵਲ ਖਤਮ ਨਹੀਂ ਹੁੰਦੀ। ਸੂਰਜ ਦੀ ਭਾਵ ਵੈਸਾਖ ਦੀ ਤਪਸ਼ ਅਸਰ ਨਹੀਂ ਕਰਦੀ। ਇਸੇ ਵੀਚਾਰ ਨੂੰ ਮੁਖ ਰਖਦੇ ਸੱਚੇ ਪਾਤਸ਼ਾਹ ਪੰਜਵੇਂ ਸਤਿਗੁਰੂ ਨੇ 'ਵੈਸਾਖਿ' ਮਹੀਨੇ ਦੀ ਆਰੰਭਤਾ ਵਿਚ ਬਖਸ਼ਿਸ਼ ਕੀਤੀ ਹੈ –

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥

ਆਪਣੇ ਮੂਲ ਨਾਲੋਂ ਟੁੱਟ ਕੇ ਸਾਖਾਵਾਂ ਅੰਦਰੋਂ ਵੀ ਖੁਸ਼ਕ ਤੇ ਬਾਹਰੋਂ ਵੀ ਹਰਿਆਵਲ ਖਤਮ ਹੋ ਜਾਣ ਤੇ ਕਿਵੇਂ ਤਰ ਹੋ ਸਕਦੀਆਂ ਹਨ ਭਾਵ ਕਿਵੇਂ ਧੀਰਜ ਧਾਰਨ ਕਰ ਸਕਦੀਆਂ ਹਨ। ਹੁਣ ਤੜਫਦੀਆਂ ਹਨ ਤੇ ਮਹਿਸੂਸ ਕਰਦੀਆਂ ਹਨ ਕਿ ਮਾਇਆ ਨੇ ਅੰਦਰ ਦਾ ਰਸ ਖਤਮ ਕਰ ਦਿਤਾ ਤੇ ਫਿਰ ਆਪਣੇ ਮੂਲ ਨਾਲ ਜੁੜ ਕੇ ਕਿਵੇਂ ਰਸ ਪ੍ਰਾਪਤ ਹੋਵੇ –

ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥

ਇਹੋ ਜਿਹੇ ਸਮੇਂ ਸੰਸਾਰਿਕ ਮੋਹ ਮਾਇਆ ਰੂਪੀ ਰਿਸ਼ਤੇ ਸਾਥ ਨਹੀਂ ਦੇ ਸਕਦੇ ਭਾਵ ਮਨ ਨੂੰ ਸ਼ਾਂਤੀ ਤੇ ਤ੍ਰਿਪਤੀ ਦੇਣ ਦੇ ਸਾਜ਼ਗਰ ਨਹੀਂ ਹਨ। ਐਸੇ ਸਮੇਂ ਕੇਵਲ ਪ੍ਰਮੇਸ਼ਰ ਪ੍ਰੀਤਮ ਹੀ ਹੈ ਜੋ ਸਾਥ ਨਿਭਦਾ ਹੈ। ਬਸ਼ਰਤੇ ਉਸ ਦੇ ਨਾਲ ਜੁੜੇ ਰਹੀਏ।

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥

ਸੰਸਾਰ ਵਿਚ ਰਹਿ ਕੇ ਸੰਸਾਰਿਕ ਬਣ ਕੇ, ਝੂਠੇ ਮੋਹ ਵਿਚ ਫਸ ਕੇ ਬਹੁਤਾਤ ਜੀਵ ਟੁੱਟ ਰਹੇ ਹਨ–

*ਝੂਠੈ ਲਾਲਚਿ ਲਾਗਿ ਕੈ ਨਹਿ ਮਰਣੁ ਪਛਾਨਾ ॥*
*ਅੰਗ – ੭੨੬*

ਇਕ ਨਹੀਂ ਅਣਗਿਣਤ ਜਨਮ ਏਸ ਮੋਹ ਮਾਇਆ ਵਿਚ ਫਸ ਕੇ ਅਜਾਈਂ ਗਵਾ ਦਿਤੇ।

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥* *ਅੰਗ – ੨੬੮*

ਇਕ ਸੇਵਾ ਸਿਮਰਨ ਹੀ ਹੈ ਜੋ ਨਾਲ ਨਿਭਣਾ ਹੈ। ਗੁਰੂ ਦੀ ਪ੍ਰੀਤ ਹੀ ਹੈ ਜੋ ਜੀਵ ਦਾ ਤੋਸਾ ਬਣ ਸਹਾਈ ਹੁੰਦੀ ਹੈ। ਭਾਵ –

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥*
*ਜਹ ਮਹਾ ਭਇਆਨ ਦੂਤ ਜਮ ਦਲੈ ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥* *ਅੰਗ – ੨੬੪*

ਇਕ ਨਾਮ ਹੈ ਜੋ ਰੂਹ ਦੀ ਖੁਰਾਕ ਵੀ ਹੈ ਤੇ ਰੂਹ ਦੇ ਨਾਲ ਨਿਭਦੀ ਹੈ। ਇਹ ਐਸਾ ਧਨ ਹੈ ਜੋ ਨਾ ਖੋਹਿਆ ਜਾਂਦਾ ਹੈ, ਨਾ ਹੀ ਲੁੱਟਿਆ ਜਾਂਦਾ ਹੈ–

*ਇਹੁ ਧਨੁ ਅਖੁਟੁ ਨ ਨਿਖੁਟੈ ਨ ਜਾਇ ॥*
*ਪੂਰੈ ਸਤਿਗੁਰਿ ਦੀਆ ਦਿਖਾਇ ॥* *ਅੰਗ – ੬੬੩*

ਭਾਵ –

*ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ*
*ਇਹੁ ਹਰਿ ਧਨੁ ਅਗਨੀ ਤਸਕਰੈ*
*ਪਾਣੀਐ ਜਮਦੂਤੈ ਕਿਸੈ ਕਾ ਗਵਾਇਆ ਨ ਜਾਈ ॥*
*ਅੰਗ – ੭੩੪*

ਤਾਹੀਂ ਅੰਤਿਮ ਅਰਦਾਸ ਵੇਲੇ ਭਾਈ ਸਾਹਿਬ ਗ੍ਰੰਥੀ ਸਾਹਿਬਾਨ ਅਰਦਾਸ ਵਿਚ ਬੇਨਤੀ ਕਰਦੇ ਹਨ ਕਿ ਸੱਚੇ ਪਾਤਸ਼ਾਹ! ਜੀਵ ਦੇ ਨਮਿੱਤ ਆਪ ਜੀ ਦੀ ਬਾਣੀ ਦੇ ਪਾਠ ਹੋਏ ਹਨ, ਪਵਿੱਤਰ ਬਾਣੀ ਦੇ ਕੀਰਤਨ ਹੋਏ ਹਨ, ਗੁਰੂ ਕੇ ਲੰਗਰ ਚਲੇ ਹਨ ਸਭਨਾਂ ਦਾ ਮਹੱਤਵ ਵਿਛੜੀ ਹੋਈ ਰੂਹ ਨੂੰ ਪਹੁੰਚਾਉਣਾ। ਉਥੇ ਇਹ ਕਦੇ ਨਹੀਂ ਕਿਹਾ ਜਾਂਦਾ ਕਿ ਜੋ ਧਨ ਦੌਲਤ, ਜਮੀਨ, ਜਾਇਦਾਦ, ਕਾਰੋਬਾਰ ਵਧਾਏ ਹਨ ਉਨ੍ਹਾਂ ਦਾ ਮਹੱਤਵ ਵਿਛੜੀ ਹੋਈ ਰੂਹ ਨੂੰ ਜਾਵੇ। ਇਹ ਸਭਨਾਂ ਨੂੰ ਪਤਾ ਹੈ ਕਿ ਦੁਨਿਆਵੀ ਪਦਾਰਥਾਂ ਤੋਂ ਕੁਝ ਵੀ ਰੂਹ ਦੇ ਨਾਲ ਨਹੀਂ ਜਾ ਸਕਦਾ। ਤਾਂ ਹੀ ਸਤਿਗੁਰੂ ਜੀ ਨੇ ਤਾਗੀਦ ਕੀਤੀ ਹੈ ਕਿ ਐਸੇ ਸਮੇਂ ਸਿਰਫ ਕਥਾ ਕੀਰਤਨ ਹੀ ਫਲਦਾਇਕ ਤੇ ਸਹਾਇਕ ਹੈ –

*ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ*

*ਕਰਿਅਹੁ ਨਿਰਬਾਣੁ ਜੀਉ ॥*
*ਕੇਸੋ ਗੋਪਾਲ ਪੰਡਿਤ ਸਦਿਅਹੁ*
*ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ ॥ ਅੰਗ - ੯੨੩*

ਮਹਾਰਾਜ ਤਾਗੀਦ ਕਰਦੇ ਬਖਸ਼ਿਸ਼ ਕਰਦੇ ਹਨ ਕਿ -

*ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥*
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥

ਭਾਵ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥ ਅੰਗ - ੨੬੪*

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥*
*ਜਿਹ ਪੈਡੈ ਮਹਾ ਅੰਧ ਗੁਬਾਰਾ ॥*
*ਹਰਿ ਕਾ ਨਾਮੁ ਸੰਗਿ ਉਜੀਆਰਾ ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥ ਅੰਗ - ੨੬੪*

ਹੁਣ ਸੱਚੇ ਪਾਤਸ਼ਾਹ ਅਰਦਾਸ ਵਿਚ ਜੁੜਨ ਦੀ ਪ੍ਰੇਰਨਾ ਦਿੰਦੇ ਹਨ -

ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥

ਸੱਚੇ ਪਾਤਸ਼ਾਹ! ਦੁਨੀਆਵੀ ਪਦਾਰਥ ਨਾਸ਼ਮਾਨ ਹਨ। ਰੂਹ ਦੇ ਨਾਲ ਨਿਭਣ ਵਾਲੇ ਨਹੀਂ ਹਨ। ਕੇਵਲ ਤੇਰਾ ਹੀ ਪਿਆਰ ਹੈ ਜੋ ਮਿਲਾਪ ਕਰਾਉਣ ਦੇ ਸਮਰੱਥ ਹੈ। ਅਰਦਾਸ ਹੈ ਕਿ ਆਪਣਾ ਮਿਲਾਪ ਬਖਸ਼ੋ।

ਸਤਿਗੁਰੂ ਦਾ ਬਿਰਧ ਹੈ ਕਿ ਉਹ ਆਪਣੇ ਪਿਆਰਿਆਂ ਨੂੰ ਮੇਲ ਲੈਂਦੇ ਹਨ -

*ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥*
*ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥*
*ਅੰਗ- ੯੫੭*

ਹੁਣ ਆਖਰੀ ਤੁੱਕ ਵਿਚ ਸੱਚੇ ਪਾਤਸ਼ਾਹ ਬਖਸ਼ਿਸ਼ ਕਰ ਰਹੇ ਹਨ ਕਿ -

ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥

ਪਹਿਲੀ ਆਰੰਭਤਾ ਦੀ ਤੁਕ ਵਿਚ ਵੀ ਵੈਸਾਖ ਦਾ ਜ਼ਿਕਰ ਹੈ ਤੇ ਹੁਣ ਆਖਰੀ ਤੁਕ ਵਿਚ ਵੀ ਵੈਸਾਖ ਦੀ ਵਿਚਾਰ ਹੈ। ਭਾਵ ਪਹਿਲਾਂ ਜਿਵੇਂ ਸਾਖਾ ਮੂਲ ਨਾਲੋਂ ਟੁੱਟ ਜਾਂਦੀ ਹੈ, ਕਿਵੇਂ ਧੀਰਜ ਧਰਦੀ ਹੈ। ਹੁਣ ਜੋ ਸਾਖਾ ਮੂਲ ਨਾਲ ਜੁੜ ਜਾਂਦੀ ਹੈ ਉਹ ਹਰੀ ਭਰੀ ਹੋ ਕੇ ਸੁਹਾਵਣੀ ਹੋ ਜਾਂਦੀ ਹੈ। ***'ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥ '*** ਸੋ ਵੈਸਾਖ ਉਨ੍ਹਾਂ ਲਈ ਸੁਹਾਵਣਾ ਹੈ ਜਿਨ੍ਹਾਂ ਨੂੰ ਪ੍ਰੀਤਮ ਦਾ ਮਿਲਾਪ ਹੋ ਗਿਆ ਹੈ।

ਸੋ ਬਾਰਹ ਮਾਹਾ ਰਾਹੀਂ ਸੱਚੇ ਪਾਤਸ਼ਾਹ ਬਖਸ਼ਿਸ਼ ਕਰ ਰਹੇ ਹਨ ਕਿ ਟੁੱਟਣ ਵਿਚ ਦੁਖ ਹਨ, ਖੁਸ਼ਕੀ ਹੈ, ਮਿਲਾਪ ਵਿਚ ਸੁਖ ਹਨ, ਖੇੜਾ ਹੈ, ਵਿਗਾਸ ਹੈ। ਸੋ ਅਰਦਾਸ ਹੈ ਸਭਨਾਂ ਨੂੰ ਮਿਲਾਪ ਪ੍ਰਾਪਤ ਹੋਵੇ।

*ਦੇਹੁ ਸਜਣ ਆਸੀਸੜੀਆ*
*ਜਿਉ ਹੋਵੈ ਸਾਹਿਬ ਸਿਉ ਮੇਲੁ॥ ਅੰਗ - ੧੫੮*

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਤਾਂ ਇਹ ਸਾਡੇ ਕਿਸੇ ਵੀ ਵਿਤਰਨ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

# ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਸ਼ਾਨ –.......................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*

*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - ੨੮੯*

*ਧਾਰਨਾ - ਗੁਰੂ ਗੋਬਿੰਦ ਸੂਰਾ ਜੀ,*
*ਸਤਿਗੁਰ ਪੁਰਖ ਅਗੰਮ ਰੂਪ।*

*ਪ੍ਰਾਨ ਮੀਤ ਪਰਮਾਤਮਾ ਪੁਰਖੋਤਮ ਪੂਰਾ।*
*ਪੋਖਨਹਾਰਾ ਪਾਤਿਸਾਹ ਹੈ ਪ੍ਰਤਿਪਾਲਨ ਊਰਾ।*
*ਪਤਿਤ ਉਧਾਰਨ ਪ੍ਰਾਨਪਤਿ ਸਦ ਸਦਾ ਹਜੂਰਾ।*
*ਵਹ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰ ਗੋਬਿੰਦ ਸੂਰਾ।*
*ਅਨਦ ਬਿਨੋਦੀ ਜੀਅ ਜਪਿ ਸਚੁ ਸਚੀ ਵੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।*

*ਭਾਈ ਗੁਰਦਾਸ ਜੀ, ਵਾਰ ੪੧/੧੪*

ਸਾਧਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮੁ ਸ੍ਰੀ ਵਾਹਿਗੁਰੂ। ਆਪ ਨੇ ਹੁਣੇ-ਹੁਣੇ ਸੰਤ ਬਾਬਾ ਬਲਵੰਤ ਸਿੰਘ ਜੀ ਰਾੜਾ ਸਾਹਿਬ ਵਾਲੇ, ਜਿਨ੍ਹਾਂ ਦੀ ਸਾਰੀ ਜ਼ਿੰਦਗੀ ਤਤਿਕਸ਼ਾ ਦਾ ਰੂਪ ਬਣੀ ਹੋਈ ਹੈ, ਨਿਸ਼ਕਾਮਤਾ ਦੇ ਨਾਲ ਸੇਵਾ ਕਰਦੇ ਨੇ, ਸੰਗਤਾਂ ਦੇ ਨਾਲ ਪਿਆਰ ਬਹੁਤ ਹੈ। ਮੇਰੇ ਨਾਲ ਵੀ ਇਨ੍ਹਾਂ ਦਾ ਬਹੁਤ ਪਿਆਰ ਹੈ, ਮੈਂ ਰਿਣੀ ਹਾਂ ਇਨ੍ਹਾਂ ਦਾ। ਸਾਰੇ ਕੰਮ ਛੱਡ ਕੇ ਆਪ ਦੇ ਦਰਸ਼ਨ ਕਰਨ ਵਾਸਤੇ, ਦਰਸ਼ਨ ਦੇਣ ਵਾਸਤੇ, ਬਚਨ ਸੁਣਾਉਣ ਵਾਸਤੇ ਇਥੇ ਪਹੁੰਚੇ ਨੇ। ਆਪ ਨੇ ਬੜੀ ਕ੍ਰਿਪਾ ਕੀਤੀ ਹੈ। ਬਚਨਾਂ ਨੂੰ ਕੋਈ ਹਿਰਦੇ ਵਿਚ ਧਾਰ ਲਵੇ ਐਨੇ ਨਾਲ ਹੀ ਉਹਨਾਂ ਦਾ ਕਲਿਆਣ ਹੋ ਸਕਦੈ। ਤਪਸਿਆ, ਤਿਆਗ ਦੀ ਮੂਰਤ ਨੇ। ਮੇਰਾ ਖਿਆਲ ਹੈ ਕਿ ਮੈਂ ਪਹਿਲਾਂ-ਪਹਿਲਾਂ ਜਾਣਦਾ ਸੀ ਕਿ ਆਪ 9-10 ਸਾਲ ਇਕ ਪੀੜ੍ਹੀ 'ਤੇ ਹੀ ਬੈਠੇ ਰਹਿੰਦੇ ਸੀ। ਮੰਜੇ 'ਤੇ ਨਹੀਂ ਸੀ ਪੈਂਦੇ। ਬੜੀ ਤਪੱਸਿਆ ਹੈ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਨਾਲ ਮੇਰੀ ਗੱਲਬਾਤ ਚੱਲੀ ਕਿ ਮਹਾਰਾਜ ਤੁਹਾਡਾ ਜੀਵਨ ਲਿਖਣ ਵਾਸਤੇ ਮੇਰੇ ਕੋਲ ਚਿੱਠੀ ਆਈ ਹੈ। ਦਿੱਲੀ ਦਾ ਕੋਈ ਪ੍ਰੇਮੀ ਹੈ। ਕਹਿੰਦੇ, ਸੰਤਾਂ ਦੇ ਜੀਵਨ ਨੂੰ ਆਮ ਲੋਕ ਕੀ ਜਾਣਦੇ ਨੇ। ਮੇਰੇ ਮੂੰਹੋਂ ਨਿਕਲਿਆ ਕਿ ਮਹਾਰਾਜ ਜੀ! ਸਾਨੂੰ ਪਤਾ ਹੀ ਹੈ ਕਿ ਤੁਸੀਂ ਫਲਾਣੇ-ਫਲਾਣੇ ਨੂੰ ਮਿਲੇ, ਫਲਾਣੇ ਥਾਉਂ ਗਏ, ਨੋਟਸ ਵੀ ਰੱਖੇ ਹੋਏ ਨੇ, ਪ੍ਰੋਗਰਾਮਾਂ ਦੀਆਂ ਡਾਇਰੀਆਂ ਤੋਂ ਪਤਾ ਲਗ ਜਾਂਦਾ ਹੈ। ਕਹਿੰਦੇ, ਨਹੀਂ ਇਹ ਮਹਾਂਪੁਰਸ਼ਾਂ ਦਾ ਜੀਵਨ ਨਹੀਂ ਹੁੰਦਾ। ਇਹ ਤਾਂ ਆਮ ਘਟਨਾਵਾਂ ਨੇ। ਮਹਾਂਪੁਰਸ਼ਾਂ ਦਾ ਜੀਵਨ ਹੁੰਦੈ, ਅੰਦਰਲੀ ਖੇਡ। ਮੈਂ ਹੋਰ ਬੇਨਤੀ ਕਰੀ ਤਾਂ ਕਿ ਪਤਾ ਲਗ ਜਾਵੇ। ਰੂਹਾਨੀ ਗੱਲਾਂ ਤੋਂ ਇਲਾਵਾ ਉਹਨਾਂ ਨੇ ਇਕ ਬਚਨ ਕਰਿਆ ਕਿ ਸਾਡਾ ਕਿਸੇ ਨੂੰ ਵੀ ਨਹੀਂ ਪਤਾ ਕਿ ਅਸੀਂ 9 ਸਾਲ ਧਰਤੀ ਨਾਲ ਪਿੱਠ ਨਹੀਂ ਲਾਈ। ਬਿਸਤਰਾ ਵਿਛ ਜਾਂਦਾ ਸੀ, ਚਾਦਰਾਂ ਬਦਲ ਜਾਂਦੀਆਂ ਸੀ, ਅਸੀਂ ਇਕ ਸਫ 'ਤੇ ਬੈਠ ਕੇ ਪੂਰੀ ਰਾਤ ਗੁਜ਼ਾਰਦੇ ਸੀ। ਅਸੀਂ ਨਹੀਂ ਕਦੇ ਵੀ ਪਿੱਠ ਲਾਈ। ਸੋ ਬੜੀ ਵੱਡੀ ਬਾਤ ਹੈ, ਇਹਨਾਂ ਨੂੰ ਵੀ ਮਹਾਰਾਜ ਨੇ ਐਸੀ ਸ਼ਕਤੀ ਦਿਤੀ ਹੈ ਕਿ ਲੰਗਰ ਦੇ ਅੰਦਰ ਇਕ ਪੀੜ੍ਹੇ 'ਤੇ ਹੀ ਬੈਠ ਕੇ ਹੀ ਆਪ ਦਿਨ ਰਾਤ ਕੱਟ ਲੈਂਦੇ ਨੇ। ਤਿਆਗ ਦੀ ਮੂਰਤ ਹਨ, ਨਾਮ ਦੀ ਸਾਖਸ਼ਾਤ ਮੂਰਤ ਹਨ। ਸਹੀ ਮਾਇਨਿਆਂ ਵਿਚ ਸਾਧੂ ਹਨ, ਸੰਤ ਹਨ। ਦੁਨੀਆਂ ਦੀ ਚਲਾਕੀ ਨੂੰ ਜਾਣਦੇ ਹੀ ਨਹੀਂ ਕਿ ਕੀ ਹੁੰਦੀ ਹੈ। ਸੇਵਾ ਹੀ ਸੇਵਾ ਹਰ ਵਕਤ। ਸੋ ਧੰਨ ਭਾਗ ਨੇ ਸਾਡੇ ਕਿ ਇਹਨਾਂ ਦੇ ਦਰਸ਼ਨ ਹੋਏ।

ਸੋ ਗੁਰੂ ਦਸਵੇਂ ਪਾਤਸ਼ਾਹ ਬਾਰੇ ਆਪ ਨੇ ਹੋਰ ਬੁਲਾਰਿਆਂ ਤੋਂ ਵੀ ਸੁਣਿਆ ਹੈ ਕਿ ਆਪ ਹੇਮਕੁੰਟ ਸਾਹਿਬ ਤੋਂ ਪਹਿਲੇ ਜਨਮ ਦੇ ਅੰਦਰ ਪ੍ਰਮੇਸ਼ਰ ਦਾ ਰੂਪ ਬਣੇ ਹੋਏ। ਅਭੇਦ ਅਵਸਥਾ ਦੇ ਵਿਚ ਪੂਰਨ ਤੌਰ ਦੇ ਉਤੇ ਲੀਨ ਹੋਏ-ਹੋਏ, ਆਪ ਨੂੰ ਅਗੰਮ ਦੇ ਵਿਚੋਂ ਹੁਕਮ ਹੁੰਦੈ ਸੰਸਾਰ 'ਤੇ ਜਾਣ ਦਾ। ਲੇਕਿਨ ਉਹ ਜੋ ਮਹਾਂ ਅਨੰਦ ਸੀ, ਜਿਸ ਦੇ ਬਾਰੇ ਕੋਈ ਜਾਣ ਹੀ ਨਹੀਂ ਸਕਦਾ, ਉਹਦੇ ਲੈਵਲ ਬਾਰੇ ਕਿ

ਕਿੰਨਾ ਅਨੰਦ ਹੋਣੈ, ਮਹਾਰਾਜ ਕਹਿੰਦੇ ਕਿ –

*ਚਿਤ ਨਾ ਭਯੋ ਹਮਰਾ ਆਵਨ ਕਉ।*
*ਮੇਰਾ ਚਿੱਤ ਨਹੀਂ ਸੀ ਕਰਦਾ –*
*ਚੁਭੀ ਰਹੀ ਸੁਰਤ ਪ੍ਰਭ ਚਰਨਨ ਮਹਿ।*

ਪਰ ਪ੍ਰਮੇਸ਼ਰ ਨੇ ਮੈਨੂੰ ਸਾਰੀਆਂ ਗੱਲਾਂ ਦਸੀਆਂ, ਕਿਉਂਕਿ ਵਾਹਿਗੁਰੂ ਦੀ ਇਹ ਇਕੱਲੀ ਧਰਤੀ ਹੀ ਨਹੀਂ ਹੈ। ਕਰੋੜਾਂ ਬ੍ਰਹਿਮੰਡ, ਕਰੋੜਾਂ ਧਰਤੀਆਂ, ਕਰੋੜਾਂ ਜਗਿਆਸੂ, ਕਰੋੜਾਂ ਭਗਤ, ਗਿਣਤੀ ਮਿਣਤੀ ਤੋਂ ਬਾਹਰ ਉਹਨਾਂ ਦਾ ਪਸਾਰਾ ਹੈ, ਪਰ ਉਹ ਹਰ ਥਾਂ ਦੀ ਸਾਰ ਲੈਂਦੈ। ਇਕ ਐਸਾ ਵੀ ਮੱਤ ਹੈ ਮਹਾਂਪੁਰਸ਼ਾਂ ਦਾ ਕਿ ਜਿਸ ਵਕਤ ਕੋਈ ਆਉਂਦਾ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਇਕੱਲੇ ਇਸ ਧਰਤੀ 'ਤੇ ਨਹੀਂ ਆਏ, ਜਿੰਨੀਆਂ ਵੀ ਧਰਤੀਆਂ ਨੇ ਸਾਰੀਆਂ ਦੇ ਉਤੇ ਉਹਨਾਂ ਨੂੰ ਆਉਣਾ ਪਿਆ। ਸ੍ਰੀ ਗੁਰੂ ਨਾਨਕ ਪਾਤਸ਼ਾਹ ਜਦੋਂ ਬਗਦਾਦ ਗਏ, ਲੱਖਾਂ ਪਤਾਲਾ, ਲੱਖਾਂ ਅਕਾਸ਼ਾਂ ਦਾ ਦ੍ਰਿਸ਼ ਦਿਖਾਉਣ ਦੇ ਵਾਸਤੇ ਪੀਰ ਦਸਤਗੀਰ ਦੇ ਲੜਕੇ ਨੂੰ ਜਦੋਂ ਨਾਲ ਲੈ ਕੇ ਜਾਂਦੇ ਨੇ, ਤਾਂ ਉਹ ਹੈਰਾਨ ਹੁੰਦੈ ਕਿ ਜਿਸ ਮੰਡਲ ਵਿਚ ਮੈਂ ਜਾਂਦਾ ਹਾਂ, ਉਥੇ ਹੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਸਿੱਖੀ ਹੈ। ਜਿਥੇ ਮੈਂ ਜਾਂਦਾ ਹਾਂ ਉਥੇ ਹੀ ਸਤਿਸੰਗ ਹੈ। ਪ੍ਰਸ਼ਾਦ ਲੈਂਦਾ ਗਿਆ ਤੇ ਇਕ ਕਚਕੌਲ ਭਰ ਗਿਆ, ਥੋੜ੍ਹੇ ਜਿਹੇ ਅਕਾਸ਼ਾਂ ਦੇ ਵਿਚੋਂ। ਆ ਕੇ ਉਸ ਨੇ ਕਿਹਾ ਕਿ ਅੱਬਾ ਜਾਨ! ਇਹ ਖੁਦਾ ਆਪ ਹੈ। ਐਡਾ ਉਹਦੇ ਉਤੇ ਅਸਰ ਹੋਇਆ, 36 ਸਾਲ ਉਸ ਚਬੂਤਰੇ ਵਲ ਮੂੰਹ ਕਰਕੇ ਬੈਠਾ ਰਿਹਾ, ਜਿਥੇ ਸ੍ਰੀ ਗੁਰੂ ਨਾਨਕ ਸਾਹਿਬ ਮਹਾਰਾਜ ਬਿਰਾਜੇ ਸਨ। ਉਹਦੇ ਸਾਮ੍ਹਣੇ ਇਕ ਸਿਲਾਲੇਖ ਲੱਗੀ ਹੋਈ ਸੀ, ਅਰਬੀ 'ਚ। ਉਹਦੇ ਉਤੇ ਲਿਖਿਆ ਹੋਇਆ ਸੀ ਕਿ ਮੈਂ ਖੁਦਾ ਦਾ, ਮਨੁੱਖ ਰੂਪ ਵਿਚ ਦਰਸ਼ਨ ਕਰਕੇ, ਇਨ੍ਹਾਂ ਅੱਖਾਂ ਦੇ ਨਾਲ ਹੋਰ ਕੋਈ ਦਰਸ਼ਨ ਨਹੀਂ ਕਰਨਾ ਚਾਹੁੰਦਾ। 36 ਸਾਲ ਦਿਨ ਰਾਤ ਉਥੇ ਬੈਠ ਕੇ, ਚੌਂਤਰੇ ਦੇ ਸਾਮ੍ਹਣੇ ਬੈਠ ਕੇ ਗੁਜ਼ਾਰੇ ਉਸ ਨੇ। ਭਾਈ ਗੁਰਦਾਸ ਜੀ ਦੇ ਲਿਖਣ ਦੇ ਮੁਤਾਬਿਕ ਫੇਰ ਸਾਰੇ ਬ੍ਰਹਿਮੰਡਾਂ ਵਿਚ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਸਿੱਖੀ ਸੀ। ਸੋ ਇਸੇ ਤਰ੍ਹਾਂ ਦੇ ਨਾਲ ਬਹੁਤ ਵੱਡਾ ਕਾਰਜ ਗੁਰੂ ਦਸ਼ਮੇਸ਼ ਪਿਤਾ ਦੇ ਸਾਮ੍ਹਣੇ ਰੱਖਿਆ ਗਿਆ, ਜੋ ਆਪ ਨੇ ਨੇਪਰੇ ਚਾੜ੍ਹਿਆ। ਬੜੀਆਂ ਵਿਚਾਰਾਂ ਸੁਣਦੇ ਹਾਂ ਲੇਕਿਨ ਗੁਰੂ ਦਸਵੇਂ ਪਾਤਸ਼ਾਹ ਦੇ ਜੀਵਨ ਨੂੰ ਵਿਚਾਰਨ ਨੂੰ ਕੋਈ ਸਮਰੱਥ ਨਹੀਂ ਹੈ। ਇਹ ਗੱਲ ਚੱਲ ਰਹੀ ਸੀ। ਭੀਖਣਸ਼ਾਹ ਨੂੰ ਪਤਾ ਲੱਗਿਆ ਲੇਕਿਨ ਇਸ ਤੋਂ ਵੀ ਪਹਿਲਾਂ ਅੰਜੀਲ ਦੇ ਅੰਦਰ ਦੋ ਬਚਨ ਆਉਂਦੇ ਨੇ। ਈਸਾ ਜੀ ਭਜਨ ਵਿਚੋਂ ਉੱਠੇ, ਕਹਿਣ ਲੱਗੇ, ਮੈਂ ਅੱਜ ਇਕ ਮਹਾਂ ਪ੍ਰਕਾਸ਼ ਦੇਖਿਆ। ਮੈਂ ਇਕ ਬਹੁਤ ਵੱਡੀ ਬਾਤ ਦੇਖੀ ਹੈ ਕਿ ਅਕਾਸ਼ਾਂ ਦੇ ਵਿਚੋਂ 17 ਵੀਂ ਸਦੀ ਦੇ ਦਰਮਿਆਨ ਇਕ ਬਹੁਤ ਵੱਡੀ ਰੂਹ ਉਤਰ ਰਹੀ ਹੈ। ਬਹੁਤ ਵੱਡੇ ਮਹਾਂਪੁਰਸ਼ ਉਤਰ ਰਹੇ ਨੇ। ਜੋ ਘੋੜੇ 'ਤੇ ਸਵਾਰ ਨੇ, ਕੇਸ ਰੱਖੇ ਹੋਏ ਨੇ। ਦਾੜ੍ਹਾ ਰੱਖਿਆ ਹੋਇਆ ਹੈ, ਮੋਢੇ ਉਤੇ ਧਨੁਸ਼ ਹੈ। ਪਿੱਛੇ ਭੱਥਾ ਹੈ ਤੇ ਸ੍ਰੀ ਸਾਹਿਬ ਪਹਿਨੀ ਹੋਈ ਹੈ ਤੇ ਉਹਨੂੰ ਸੱਚਾ ਪਾਤਸ਼ਾਹ-ਸੱਚਾ ਪਾਤਸ਼ਾਹ ਕਹਿ ਕੇ ਵਿਦਾ ਕੀਤਾ ਜਾ ਰਿਹਾ ਹੈ। ਅਸਮਾਨ ਖੁਲ੍ਹ ਗਿਆ ਕਹਿਣ ਲੱਗਿਆ ਮੇਰੇ ਮੂਹਰੇ, ਸਫੈਦ ਘੋੜਾ ਹੈ ਤੇ ਸਵਾਰ ਹੈ, ਸੱਚਾ ਪਾਤਸ਼ਾਹ ਕਹਿੰਦੇ ਨੇ।

ਕਹਿਣ ਲੱਗੇ, ਕਿੱਥੇ ਪ੍ਰਗਟ ਹੋਣਗੇ? ਦੋ ਵਾਰੀ ਲਿਖਿਆ ਹੈ ਉਹਨਾਂ ਨੇ। ਉਹਨਾਂ ਨੇ ਕਿਹਾ, ਪੂਰਬ ਵਿਚ ਆ ਰਹੇ ਨੇ। ਭੀਖਣਸ਼ਾਹ ਨੂੰ ਦਰਸ਼ਨ ਹੋਏ, ਉਸ ਵੇਲੇ ਜਿਸ ਵਕਤ ਗੁਰੂ ਮਹਾਰਾਜ ਇਸ ਮੰਡਲ ਦੇ ਵਿਚ ਪ੍ਰਵੇਸ਼ ਕਰ ਰਹੇ ਸੀ। ਇਸੇ ਕਰਕੇ ਹੀ ਹੁੰਦੈ ਕਿ ਮਹਾਂਪੁਰਸ਼ਾਂ ਦਾ ਜਨਮ ਸੰਸਾਰ ਵਾਂਗਣ ਨਹੀਂ ਹੁੰਦਾ। ਉਹ ਪ੍ਰਗਟ ਹੋਇਆ ਕਰਦੇ ਨੇ। ਮਾਇਆ ਦਾ ਸਰੀਰ ਧਾਰਨ ਕਰਕੇ ਉਹ ਸਰੀਰ ਤੋਂ ਕੰਮ ਲਿਆ ਕਰਦੇ ਨੇ। ਸੋ ਇਹਨੇ ਵੀ ਜਾ ਕੇ ਜੋ ਪਰਤਿਆਵੇ ਲਏ, ਉਹ ਆਪ ਨੇ ਸਾਰਿਆਂ ਨੇ ਪਹਿਲਾਂ ਸੁਣੇ ਨੇ। ਛੋਟੀ ਉਮਰ ਵਿਚ ਵੀ ਆਪ ਨੇ ਬੜੇ ਹੀ ਅਲੌਕਿਕ, ਬਚਿੱਤ੍ਰ ਨਾਟਕ ਕਰੇ। ਭਾਰਤ ਵਰਸ਼ ਦੇ ਵਿਚ ਐਨਾ ਜ਼ੁਲਮ ਹੋ ਰਿਹਾ ਸੀ, ਔਰੰਗਜ਼ੇਬ ਦੇ ਰਾਜ ਦੇ ਵਿਚ, ਬਿਲਕੁਲ ਖੁਲ੍ਹਮ-ਖੁਲ੍ਹਾ। ਸੀ ਤਾਂ ਪਹਿਲਾਂ ਤੋਂ ਹੀ। ਕੱਲ੍ਹ ਮੈਂ ਬੇਨਤੀ ਕਰੀ ਸੀ ਪਰ ਇਸ ਦੇ ਰਾਜ 'ਚ ਤਾਂ ਹੋ ਗਿਆ ਸੀ ਕਿ ਹਿੰਦੂ ਕਿਸੇ ਵੀ ਵੱਡੇ ਅਹੁਦੇ 'ਤੇ ਨਹੀਂ ਸੀ ਰਹਿ ਸਕਦਾ, ਰਾਜਸੀ ਪਾਲਿਸੀ ਹੋ ਗਈ ਸੀ ਕਿ ਹਿੰਦੁਸਤਾਨ 'ਚ ਰਹਿਣਾ ਹੈ ਤਾਂ ਇਸਲਾਮ ਧਾਰਨ ਕਰਨਾ ਪੈਣਾ ਹੈ। ਬਾਕੀ ਜਿਹੜੇ ਨੇ ਉਹ ਮਿਟਾ ਦਿਤੇ ਜਾਣਗੇ। ਮੰਦਰ ਮਿਟਾ ਦਿਓ, ਨਵਾਂ ਮੰਦਰ ਬਣਨ ਦੀ ਇਜਾਜ਼ਤ ਬੰਦ ਹੋ ਗਈ। ਸਾਰੇ ਜ਼ੁਲਮਾਂ ਦੇ ਵਿਚੋਂ ਕਸ਼ਮੀਰ ਦੇ ਵਿਚ ਜ਼ਿਆਦਾ ਜ਼ੁਲਮ ਹੁੰਦਾ ਕਿਉਂਕਿ ਉਥੇ ਪੜ੍ਹੇ ਲਿਖੇ ਲੋਕ ਸੀ ਤੇ ਇਹਦੀ ਨੀਤੀ ਸੀ ਕਿ ਇਨ੍ਹਾਂ ਨੂੰ ਛੇਤੀ-ਛੇਤੀ ਇਸਲਾਮ ਵਿਚ ਲੈ ਆਓ। ਉਸ ਵੇਲੇ ਬੜੇ ਵਿਦਵਾਨ ਬ੍ਰਾਹਮਣਾਂ ਨੇ ਅਮਰਨਾਥ ਦੀ ਗੁਫਾ ਵਿਚ

ਜਾ ਕੇ ਤਪ ਕੀਤਾ, ਤਤਿਕਸ਼ਾ ਕੀਤੀ, ਸ਼ਿਵ ਜੀ ਮਹਾਰਾਜ ਕੋਲ ਬੇਨਤੀਆਂ ਕੀਤੀਆਂ ਕਿ ਮਹਾਰਾਜ! ਤੁਸੀਂ ਤੀਸਰਾ ਨੇਤਰ ਖੋਲ੍ਹ ਕੇ ਭਸਮ ਕਰੋ ਇਨ੍ਹਾਂ ਨੂੰ। ਬੜੀ ਬੇਹੁਰਮਤੀ ਹੋ ਰਹੀ ਹੈ, ਮੰਦਰ ਢਾਹੇ ਜਾ ਰਹੇ ਨੇ। ਅਖੀਰ ਕੋਈ ਅਵਾਜ਼ ਨਾ ਆਈ ਤਾਂ ਬਹੁਤ ਸਾਰੇ ਚੰਗੀਆਂ ਰੂਹਾਂ, ਬ੍ਰਾਹਮਣਾਂ ਨੇ ਭੁੱਖ ਹੜਤਾਲ ਕਰ ਦਿਤੀ ਉਥੇ ਕਿ ਇਥੇ ਹੀ ਪ੍ਰਾਣ ਦੇ ਦਿਓ, ਬਜਾਏ ਇਸ ਦੇ ਕਿ ਅਸੀਂ ਪਤਿਤ ਹੋ ਕੇ ਜਾਈਏ। ਅਵਾਜ਼ ਆਈ, ਕ੍ਰਿਪਾ ਰਾਮ ਨੇ ਸੁਣੀ ਕਿ ਇਸ ਵੇਲੇ ਜੋ ਤੁਹਾਡੀ ਰੱਖਿਆ ਕਰਨ ਵਾਲਾ ਹੈ, ਉਹ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਨੌਵੇਂ ਸਰੂਪ ਦੇ ਵਿਚ ਸ੍ਰੀ ਅਨੰਦਪੁਰ ਸਾਹਿਬ ਬਿਰਾਜਮਾਨ ਹੈ। ਜਾਓ, ਉਸ ਦੀ ਸ਼ਰਨ ਲੈ ਲਓ। ਕਈਆਂ ਦਾ ਖਿਆਲ ਹੈ ਕਿ ਇਕ ਸਾਧੂ ਆਇਐ ਜਟਾ-ਜੂਟ, ਉਸ ਨੇ ਪ੍ਰਤੱਖ ਰੂਪ 'ਚ ਆ ਕੇ ਕਿਹਾ ਕਿ ਸ਼ਿਵੀ ਜੀ ਮਹਾਰਾਜ ਵਲੋਂ ਇਹ ਅਕਾਸ਼ ਬਾਣੀ ਜਾਣ ਕੇ ਸਾਰੇ ਹੀ ਉਥੋਂ ਸ੍ਰੀ ਅਨੰਦਪੁਰ ਸਾਹਿਬ ਪਹੁੰਚਦੇ ਨੇ। ਬੜਾ ਵੱਡਾ ਜਥਾ (daputation) ਸਾਰੇ ਹਿੰਦੁਸਤਾਨ ਭਰ 'ਚੋਂ ਇਕੱਠਾ ਹੋਇਆ ਤੇ ਗੁਰੂ ਮਹਾਰਾਜ ਸ੍ਰੀ ਅਨੰਦਪੁਰ ਸਾਹਿਬ ਬਿਰਾਜਮਾਨ ਨੇ। ਉਨ੍ਹਾਂ ਦੇ ਸਾਮ੍ਹਣੇ ਸੈਂਕੜਿਆਂ ਦੀ ਗਿਣਤੀ ਦੇ ਅੰਦਰ 'ਦੁਖੀਏ ਬਿਪਰ ਚਲ ਕੇ ਆਏ' ਉਹ ਬੇਨਤੀਆਂ ਕਰਦੇ ਨੇ ਕਿ ਪਾਤਸ਼ਾਹ! ਸਾਡੇ ਜ਼ੁਲਮਾਂ ਦੀ ਕਹਾਣੀ ਕੋਈ ਸੁਣ ਨਹੀਂ ਸਕਦਾ। ਐਡਾ ਵੱਡਾ ਜ਼ੁਲਮ ਹੈ ਕਿ ਕਹਿ ਹੀ ਨਹੀਂ ਸਕਦੇ ਅਸੀਂ, ਕਿਸ ਤਰ੍ਹਾਂ ਦੇ ਨਾਲ ਹੁੰਦਾ ਹੈ। ਸੌ-ਸੌ ਬੰਦੇ ਨੂੰ ਬੰਨ੍ਹ ਕੇ ਦਰਿਆ ਦੇ ਵਿਚ, ਖੜ੍ਹੇ ਕਰ ਦਿਤਾ ਜਾਂਦਾ ਹੈ, ਪਾਣੀ ਉਹਨਾਂ ਦੇ ਮੂੰਹ ਵਿਚ ਪੈਂਦਾ ਹੈ, ਉਸ ਵੇਲੇ ਪੁੱਛਿਆ ਜਾਂਦਾ ਹੈ ਕਿ ਤੁਸੀਂ ਇਸਲਾਮ ਧਾਰਨ ਕਰਨਾ ਹੈ ਕਿ ਦਰਿਆ ਵਿਚ ਰੁੜਨਾ ਹੈ? ਮਹਾਰਾਜ! ਜਿਵੇਂ ਤਮਾਸ਼ਾ ਕਰਦੇ ਨੇ, ਇਸ ਤਰ੍ਹਾਂ ਬੰਦਿਆਂ ਨੂੰ ਰੋੜ੍ਹ ਦਿਤਾ ਜਾਂਦਾ ਹੈ। ਕ੍ਰਿਪਾ ਕਰੋ, ਆਪ ਨੇ ਜਦੋਂ ਹਾਥੀ ਫਸ ਗਿਆ ਸੀ ਤੰਦੂਏ ਦੇ ਜਾਲ ਵਿਚ, ਆਪ ਨੇ ਉਸ ਵੇਲੇ ਕ੍ਰਿਪਾ ਕਰੀ। ਜਦੋਂ ਦ੍ਰੋਪਤੀ ਕੌਰਵਾਂ ਦੇ ਦਰਬਾਰ ਵਿਚ ਬੇ-ਵਸ ਹੋ ਗਈ ਸੀ, ਕੋਈ ਵੀ ਸਹਾਰਾ ਨਾ ਰਿਹਾ ਉਸ ਦਾ। ਉਸ ਦੀ ਆਪ ਨੇ ਸਹਾਇਤਾ ਕਰੀ। ਕ੍ਰਿਪਾ ਕਰੋ ਹੁਣ ਸਾਡੀ ਬਾਂਹ ਫੜੋ। ਤੁਹਾਡੇ ਤੋਂ ਬਗੈਰ ਕੋਈ ਭਾਰਤ ਵਿਚ ਹੈ ਨਹੀਂ, ਨਾ ਕੋਈ ਰਾਜਾ, ਨਾ ਕੋਈ ਰਾਣਾ, ਨਾ ਕੋਈ ਸਾਧੂ ਜਿਹੜਾ ਸਾਡੀ ਇਸ ਵੇਲੇ ਰੱਖਿਆ ਕਰ ਸਕੇ। ਮਹਾਰਾਜ ਬੜੇ ਗੰਭੀਰ ਹੋ ਕੇ ਇਸ ਮਸਲੇ ਨੂੰ ਸੋਚ ਰਹੇ ਨੇ।

ਬਾਲ ਗੁਰੂ ਦਸ਼ਮੇਸ਼ ਪਿਤਾ ਬਾਹਰੋਂ ਆਏ ਤੇ ਆ ਕੇ ਸਾਰਾ ਵਾਤਾਵਰਣ ਦੇਖ ਕੇ ਇਕ ਦਮ ਭਾਂਪ ਗਏ ਕਿ ਕੋਈ ਬਹੁਤ ਹੀ ਗਹਿਰੀ ਬਾਤ ਹੋ ਰਹੀ ਹੈ। ਗੰਭੀਰ ਗੱਲ ਹੋਰ ਹੀ ਹੈ। ਸਭ ਚੁੱਪ ਕਿਉਂ ਬੈਠੇ ਨੇ, ਮਹਾਰਾਜ ਵੀ ਚੁੱਪ ਬੈਠੇ ਨੇ। ਉਸ ਚੁੱਪ ਨੂੰ ਤੋੜਨ ਵਾਸਤੇ ਆਪ ਗੁਰੂ ਮਹਾਰਾਜ ਦੇ ਪਿਛਲੇ ਪਾਸਿਓਂ ਗਲ ਵਿਚ ਬਾਹਾਂ ਪਾ ਕੇ ਇਕ ਦਮ ਗੋਦੀ ਵਿਚ ਬੈਠ ਗਏ। ਮਹਾਰਾਜ ਨੇ ਉਹਨਾਂ ਵਲ ਦੇਖਿਆ, ਕਹਿਣ ਲੱਗੇ, ਐਡਾ ਕਿਹੜਾ ਗੰਭੀਰ ਮਸਲਾ ਆ ਗਿਆ, ਆਪ ਦੇ ਸਾਮ੍ਹਣੇ ਕਿ ਇਹ ਸਾਰੇ ਰੋ ਰਹੇ ਨੇ ਤੇ ਆਪ ਵੀ ਚੁੱਪ ਹੋਂ?

ਮਹਾਰਾਜ ਕਹਿਣ ਲੱਗੇ, ਲਾਲ ਜੀ! ਮਸਲਾ ਬੜਾ ਗੰਭੀਰ ਹੈ ਇਸ ਵੇਲੇ ਹਿੰਦੂ ਜਾਤੀ ਨੂੰ, ਹਿੰਦੂ ਕਲਚਰ ਨੂੰ, ਸੰਸਕ੍ਰਿਤੀ ਨੂੰ, ਗਊ ਨੂੰ ਤੇ ਤਿਲਕ ਨੂੰ, ਜਨੇਊ ਨੂੰ ਐਡਾ ਜ਼ਬਰਦਸਤ ਖਤਰਾ ਪੇਸ਼ ਹੋਇਐ ਕਿ ਇਹਦਾ ਰੱਖ ਲੈਣਾ ਹੀ ਬਹੁਤ ਵੱਡੀ ਬਾਤ ਹੈ। ਮਿਟ ਜਾਏਗੀ ਕਲਚਰ ਸੰਸਾਰ ਤੋਂ ਕਿਉਂਕਿ ਬਾਦਸ਼ਾਹ ਜ਼ਾਲਮ ਹੈ। ਜ਼ੁਲਮ ਨੂੰ ਜਿਸ ਵਕਤ ਕੋਈ ਬੰਦਾ ਪੁੰਨ ਸਮਝਣ ਲਗ ਜਾਵੇ ਉਸ ਵੇਲੇ ਤਾਂ ਕੋਈ ਇਲਾਜ ਹੋ ਹੀ ਨਹੀਂ ਸਕਦਾ। ਉਹਦੀ ਜੋ ਜ਼ਮੀਰ ਹੈ, ਉਹ ਜਿੰਨਾਂ ਵੱਧ ਕਰੇਗਾ, ਉਹ ਪੁੰਨ ਸਮਝਦੀ ਹੈ। ਮਹਾਰਾਜ ਕਹਿੰਦੇ, ਜਿਹੜੇ ਪ੍ਰਮਾਰਥ ਵਾਸਤੇ ਪਾਪ ਕਰਦੇ ਨੇ ਉਨ੍ਹਾਂ ਦੇ ਕਿਰਦਾਰ ਤੋਂ ਧਰਮਰਾਜ ਵੀ ਡਰਨ ਲਗ ਜਾਂਦਾ ਹੈ ਕਿ ਕਿਹੜਾ ਨਰਕ ਮੈਂ ਦੇਵਾਂਗਾ, ਇਹ ਪੁੰਨ ਸਮਝ ਕੇ ਪਾਪ ਕਰ ਰਹੇ ਨੇ। ਭੁਲੇਖਾ ਬੜਾ ਪਿਆ ਹੋਇਆ ਹੈ। ਮਜ਼੍ਹਬੀ ਕੱਟੜਤਾ ਤੇ ਈਰਖਾ ਸਿਰਿਆਂ 'ਤੇ ਪਹੁੰਚੀ ਹੋਈ ਹੈ ਲਾਲ ਜੀ। ਜ਼ਮੀਰ ਪੱਥਰ ਹੋ ਚੁੱਕੀ ਹੈ, ਕੋਈ ਅਵਾਜ਼ ਅੰਦਰਲੀ ਉਹਦੇ ਤਕ ਪਹੁੰਚ ਨਹੀਂ ਰਹੀ।

ਕਹਿਣ ਲੱਗੇ ਕਿ ਪਿਤਾ ਜੀ! ਫੇਰ ਇਹਦਾ ਇਲਾਜ?

ਕਹਿਣ ਲੱਗੇ ਕਿ ਕੋਈ ਪੂਰਨ ਮਹਾਂਪੁਰਸ਼ ਆਪਣਾ ਬਲੀਦਾਨ ਦੇ ਕੇ, ਝੰਜੋੜੇ, ਉਹਦੇ ਖੂਨ ਦੇ ਕਤਰੇ ਜਿਹੜੇ ਨੇ ਉਹ ਇਸ ਧਰਮ ਦੀ ਰਾਖੀ ਕਰ ਸਕਣਗੇ। ਜਿੰਨਾਂ ਖੂਨ ਡੁਲ੍ਹੇਗਾ, ਓਨੀਂ ਛੇਤੀ ਰਾਖੀ ਹੋਵੇਗੀ।

ਕਹਿਣ ਲੱਗੇ, ਪਿਤਾ ਜੀ! ਤੁਹਾਡੇ ਤੋਂ ਵੱਡਾ

ਤਾਂ ਸੰਸਾਰ ਦੇ ਵਿਚ ਕੋਈ ਹੈ ਨਹੀਂ। ਨਾਲ ਦੀ ਨਾਲ ਇਸ ਤਰ੍ਹਾਂ ਦੇ ਨਾਲ ਬੇਨਤੀ ਕਰਦੇ ਨੇ –

*ਧਾਰਨਾ – ਬਾਂਹ ਫੜ ਲਓ ਦੁਖੀਆਂ ਦੀ,*
*ਆਸਾ ਧਾਰ ਕੇ ਦਰ ਆਏ।*

ਮਹਾਰਾਜ! ਇਨ੍ਹਾਂ ਦੀ ਆਪ ਕ੍ਰਿਪਾ ਕਰਕੇ ਬੇਨਤੀ ਸਰਵਣ ਕਰੋ –

*ਦੁਖੀ ਬਿਪਰ ਜੋ ਚਲ ਕੇ ਆਏ ਪੁਰੀ ਅਨੰਦ।*
*ਬਾਂਹ ਅਸਾਡੀ ਪਕਰੀਐ ਗੁਰੂ ਹਰਿਗੋਬਿੰਦ ਕੇ ਚੰਦ।*
*ਗਜ ਕੇ ਬੰਧਨ ਕਾਟਨਹਾਰੇ, ਤੁਮ ਗੁਰ ਨਾਨਕ ਹੈ ਅਵਤਾਰੇ।*

ਜਿਵੇਂ ਹਾਥੀ ਨੂੰ ਤੰਦੂਏ ਤੋਂ ਰੱਖਿਆ ਸੀ, ਕ੍ਰਿਪਾ ਕਰੋ ਇਸ ਵੇਲੇ ਤੰਦੂਏ ਰੂਪੀ ਰਾਜੇ ਨੇ ਹਿੰਦੂ ਧਰਮ ਨੂੰ ਫੜ ਲਿਆ ਤੇ ਗਜ, ਹਿੰਦੂ ਧਰਮ ਡੁੱਬਣ ਵਾਲਾ ਹੀ ਹੈ ਕ੍ਰਿਪਾ ਕਰਕੇ ਬਚਾਓ।

ਉਸ ਵੇਲੇ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਕਹਿਣ ਲੱਗੇ ਕਿ ਔਰੰਗਜ਼ੇਬ ਨੂੰ ਕਹਿ ਦਿਓ ਕਿ ਸਾਡਾ ਜੋ ਗੁਰੂ ਹੈ, ਉਹ ਇਸਲਾਮ ਧਾਰਨ ਕਰ ਲਵੇ ਤਾਂ ਅਸੀਂ ਆਪਣੇ ਆਪ ਹੀ ਕਰ ਲਵਾਂਗੇ। ਅਰਜ਼ਦਾਸਤ ਲਿਖ ਕੇ ਦਿਓ। ਉਹਨਾਂ ਨੂੰ ਬੇਨਤੀ ਕਰ ਦਿਓ ਕਿ ਕਤਲੇਆਮ ਬੰਦ ਕਰ ਦੇਵੇ।

ਲਾਹੌਰ ਪਹੁੰਚਦੇ ਨੇ। ਉਥੇ ਆ ਕੇ ਬੜਾ ਮੇਜਰਨਾਮਾ ਲਿਖਿਆ, ਭਾਰਤ ਵਰਸ਼ ਦੇ ਵੱਡਿਆਂ-ਵੱਡਿਆਂ ਨੇ ਦਸਤਖਤ ਕੀਤੇ। ਔਰੰਗਜ਼ੇਬ ਦੇ ਕੋਲ ਪਹੁੰਚ ਜਾਂਦੇ ਨੇ। ਉਹ ਕਹਿਣ ਲੱਗਿਆ, ਕਿ ਆਹ ਤਾਂ ਕੰਮ ਬਿਲਕੁਲ ਹੀ ਸੁਖਾਲਾ ਹੋ ਗਿਆ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਇਸਲਾਮ ਵਿਚ ਲੈ ਆਵਾਂਗੇ। ਲੇਕਿਨ ਉਹ ਕਾਮਯਾਬ ਨਾ ਹੋ ਸਕੇ। ਗੁਰੂ ਦਸ਼ਮੇਸ਼ ਪਿਤਾ ਜਿਸ ਵਕਤ ਗੁਰਿਆਈ ਦੀ ਗੱਦੀ 'ਤੇ ਬੈਠੇ, ਛੋਟੀ ਉਮਰ ਹੋਣ ਕਰਕੇ ਜੋ ਮਸੰਦ ਸੀ, ਉਹਨਾਂ ਦੇ ਮਨਾਂ ਵਿਚ ਸ਼ਰਧਾ ਬੜੀ ਘਟ ਗਈ ਸੀ। ਪੂਜਾ ਦਾ ਧਾਨ ਖਾਣ ਦੇ ਨਾਲ ਬੁੱਧੀ ਭ੍ਰਿਸ਼ਟ ਹੋ ਜਾਇਆ ਕਰਦੀ ਹੈ –

*ਧਰਮਸਾਲਾ ਦੀਆਂ ਰੋਟੀਆਂ ਤਿੰਨ ਕੰਮ ਕਰੇਨਿ।*
*ਹੱਡ ਗਾਲਣ ਮੱਤ ਮਾਰਨ ਭਜਨ ਕਰਨ ਨਾ ਦੇਨਿ।*

ਉਹਨਾਂ ਨੂੰ ਗੁਰੂ ਇਸ ਤਰ੍ਹਾਂ ਲੱਗਣ ਲਗ ਗਿਆ ਕਿ ਜਿਹਨੂੰ ਅਸੀਂ ਇਕੱਠੇ ਹੋ ਕੇ ਕਹਿ ਦੇਈਏ ਕਿ ਓਹੀ ਗੁਰੂ ਹੁੰਦੈ। ਗੁਰੂ ਬਣਾਉਣ ਵਾਲੇ ਅਸੀਂ ਹਾਂ। ਸੰਗਤਾਂ ਸਾਡੇ ਵਸ ਵਿਚ ਨੇ ਤਾਂ ਗੁਰੂ ਮਹਾਰਾਜ ਛੋਟੀ ਉਮਰ ਵਿਚ ਗੱਦੀ 'ਤੇ ਬੈਠੇ। ਸ਼ਰਧਾ ਨਾ ਹੋਣ ਕਰਕੇ ਸੰਗਤਾਂ ਦੀਆਂ ਦਿਤੀਆਂ ਹੋਈਆਂ, ਬਹੁਤ ਸਾਰੀਆਂ ਚੀਜ਼ਾਂ ਲਕੋ ਲੈਂਦੇ ਸੀ। ਗੁਰੂ ਮਹਾਰਾਜ ਨੇ ਦੀਵਾਨ ਦੇ ਅੰਦਰ ਕਈ ਵਾਰੀ ਕਢਵਾਈਆਂ ਤੇ ਇਕ ਵਾਰੀ ਐਸਾ ਹੋਇਆ ਕਿ ਇਕ ਮਦਾਰੀ ਆਉਂਦੈ, ਤਮਾਸ਼ਾ ਕਰਦੈ, ਗੁਰੂ ਮਹਾਰਾਜ ਕਹਿੰਦੇ, ਇਹਨੂੰ ਉਰੇ (ਨੇੜੇ) ਲਿਆਓ, ਸਾਡੇ ਕੋਲ। ਜਿਵੇਂ ਹੁਣ ਦੀਵਾਨ ਲੱਗਿਆ ਹੋਇਐ, ਸਾਮ੍ਹਣੇ ਹੀ ਤਮਾਸ਼ਾ ਕਰਨ ਲਗ ਜਾਵੇ। ਮਸੰਦਾਂ ਨੇ ਕਿਹਾ ਕਿ ਮਹਾਰਾਜ! ਬੱਚਿਆਂ ਵਾਲਾ ਕੰਮ ਨਾ ਕਰੋ। ਸੰਗਤਾਂ ਆਈਆਂ ਨੇ ਇਹਨਾਂ ਦੀ ਸ਼ਰਧਾ ਟੁੱਟ ਜਾਏਗੀ। ਕ੍ਰਿਪਾ ਕਰੋ, ਤੁਸੀਂ ਅਰਾਮ ਨਾਲ ਬੈਠੋ, ਤਮਾਸ਼ਾ ਫੇਰ ਦੇਖ ਲਿਓ। ਮਹਾਰਾਜ ਕਹਿੰਦੇ, ਹੁਣੇ ਹੀ ਦੇਖਣਾ ਹੈ। ਉਸ ਵੇਲੇ ਉਹਦਾ ਖੇਲ੍ਹ ਦੇਖ-ਦੇਖ ਹੱਸ ਰਹੀ ਹੈ ਸੰਗਤ। ਭਾਈ ਕੀਰਤੀਆ ਜੋ ਗੁਰੂ ਮਹਾਰਾਜ ਦਾ ਚੌਰ ਬਰਦਾਰ ਸੀ, ਉਹਨੂੰ ਕਹਿਣ ਲੱਗੇ, ਭਾਈ ਕੀਰਤੀਆ! ਤੂੰ ਕਿਉਂ ਹੱਸਦੈਂ? ਕਹਿੰਦਾ, ਮਹਾਰਾਜ ਸਾਰੇ ਹੀ ਹਸਦੇ ਨੇ। ਕਹਿੰਦੇ, ਤੂੰ ਨਾ ਹੱਸ, ਤੇਰਾ ਪਿਤਾ ਹੈ।

ਕਹਿਣ ਲੱਗਿਆ, ਮੇਰਾ ਪਿਤਾ? ਮੇਰਾ ਪਿਤਾ ਗੁਰੂ ਨੌਵੇਂ ਪਾਤਸ਼ਾਹ ਦਾ ਚੌਰ ਬਰਦਾਰ। ਸਾਰੀ ਜ਼ਿੰਦਗੀ ਉਹਨੇ ਸੇਵਾ 'ਚ ਲਾ ਦਿਤੀ। ਪਾਤਸ਼ਾਹ! ਜੇ ਉਹਦੀ ਗਤੀ ਇਹ ਹੋਈ ਕਿ ਉਹ ਰਿੱਛ ਬਣ ਗਿਆ, ਘਰ-ਘਰ ਨਚਦਾ ਫਿਰਦੈ। ਫੇਰ ਮੈਂ ਬਾਂਦਰ ਬਣ ਕੇ ਨੱਚਦਾ ਫਿਰੂੰ? ਚੌਰ ਰੱਖ ਦਿਤਾ ਮਹਾਰਾਜ ਜੀ ਦੇ ਚਰਨਾਂ 'ਤੇ।

ਮਹਾਰਾਜ ਕਹਿੰਦੇ, ਕੀਰਤੀਆ! ਤੇਰਾ ਪਿਤਾ ਹੀ ਹੈ, ਪਿਆਰਿਆ। ਪੁੱਛ ਲਈਂ ਆਪਣੇ ਪਿਤਾ ਨੂੰ ਕਿ ਇਹ ਕਿਉਂ ਭਾਣਾ ਵਰਤਿਆ?

ਮਹਾਰਾਜ ਨੇ ਰਿੱਛ, 200 ਰੁਪਏ ਨੂੰ ਮੁੱਲ ਕਰ ਲਿਆ। ਰਿੱਛ ਲੈ ਲਿਆ। ਉਸ ਤੋਂ ਬਾਅਦ ਪ੍ਰਸ਼ਾਦ ਬਣਾਇਆ। ਮਹਾਰਾਜ ਨੇ ਸ਼ੀਤ ਪ੍ਰਸ਼ਾਦ ਰਿੱਛ ਨੂੰ ਦੇ ਦਿਤਾ। ਜਦੋਂ ਸ਼ੀਤ ਪ੍ਰਸ਼ਾਦ ਦਿਤਾ ਉਸੇ ਵੇਲੇ ਰਿੱਛ ਦਾ ਸਰੀਰ ਗਿਰ ਗਿਆ। ਵਿਚੋਂ ਕੀ ਦੇਖਦੇ ਨੇ ਕਿ ਭਾਈ ਕੀਰਤੀਏ ਦਾ ਪਿਤਾ ਜਿਸ ਦਾ ਨਾਉਂ ਭਾਈ ਸੋਭਾ ਰਾਮ ਇਤਿਹਾਸ ਵਿਚ ਲਿਖਿਐ। ਉਹ ਸਾਖਸ਼ਾਤ ਨਜ਼ਰ ਆਉਣ ਲਗ ਗਿਆ।

ਕਹਿੰਦੇ, ਪੁੱਛ ਲੈ ਆਪਣੇ ਪਿਤਾ ਨੂੰ?

ਸਾਰੀ ਸੰਗਤ ਹੈਰਾਨ ਹੋ ਗਈ ਕਿ ਇਹ ਤਾਂ ਸਰਬ ਕਲਾ ਸਮਰੱਥ ਨੇ। ਉਸ ਵੇਲੇ ਉਹਨੇ ਪੁੱਛਿਆ ਕਿ ਪਿਤਾ ਜੀ! ਇਹ ਕੀ ਗੱਲ ਹੈ? ਤੁਸੀਂ ਤਾਂ

ਸੇਵਾ ਬੜੀ ਕਰੀ ਸੀ।

ਕਹਿੰਦਾ, ਪੁੱਤਰਾ! ਸੇਵਾ ਤਾਂ ਕਰੀ ਸੀ ਪਰ ਮਰਿਯਾਦਾ ਢਿੱਲੀ ਸੀ ਮੇਰੀ ਸੇਵਾ ਕਰਨ ਵੇਲੇ। ਮੇਰਾ ਸੁਭਾਅ ਬਣਿਆ ਹੋਇਆ ਸੀ ਕੌੜਾ ਬੋਲਣ ਦਾ। ਇਕ ਵਾਰੀ ਇਕ ਬੀਤ ਰਾਗ ਅਵਸਥਾ ਦਾ, ਬ੍ਰਹਮ ਗਿਆਨ ਅਵਸਥਾ ਦਾ, ਅਭੇਦ ਅਵਸਥਾ ਦਾ ਗੁਰਸਿੱਖ ਭਾਈ ਧੰਨਾ, ਦਸਵੰਧ ਲੈ ਕੇ ਆਇਆ ਤੇ ਗੱਡਾ ਉਸ ਨੇ ਖੜ੍ਹਾ ਕਰ ਦਿਤਾ। ਮੈਂ ਪ੍ਰਸ਼ਾਦ ਵੰਡ ਰਿਹਾ ਸੀ ਉਸ ਨੇ ਮੇਰੇ ਕੋਲ ਆ ਕੇ ਪ੍ਰਸ਼ਾਦ ਮੰਗਿਆ। ਧੂੜ ਨਾਲ ਉਹ ਲੱਥਪੱਥ ਹੋਇਆ ਹੋਣ ਕਰਕੇ ਮੈਨੂੰ ਗੁੱਸਾ ਆ ਗਿਆ ਕਿ ਸਿੱਧਾ ਹੀ ਪ੍ਰਸ਼ਾਦ ਲੈਣ ਆ ਗਿਆ। ਉਹ ਕਹਿਣ ਲੱਗਿਆ, ਸਿੱਖਾ! ਮੇਰਾ ਗੱਡਾ ਨਾ ਚਲ ਪਵੇ, ਮੈਨੂੰ ਪ੍ਰਸ਼ਾਦ ਦੇ-ਦੇ। ਕਹਿੰਦਾ, ਮੈਂ ਦੂਸਰੇ ਪਾਸੇ ਹੋ ਗਿਆ, ਉਹ ਓਧਰ ਨੂੰ ਆ ਗਿਆ। ਮੇਰੇ ਮੂੰਹੋਂ ਨਿਕਲ ਗਿਆ ਰਿੱਛ ਜਿਹਾ ਟਿਕਦਾ ਹੀ ਨਹੀਂ। ਕਦੇ ਇਥੇ, ਕਦੇ ਉਥੇ। ਉਹਨੇ ਇਕ ਕਿਣਕਾ ਧਰਤੀ ਤੋਂ ਚੁੱਕਿਆ ਤੇ ਆਪਣੇ ਮੁੱਖ 'ਚ ਪਾ ਕੇ ਬੋਲਿਆ, ਗੁਰਸਿੱਖਾ! ਮੈਂ ਤਾਂ ਰਿੱਛ ਨਹੀਂ, ਤੂੰ ਰਿੱਛ ਜ਼ਰੂਰ ਬਣੇਂਗਾ। ਕਹਿੰਦਾ, ਬਚਨ ਹੋ ਗਿਆ। ਤੇ ਮੈਂ ਗੁਰੂ ਨੌਵੇਂ ਪਾਤਸ਼ਾਹ ਦੇ ਪਾਸ ਬੇਨਤੀ ਕਰੀ ਕਿ ਪਾਤਸ਼ਾਹ! ਅੱਜ ਇਕ ਸਿੱਖ ਨੇ ਮੈਨੂੰ ਸਰਾਪ ਦੇ ਦਿਤਾ। ਕਹਿੰਦੇ, ਕੌਣ ਹੈ ਪਤਾ ਕਰ। ਕਹਿੰਦਾ, ਉਹ ਭਾਈ ਧੰਨਾ ਹੈ। ਕਹਿੰਦੇ, ਕੀ ਸਰਾਪ ਦਿਤਾ ਹੈ? ਕਹਿੰਦਾ, ਮੈਨੂੰ ਇਸ ਤਰ੍ਹਾਂ ਕਹਿ ਦਿਤਾ ਕਿ ਤੂੰ ਰਿੱਛ ਬਣੇਂਗਾ। ਕ੍ਰਿਪਾ ਕਰੋ, ਉਹਦਾ ਵਾਕ ਨਿਹਫਲ ਨਹੀਂ ਜਾਣਾ। ਆਪ ਗੁਰੂ ਹੋਂ, ਮੈਂ ਆਪ ਦੀ ਸ਼ਰਨ ਵਿਚ ਹਾਂ, ਆਪ ਮੈਨੂੰ ਬਚਾਓ।

ਗੁਰੂ ਤੇਗ ਬਹਾਦਰ ਸਾਹਿਬ ਕਹਿਣ ਲੱਗੇ, ਸਿੱਖਾ! ਤੂੰ ਬੜਾ ਭਾਰਾ ਪਾਪ ਕਰਿਆ, ਬੜੀ ਗਲਤੀ ਕਰੀ ਹੈ। ਸਿੱਖ ਦਾ ਨਿਰਾਦਰ ਕਰਿਆ ਹੈ। ਇਹ ਹੁਣ ਸਿੱਖ ਦਾ ਬਚਨ ਤਾਂ ਜਾਣਾ ਨਹੀਂ। ਜਿਨ੍ਹਾਂ ਦੇ ਚਿੱਤ ਵਿਚ ਗੁਰੂ ਦੇ ਚਰਨ ਹਰ ਵਕਤ ਟਿਕੇ ਰਹਿੰਦੇ ਨੇ, ਕਹਿੰਦੇ, ਉਹ ਤਾਂ ਮੇਰੇ ਨਾਲ ਅਭੇਦ ਅਵਸਥਾ ਦੇ ਵਿਚ ਲੀਨ ਹੋਏ-ਹੋਏ ਪੁਰਸ਼ ਨੇ ਤੇ ਤੈਨੂੰ ਐਨਾ ਪਤਾ ਨਹੀਂ ਸੀ ਕਿ ਮੈਂ ਉਹਨਾਂ ਦੀ ਰਸਨਾ 'ਤੇ ਆਪ ਬੈਠ ਕੇ ਬੋਲਦਾ ਹੁੰਦਾ ਹਾਂ -

*ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥ ਅੰਗ - ੨੬੩*

ਕਹਿੰਦਾ, ਮਹਾਰਾਜ ਹੁਣ ਕ੍ਰਿਪਾ ਕਰੋ ਉਹਦਾ ਬਚਨ ਉਲਟਾ ਦਿਓ?

ਕਹਿੰਦੇ, ਮੈਂ ਨਹੀਂ ਉਲਟਾ ਸਕਦਾ -

*ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥ ਅੰਗ - ੧੨੫੨*

ਫੇਰ ਮਹਾਰਾਜ ਮੈਨੂੰ ਕੀ ਹੁਕਮ ਹੈ, ਮੈਂ ਰਿੱਛ ਹੀ ਬਣਦਾ ਰਹਾਂਗਾ? ਜੂਨੀਆਂ 'ਚ ਘੁੰਮਦਾ ਰਹਾਂਗਾ? ਕਹਿੰਦੇ, ਨਹੀਂ ਤੇਰੀ ਸੇਵਾ ਜਿਹੜੀ ਹੈ ਉਹਦੇ ਵਿਚੋਂ ਇਕ ਤਿਲ ਵੀ ਘਾਲਿਆ ਹੋਇਆ ਜ਼ਾਇਆ ਨਹੀਂ ਜਾਏਗਾ ਪਰ ਮਾੜਾ ਕੰਮ ਕਰਿਆ, ਸਿੱਖ ਹੋ ਕੇ ਤੂੰ ਫਿੱਕਾ ਬੋਲਿਆ -

*ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥*
*ਅੰਗ - ੪੭੩*

ਗੁਰਸਿੱਖੀ ਦੇ ਅੰਦਰ ਮਿੱਠਾ ਬੋਲਣਾ, ਕੌੜਾ ਨਹੀਂ ਬੋਲਣਾ। ਸਾਰਿਆਂ ਦੇ ਅੰਦਰ ਸ੍ਰੀ ਗੁਰੂ ਨਾਨਕ ਦੀ ਜੋਤ ਸਮਝ ਕੇ ਪਿਆਰ ਨਾਲ ਬਾਤ ਕਰਨੀ। ਇਹ ਅਸੂਲ ਤੂੰ ਸਮਝਿਆ ਨਹੀਂ। ਚੰਗਾ ਦਸਵੇਂ ਜਾਮੇ ਦੇ ਅੰਦਰ ਤੂੰ ਰਿੱਛ ਬਣਿਆ ਹੋਏਂਗਾ ਤੇ ਅਸੀਂ ਤੇਰਾ ਉਧਾਰ ਕਰਾਂਗੇ। ਸੋ ਨਰਕਾਂ 'ਚੋਂ ਧੂਹ ਕੇ ਸਤਿਗੁਰੂ ਕੱਢ ਲੈਂਦਾ ਹੈ ਆਪਣੇ ਸਿੱਖ ਨੂੰ। ਉਸ ਵੇਲੇ ਮਸੰਦ ਵੀ ਨੀਵੀਂ ਪਾਈਂ ਬੈਠੇ ਨੇ ਕਿ ਇਹ ਤਾਂ ਸਰਬ ਕਲਾ ਸਮਰੱਥ ਨੇ ਅਸੀਂ ਬੱਚਾ ਸਮਝਦੇ ਹਾਂ। ਸੋ ਗੁਰੂ ਮਹਾਰਾਜ ਦੇ ਜਿੰਨੇ ਵੀ ਕੌਤਕ ਨੇ ਸਾਧਸੰਗਤ ਜੀ! ਸਾਰੇ ਨਿਰਾਲੇ ਕੌਤਕ ਨੇ। ਕਿਉਂਕਿ ਸਤਿਗੁਰੂ ਜੋ ਹੈ ਉਹਦੀ ਨਿਸ਼ਾਨੀ ਇਹੀ ਹੁੰਦੀ ਹੈ, ਇਸ ਤਰ੍ਹਾਂ ਪੜ੍ਹੋ ਪਿਆਰ ਨਾਲ -

*ਧਾਰਨਾ - ਨਿਰਵੈਰ ਨਿਰਾਲਾ ਜੀ,*
*ਸਤਿਗੁਰੂ ਪੁਰਖ ਅਗੰਮ ਹੈ।*

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*
*ਭਾਈ ਗੁਰਦਾਸ ਜੀ, ਵਾਰ ੩੪/੧*

ਜਿਹੋ ਜਿਹੀ ਸ਼ਰਧਾ ਗੁਰੂ ਦੇ ਉਪਰ ਹੈ, ਉਹੋ ਜਿਹਾ ਹੀ ਫਲ ਪ੍ਰਾਪਤ ਹੁੰਦੈ। ਸ਼ੀਸ਼ੇ ਦੇ ਸਾਮ੍ਹਣੇ ਜਿਹੋ ਜਿਹਾ ਮੂੰਹ ਕਰਕੇ ਖੜ੍ਹੋਂਗੇ ਉਹੋ ਜਿਹਾ ਮੂੰਹ ਦੇਖੋਂਗੇ। ਸਤਿਗੁਰੂ ਦੀ ਕ੍ਰਿਆ ਜੋ ਹੈ ਨਿਰਾਲੀ ਹੋਇਆ ਕਰਦੀ ਹੈ। ਨਿਰਵੈਰ ਹੈ ਗੁਰੂ, ਕਿਸੇ ਨਾਲ ਨਹੀਂ ਉਸ ਦਾ ਵੈਰ। ਗੁਰੂ ਮਹਾਰਾਜ ਜਿਸ ਵਕਤ ਸ੍ਰੀ ਅਨੰਦਪੁਰ

ਸਾਹਿਬ ਦਾ ਯੁੱਧ ਕਰ ਰਹੇ ਨੇ। ਇਕ ਦਿਨ ਬਾਹਰ ਦੇਖਿਆ ਬਹੁਤ ਭਿਆਨਕ ਯੁੱਧ ਹੋ ਰਿਹਾ ਹੈ ਤੇ ਓਧਰਲੇ ਪਾਸੇ ਜਿਹੜੇ ਮੋਰਚਿਆਂ ਵਾਲੇ ਬੈਠੇ ਨੇ ਉਨ੍ਹਾਂ ਨੇ ਫੈਸਲਾ ਕਰਿਆ। ਰੋਪੜ ਦਾ ਰਹਿਣ ਵਾਲਾ ਇਕ ਜਰਨੈਲ ਸੀ ਜਿਸ ਦਾ ਨਾਂ ਮੁਗਲ ਖਾਨ ਸੀ, ਕਹਿਣ ਲੱਗਿਆ, ਦੇਖੋ ਕਿੰਨੀ ਫੌਜ ਹੈ ਆਪਣੇ ਕੋਲ, ਗੁਰੂ ਕੋਲ ਕਿੰਨੀ ਕੁ ਹੈ? ਪੰਜ-ਚਾਰ ਹਜ਼ਾਰ ਬੰਦਾ ਗਿਣਤੀ ਦਾ ਦਸਦੇ ਨੇ। ਆਪਣਾ ਜੇ 10-20 ਹਜ਼ਾਰ ਮਰ ਵੀ ਜਾਵੇਗਾ ਤਾਂ ਵੀ ਕੋਈ ਨਹੀਂ ਹੈ। ਐਨਾ ਚਿਰ ਕੀ ਲਾਉਣਾ ਹੈ ਇਕ ਕਿਲ੍ਹਾ ਤੋੜਨ ਨੂੰ। ਜਰਨੈਲ ਕਹਿਣ ਲੱਗੇ ਕਿ ਤੂੰ ਹੀ ਕਰ ਲੈ ਫੇਰ ਇਹ ਕੰਮ। ਕਹਿੰਦਾ, ਹਾਂ ਮੈਂ ਮੰਨਦਾ ਹਾਂ। ਮੈਂ ਕੱਲ੍ਹ ਨੂੰ ਹੱਲਾ ਕਰਾਂਗਾ। ਜਾਂ ਤਾਂ ਮੈਂ ਉਹਨਾਂ ਨੂੰ ਸ਼ਹੀਦ ਕਰ ਦੇਵਾਂਗਾ ਜਾਂ ਮੈਂ ਗ੍ਰਿਫਤਾਰ ਕਰਕੇ ਲੈ ਆਵਾਂਗਾ।

ਬਹੁਤ ਵੱਡੀ ਫੌਜ ਲੈ ਕੇ ਹੱਲਾ ਕਰਿਆ। ਸਾਰਾ ਦਿਨ ਯੁੱਧ ਹੁੰਦਾ ਰਿਹਾ। ਉਸ ਤੋਂ ਬਾਅਦ ਸ਼ਾਮ ਨੂੰ ਜਿਸ ਵਕਤ ਹਨ੍ਹੇਰਾ ਪੈ ਗਿਆ। ਅਸੂਲ ਇਹ ਸੀ ਕਿ ਪਾਲਕੀਆਂ ਲੈ ਆਉਂਦੇ ਸੀ, ਜਿੰਨੇ ਦਿਨ ਭਰ ਦੇ ਜ਼ਖਮੀ ਹੋਏ ਹੁੰਦੇ। ਜਿਨ੍ਹਾਂ 'ਚ ਸਾਹ ਬਚਦਾ ਹੁੰਦਾ, ਉਹਨਾਂ ਨੂੰ ਪਾਲਕੀਆਂ ਦੇ ਵਿਚ ਢੋਅ-ਢੋਅ ਕੇ ਪਿੱਛੇ ਇਕੱਠੇ ਕਰੀ ਜਾਂਦੇ ਸੀ। ਦਵਾਈਆਂ ਦਿੰਦੇ ਸੀ, ਫੱਟ ਬੰਨ੍ਹਦੇ ਸੀ। ਗੁਰੂ ਮਹਾਰਾਜ ਦੇ ਕੋਲ ਜਦੋਂ ਸਿੰਘ ਗਏ, ਮਹਾਰਾਜ ਨੇ ਕਿਹਾ ਕਿ ਸੁਣਾਓ, ਅੱਜ ਦਾ ਯੁੱਧ ਕਿਸ ਤਰ੍ਹਾਂ ਰਿਹਾ। ਸਾਰੇ ਜਥੇਦਾਰ ਆਪਣੀ-ਆਪਣੀ ਬਾਤ ਕਰ ਰਹੇ ਨੇ ਤੇ ਕੁਝ ਸਿੰਘਾਂ ਨੇ ਕਿਹਾ ਕਿ ਮਹਾਰਾਜ! ਸਾਡੀ ਫੌਜ ਦੇ ਅੰਦਰ ਬਹੁਤ ਜ਼ਬਰਦਸਤ ਜਾਸੂਸ ਰਹਿੰਦੈ। ਕੋਈ ਭੇਤੀ ਰਹਿੰਦੈ। ਮੁਗਲ ਫੌਜਾਂ ਨਾਲ ਮਿਲਿਆ ਹੋਇਐ।

ਮਹਾਰਾਜ ਕਹਿੰਦੇ ਐਸਾ ਕੌਣ ਹੈ?

ਕਹਿੰਦੇ, ਭਾਈ ਘਨੱਈਆ।

ਕਹਿੰਦੇ, ਤੁਹਾਨੂੰ ਕਿਵੇਂ ਪਤੈ?

ਕਹਿੰਦੇ, ਸੱਚੇ ਪਾਤਸ਼ਾਹ! ਪਾਣੀ ਪਿਲਾਉਂਦੈ ਹੈ ਮਸ਼ਕ ਲੈ ਕੇ। ਉਹ ਉਹਨਾਂ ਦੀਆਂ ਫੌਜਾਂ 'ਚ ਨਿਸੰਗ ਫਿਰਦੈ, ਨਾ ਉਸ ਉਤੇ ਕੋਈ ਗੋਲੀ ਚਲਾਉਂਦੈ। ਨਾ ਤਲਵਾਰ ਚਲਾਉਂਦੇ। ਨਾ ਹੀ ਕੋਈ ਤੀਰ ਮਾਰਦੈ ਉਸ ਦੇ। ਉਹ ਤਾਂ ਇਹਨੂੰ ਇਸ ਤਰ੍ਹਾਂ ਪਿਆਰ ਕਰਦੇ ਨੇ ਜਿਵੇਂ ਉਹਨਾਂ ਦਾ ਹੀ ਬੰਦਾ ਹੁੰਦੈ। ਅਸੀਂ ਬਹੁਤ ਵਾਰੀ ਕਿਹੈ, ਸਾਨੂੰ ਵੀ ਪਾਣੀ ਪਿਲਾ ਜਾਂਦੈ। ਉਹ ਰਸਤੇ 'ਚ ਆ ਜਾਣ, ਉਹਨਾਂ ਨੂੰ ਪਾਣੀ ਪਿਲਾ ਦਿੰਦੈ। ਸੱਚੇ ਪਾਤਸ਼ਾਹ! ਇਹਦੇ ਨਾਲ ਤਾਂ ਬੜੇ ਖੁਸ਼ ਹੋ ਕੇ ਬੋਲਦੇ ਨੇ। ਜੇ ਸਾਡਾ ਬੰਦਾ ਹੋਵੇ ਤਾਂ ਇਹਨੂੰ ਮਾਰ ਨਾ ਦੇਣ। ਕਹਿੰਦੇ, ਵਾਰ ਹੀ ਨਹੀਂ ਕਰਦੇ, ਰੋਕ ਲੈਂਦੇ ਨੇ। ਕਹਿੰਦੇ, ਠਹਿਰੋ, ਠਹਿਰੋ। ਇਹਨੂੰ ਲੰਘ ਜਾਣ ਦਿਓ। ਇਹ ਤਾਂ ਦੇਖਦਾ ਹੀ ਨਹੀਂ ਹੈ ਕਿ ਕੀਹਦਾ ਹਮਲਾ ਹੋ ਰਿਹੈ। ਕਿਹੜਾ ਜਾ ਰਿਹੈ, ਕਿਹੜਾ ਪਿੱਛੇ ਹਟ ਰਿਹੈ। ਪਾਣੀ ਪਿਲਾਉਣ 'ਤੇ ਹੀ ਇਹਨੇ ਲੱਕ ਬੰਨ੍ਹਿਆ ਹੋਇਐ। ਜਿਹੜਾ ਪਾਣੀ ਮੰਗਦੈ, ਨੱਠ ਕੇ ਜਾਂਦੈ।

ਮਹਾਰਾਜ ਕਹਿੰਦੇ, ਫੇਰ ਤੁਸੀਂ ਰੋਕਿਆ ਨਹੀਂ।

ਕਹਿੰਦੇ, ਬੜੀ ਵਾਰੀ ਰੋਕਿਐ ਮਹਾਰਾਜ। ਸਾਡੀ ਕਿੱਥੇ ਸੁਣਦਾ ਹੈ ਉਹ।

ਕਹਿੰਦੇ, ਬੁਲਾਓ। ਡੇਰੇ ਗਏ ਦੋ ਸਿੰਘ ਬਲਾਉਣ ਵਾਸਤੇ, ਕਹਿੰਦੇ, ਅਜੇ ਤੱਕ ਤਾਂ ਉਹ ਆਏ ਹੀ ਨਹੀਂ ਹਨ। ਮੈਦਾਨੇ-ਏ-ਜੰਗ ਦੇ ਵਿਚ ਹੀ ਨੇ। ਹਨ੍ਹੇਰੀ ਰਾਤ ਸੀ ਤੇ ਅੱਗੇ ਮਿਸਾਲਾਂ ਲੈ-ਲੈ ਕੇ ਆਪਣੇ ਬੰਦਿਆ ਨੂੰ ਟੋਲ੍ਹ ਰਹੇ ਸੀ। ਉਥੇ ਜਦੋਂ ਮੈਦਾਨ-ਏ-ਜੰਗ 'ਚ ਜਾਂਦੇ ਨੇ ਤਾਂ ਕੁਛ ਗੱਲਬਾਤ ਹੋ ਰਹੀ ਹੈ। ਕਹਿਣ ਲੱਗੇ, ਆਹ ਬੋਲਦਾ ਹੈ, ਇਥੇ ਹੋਣੈ? ਜਦੋਂ ਅੱਗੇ ਗਏ ਤਾਂ ਕੀ ਦੇਖਦੇ ਨੇ ਕਿ ਭਾਈ ਘਨੱਈਆ ਦੰਦਲ ਖੋਲ੍ਹ ਰਿਹੈ ਕਿਸੇ ਦੀ। ਪਾਣੀ ਉਹਦੇ ਮੁਖ 'ਚ ਪਾਇਆ। ਵੱਡਾ ਆਫੀਸਰ ਹੈ। ਇਕ ਦਮ ਉਸ ਨੇ ਪੁੱਛਿਆ ਕਿ ਇਸ ਬੰਦੇ ਨੇ ਮੈਨੂੰ ਬਚਾਇਐ ਤੇ ਮੈਂ ਇਹਦਾ ਨਾਉਂ ਨੋਟ ਕਰ ਲਵਾਂ ਤਾਂ ਕਿ ਇਹਨੂੰ ਮੈਂ ਪੂਰਾ ਇਨਾਮ ਦੇ ਸਕਾਂ। ਜੇ ਇਹ ਨਾ ਆਉਂਦਾ ਤਾਂ ਮੈਂ ਮਰ ਜਾਣਾ ਸੀ।

ਕਹਿਣ ਲੱਗਿਆ, ਤੇਰਾ ਨਾਮ ਕੀ ਹੈ, ਕੌਣ ਹੈਂ ਤੂੰ? ਕੀਹਦੀ ਫੌਜ ਦਾ ਤੂੰ ਸਿਪਾਹੀ ਹੈਂ? ਕਿਧਰੋਂ ਡਿਊਟੀ ਲੱਗੀ ਹੋਈ ਹੈ।

ਕਹਿਣ ਲੱਗਿਆ, ਖਾਨ ਸਾਹਿਬ! ਮੈਂ ਤਾਂ ਗੁਰੂ ਦਾ ਗਰੀਬੜਾ ਜਿਹਾ ਸਿੱਖ ਹਾਂ। ਘਨੱਈਆ ਕਹਿੰਦੇ ਨੇ ਮੈਨੂੰ।

ਕਹਿੰਦਾ, ਹੈਂ! ਘਨੱਈਆ ਇਕ ਗੱਲ ਦਾ ਜਵਾਬ ਦੇਹ, ਤੈਨੂੰ ਪਤੈ ਕਿ ਤੂੰ ਪਾਣੀ ਕੀਹਨੂੰ ਪਿਲਾ ਰਿਹੈਂ?

ਕਹਿੰਦਾ, ਇਹ ਮੈਨੂੰ ਜਾਨਣ ਦੀ ਲੋੜ ਨਹੀਂ ਹੈ। ਮੈਂ ਜੋ ਕੁਛ ਜਾਣਿਆ ਹੈ ਉਹ ਮੈਨੂੰ ਪਤਾ ਹੈ।

ਕਹਿੰਦਾ, ਕੀ ਜਾਣਿਐ?

ਕਹਿੰਦਾ, ਮੈਂ ਇਕ ਅੱਲਾਹ ਨੂੰ ਜਾਣਿਆ ਹੈ।

ਕਿਉਂਕਿ ਸਾਨੂੰ ਜੇ ਕੋਈ ਪੁੱਛੇ ਕਿ ਤੁਸੀਂ ਸਿੱਖ ਕੀ ਹੋਂ, ਤੁਹਾਡਾ ਗੋਤ ਕੀ ਹੈ, ਅਸੀਂ ਨਹੀਂ ਦਸ ਸਕਦੇ। ਵੱਡੇ-ਵੱਡੇ ਸਿਆਣਿਆਂ ਨੂੰ ਮੈਂ ਪੁੱਛ ਕੇ ਦੇਖਿਆ ਹੈ। ਕਹਿਣ ਲੱਗੇ ਜੀ, ਸਾਡਾ ਹੈ ਜੀ ਕਿਰਤ ਕਰਨੀ, ਨਾਮ ਜਪਣਾ, ਵੰਡ ਕੇ ਛਕਣਾ। ਜਦੋਂ ਦੂਜਾ ਸਵਾਲ ਉਹਨਾਂ 'ਤੇ ਕਰੀਦੈ ਕਿ ਇਹ ਕਾਹਦੇ ਵਾਸਤੇ ਕਰਦੇ ਹੋਂ ਤੁਸੀਂ? ਸਵਾਲ ਦਾ ਜਵਾਬ ਕੋਈ ਨਹੀਂ। ਦੂਸਰੇ ਕਹਿੰਦੇ ਨੇ ਕਿ 'ਗੁਰਮੁਖਿ ਨਾਮ ਦਾਨ ਇਸਨਾਨ।' ਨਾਮ ਜਪਣਾ, ਦਾਨ ਕਰਨਾ ਤੇ ਇਸ਼ਨਾਨ ਕਰਕੇ ਪਵਿੱਤਰ ਰਹਿਣਾ। ਇਹ ਤਾਂ ਕੋਈ ਲਕਸ਼ ਨਹੀਂ ਹੈ। ਲਕਸ਼ ਤਾਂ ਕੋਈ ਚੀਜ਼ ਨੂੰ ਕਹਿੰਦੇ ਨੇ। ਇਹ ਤਾਂ way of life (ਜੀਉਣ ਦਾ ਢੰਗ) ਹੈ ਤੁਹਾਡੀ ਕਿ ਜ਼ਿੰਦਗੀ ਇਸ ਤਰ੍ਹਾਂ ਜਿਉਣੀ ਹੈ। ਕਿਰਤ ਕਰਨੀ ਹੈ, ਵੰਡ ਕੇ ਛਕਣਾ ਹੈ, ਨਾਮ ਜਪਣਾ ਹੈ। ਤੁਹਾਡਾ ਕੋਈ ਨਿਸ਼ਾਨਾ ਤਾਂ ਹੋਣੈ ਕਿ ਤੁਸੀਂ ਕਿਉਂ ਕਰਦੇ ਹੋਂ ਇਹ? ਕਿੱਥੇ ਪਹੁੰਚਣਾ ਹੈ? ਤੁਹਾਡੀ ਮੰਜ਼ਲ-ਏ-ਮਕਸੂਦ ਕੀ ਹੈ? ਇਹ ਬਹੁਤਿਆਂ ਨੂੰ ਨਹੀਂ ਪਤਾ। ਗੁਰਮਤਿ ਜੋ ਹੈ ਇਹ ਅਦ੍ਵੈਤ ਸਿਧਾਂਤ ਹੈ। ਅਦ੍ਵੈਤ ਉਹ ਹੁੰਦਾ ਹੈ ਕਿ ਵਾਹਿਗੁਰੂ ਤੋਂ ਬਗੈਰ ਹੋਰ ਸੰਸਾਰ ਅੰਦਰ ਕੋਈ ਹੈ ਨਹੀਂ। ਆਪੇ ਹੀ ਹੈ ਉਹ। ਇਕੋ ਇਕ ਹੈ ਦੂਸਰਾ ਨਹੀਂ ਹੈ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*

*ਅੰਗ - ੮੪੬*

ਗੁਰੂ ਮਹਾਰਾਜ ਨੇ ਜੋ ਸਿਧਾਂਤ ਸਪੱਸ਼ਟ ਕੀਤੇ ਨੇ ਉਹ ਸਾਡੀ ਸਮਝ ਤੋਂ ਬਾਹਰ ਨੇ ਅਸੀਂ ਪੜ੍ਹੀ ਤਾਂ ਜਾਂਦੇ ਹਾਂ। ਐਸਾ ਫੁਰਮਾਨ ਕਰਦੇ ਨੇ -

*ਧਾਰਨਾ - ਆਪੇ ਇਕ ਤੋਂ ਅਨੇਕ ਰੂਪ ਧਾਰ ਕੇ,*
*ਆਪੇ ਖੇਲ੍ਹੇ ਖੇਲੁ ਆਪਣੀ।*

ਕਿਉਂਕਿ ਸਾਨੂੰ ਨਾ ਪਤਾ ਹੋਣ ਕਰਕੇ, ਬੜੇ ਖਿਆਲਾਂ 'ਚ ਅਸੀਂ ਤੁਰੇ ਰਹਿੰਦੇ ਹਾਂ। ਜਿਹੜੇ ਸਾਨੂੰ ਮਾਇਆ ਦੇ ਵਿਚ ਫਸਾਉਂਦੇ ਤੇ ਅਗਿਆਨ ਦੇ ਵਿਚ ਧਕੇਲਦੇ ਜਾਂਦੇ ਨੇ। ਮਹਾਰਾਜ ਸਪੱਸ਼ਟ ਕਹਿੰਦੇ ਨੇ, ਗੁਰੂ ਦਸ਼ਮੇਸ਼ ਪਿਤਾ -

*ਏਕ ਮੂਰਤ ਅਨੇਕ ਦਰਸਨ ਕੀਨ ਰੂਪ ਅਨੇਕ।*
*ਖੇਲ ਖੇਲਨ ਅਖੇਲ ਖੇਲਨ ਅੰਤ ਕੋ ਫਿਰ ਏਕ।*

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥*

*ਅਕਾਲ ਉਸਤਤਿ*

ਪਾਣੀ ਦੇ ਵਿਚੋਂ ਲਹਿਰਾਂ ਉਠਦੀਆਂ ਨੇ ਉਹ ਪਾਣੀ ਦਾ ਹੀ ਰੂਪ ਨੇ। ਪਾਣੀ 'ਚੋਂ ਉਠਦੀਆਂ ਨੇ।

ਸੋ ਸਾਡਾ ਜੋ ਸਿਧਾਂਤ ਉਹ ਹੈ ***'ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥' (ਅੰਗ-੧੨੯੧)*** ('ਏਕੋ ਬ੍ਰਹਮੁ ਦੁਤੀਯ ਨਾਸਤਿ') ਇਕ ਵਾਹਿਗੁਰੂ ਆਪ ਹੀ ਖੇਲ੍ਹ ਰਿਹੈ। ਆਦਮੀ ਦੇ ਉਤੇ ਅਗਿਆਨ ਦਾ ਪੜ੍ਹਦਾ ਪੈਣ ਕਰਕੇ ਇਹ ਭੁੱਲ ਗਿਆ। ਇਹ ਅਗਿਆਨ ਨੂੰ ਦੂਰ ਕਰਨ ਵਾਸਤੇ ਹੀ ਮਹਾਂਪੁਰਸ਼ ਆਉਂਦੇ ਨੇ। ਉਹਨਾਂ ਨੇ ਗਿਆਨ ਦੇ ਨੇਤਰ ਖੋਲ੍ਹਣੇ ਹੁੰਦੇ ਨੇ ਅੰਦਰ। ਉਹਦੇ ਵਾਸਤੇ ਅਕਾਲ ਪੁਰਖ ਭੇਜਦੈ ਕਿ ਇਹ ਭੁੱਲ ਗਏ ਕਿਸੇ ਹੋਰ ਹੀ ਪਾਸੇ ਜਾ ਵੜੇ। ਦੱਸੋ ਇਹਨਾਂ ਨੂੰ।

*ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥*

*ਅੰਗ - ੪੬੩*

ਵਾਹਿਗੁਰੂ ਨੇ ਆਪਣੇ ਆਪ ਨੂੰ ਆਪੇ ਹੀ ਸਾਜ ਲਿਆ -

*ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।*
*ਏਕੰਕਾਰਹੁ ਸਬਦੁ ਧੁਨਿ ਓਅੰਕਾਰ ਅਕਾਰੁ ਬਣਾਇਆ॥*

*ਭਾਈ ਗੁਰਦਾਸ ਜੀ, ਵਾਰ ੨੬/੨*

ਓਅੰਕਾਰ ਦੇ ਕਹਿਣ ਦੇ ਨਾਲ ਹੀ ਸਾਰੀ ਸ੍ਰਿਸ਼ਟੀ ਬਣ ਗਈ।

*ਕੀਤਾ ਪਸਾਉ ਏਕੋ ਕਵਾਉ ॥*
*ਤਿਸ ਤੇ ਹੋਏ ਲਖ ਦਰੀਆਉ ॥* *ਅੰਗ - ੩*

*ਪ੍ਰਿਥਮੈ ਓਅੰਕਾਰ ਤਿਨ ਕਹਾ*
*ਸੋ ਧੁਨ ਪੂਰ ਜਗਤ ਮੋਹ ਰਹਾ॥* *ਦਸਮ ਗ੍ਰੰਥ*

ਪਹਿਲਾਂ ਕਹਿੰਦੇ ਸੀ ਕਿ ਇਹ ਪ੍ਰਮਾਣੂਆਂ ਤੋਂ ਬਣੀ ਹੈ। ਸਾਇੰਸ ਨੇ ਤਰੱਕੀ ਕਰੀ ਕਹਿੰਦੇ, ਨਹੀਂ, ਇਲੈਕਟ੍ਰਾਨ, ਪ੍ਰੋਟਾਨ, ਨਿਊਟ੍ਰਾਨ ਤੋਂ ਬਣੀ ਹੈ। ਹੋਰ ਤਰੱਕੀ ਕਰੀ ਕਹਿੰਦੇ ਇਹ ਤਾਂ ਐਨਰਜੀ ਤੋਂ ਸ੍ਰਿਸ਼ਟੀ ਬਣੀ ਹੈ ਸਾਰੀ। ਹੋਰ ਤਰੱਕੀ ਕਰੀ ਕਹਿੰਦੇ, ਨਹੀਂ ਇਕ ਬਿਗ-ਬੈਂਗ ਹੋਇਆ ਸੀਗਾ। ਬੜਾ ਭਾਰੀ

ਧਮਾਕਾ ਹੋਇਆ ਸੀ, ਉਸ ਧਮਾਕੇ ਦੀ ਜਿਹੜੀ ਗਰਮੀ ਸੀ, ਐਨਰਜੀ ਸੀ ਉਸ ਨੇ ਇਲੈਕਟ੍ਰੀਸਿਟੀ ਪੈਦਾ ਕਰੀ। ਇਲੈਕਟ੍ਰੀਸਿਟੀ ਤੋਂ ਪ੍ਰਮਾਣੂ ਹੋਏ। ਪ੍ਰਮਾਣੂਆਂ ਤੋਂ ਸੰਸਾਰ ਹੋ ਗਿਆ। ਲੇਕਿਨ ਮਹਾਰਾਜ ਕਹਿੰਦੇ, ਇਸ ਤਰ੍ਹਾਂ ਨਹੀਂ ਹੋਇਆ ਪਿਆਰਿਓ –

*ਆਪੁ ਆਪੁਨੀ ਬੁਧਿ ਹੈ ਜੇਤੀ॥*
*ਬਰਨਤ ਭਿੰਨ ਭਿੰਨ ਤੁਹਿ ਤੇਤੀ॥*
*ਤੁਮਰਾ ਲਖਾ ਨ ਜਾਇ ਪਸਾਰਾ॥*
*ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥ ਪਾਤਸ਼ਾਹੀ ੧੦*

ਅਕਾਲ ਪੁਰਖ ਆਪੇ ਹੀ ਇਕ ਤੋਂ ਅਨੇਕ ਹੋ ਕੇ ਆਪਣੀ ਖੇਲ੍ਹ ਦੇ ਵਿਚ ਖੇਲ੍ਹ ਰਿਹੈ, ਫਿਰ ਅਸੀਂ ਭੁੱਲ ਕਿਉਂ ਗਏ? ਮਹਾਰਾਜ ਕਹਿੰਦੇ, ਭੁੱਲ ਗਏ ਤਾਂ ਕਿਉਂਕਿ ਇਕ ਤੱਤ –

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥ ਅੰਗ – ੯੪੬*

ਇਹ ਨਾਮ ਮੰਡਲ ਤੋਂ ਸੁਰਤ ਦਾ down fall ਹੋ ਗਿਆ, ਉਹਦੇ ਵਿਚ ਮੈਂ ਤੇ ਤੂੰ ਪੈਦਾ ਹੋ ਗਈ। ਹੰਗਤਾ ਤੇ ਮਮਤਾ ਪੈਦਾ ਹੋ ਗਈ ਜਿਹਨੂੰ ਹਉਮੈ ਕਹਿੰਦੇ ਨੇ, ਹਉਮੈ ਕਰਕੇ ਸੰਸਾਰ ਦੇ ਤਿੰਨ ਹਿੱਸੇ ਹੋ ਗਏ। ਅਖੰਡ ਜੋਤੀ ਜੋ ਪਾਰਬ੍ਰਹਮ ਪ੍ਰਮੇਸ਼ਰ ਦੀ ਹੈ ਇਹ ਹਉਮੈ ਨੇ ਤਿੰਨ ਟੁਕੜੇ ਕਰ ਦਿਤੇ। ਇਕ ਟੁਕੜਾ ਸੰਸਾਰ ਬਣਾ ਦਿਤਾ, ਇਕ ਟੁਕੜਾ ਮੈਂ ਬਣਾ ਦਿਤਾ, ਇਕ ਟੁਕੜਾ ਈਸ਼ਵਰ ਬਣਾ ਦਿਤਾ। ਹੈ ਵਾਹਿਗੁਰੂ ਜਿਵੇਂ ਅੱਖ ਦੇ ਵਿਚ ਫਰਕ ਪਾ ਲਈਏ, ਕੋਏ ਦੇ ਕੋਲ ਉਂਗਲੀ ਨਾਲ ਦੱਬ ਦੇਈਏ। ਚੰਦ ਵਲ ਦੇਖਦੇ ਹੋਈਏ। ਦੋ ਚੰਦ ਦਿਖਣ ਲਗ ਜਾਂਦੇ ਨੇ। ਜਿੰਨਾਂ ਜ਼ੋਰ ਲਗਦੈ ਲਾ ਲਓ। ਉਹਨੂੰ ਕਹੀ ਜਾਓ ਕਿ ਇਕ ਹੈ, ਕਹਿੰਦਾ ਨਹੀਂ ਦੋ ਨੇ। ਜੇ ਨੁਕਸ ਪੱਕਾ ਪੈ ਜਾਵੇ, ਉਹਨੇ ਸਾਰੀ ਜ਼ਿੰਦਗੀ ਦੋ ਕਹੀ ਜਾਣੇ ਨੇ। ਜਿਨ੍ਹਾਂ ਦੀ ਅੱਖ ਖੁਲ੍ਹੀ ਹੈ ਉਹਨਾਂ ਨੇ ਇਕ ਕਹੀ ਜਾਣੈ। ਫਰਕ ਐਨਾ ਹੀ ਹੈ। ਜਿਹਨੂੰ ਗਿਆਨ ਹੋ ਜਾਂਦੈ, ਨੇਤਰ ਜਿਹਦੇ ਖੁਲ੍ਹ ਜਾਂਦੇ ਨੇ ਉਹਨੂੰ ਸਪੱਸ਼ਟ ਪਤਾ ਲਗ ਜਾਂਦੈ ਕਿ ਇਥੇ ਹੈ ਕੀ।

ਸੋ ਭਾਈ ਘਨੱਈਆ ਕਹਿਣ ਲੱਗਿਆ, ਖਾਨ ਸਾਹਿਬ! ਸਾਨੂੰ ਇਹ ਜਾਨਣ ਦੀ ਲੋੜ ਨਹੀਂ ਹੈ ਕਿ ਕੌਣ ਹੈ, ਕਿਹੜਾ ਹੈ। ਅਸੀਂ ਤਾਂ ਪਾਣੀ ਪਿਲਾਉਣੈ। ਕਹਿੰਦਾ, ਕੀਹਨੂੰ ਪਾਣੀ ਪਿਲਾਉਂਦੈ? ਕਹਿੰਦਾ ਮੈਂ ਆਪਣੇ ਗੁਰੂ ਨੂੰ ਪਿਲਾਉਂਦਾ ਹਾਂ। ਮੈਨੂੰ ਹੋਰ ਕੋਈ ਨਜ਼ਰ ਨਹੀਂ ਆਉਂਦਾ ਗੁਰੂ ਤੋਂ ਬਗੈਰ।

ਕਹਿੰਦਾ, ਤੁਹਾਡੇ ਵਿਚ ਵੈਰ ਵਿਰੋਧ ਨਹੀਂ ਹੁੰਦਾ।

ਕਹਿੰਦਾ ਨਾਂਹ।

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥ ਅੰਗ- ੧੨੯੯*

ਸਾਡੇ ਵਾਸਤੇ ਤਾਂ ਗੁਰੂ ਨੇ ਵੈਰੀ ਦੀ ਕੋਈ ਪਰਿਭਾਸ਼ਾ ਰੱਖੀ ਹੀ ਨਹੀਂ ਹੈ। ਸਾਰੇ ਮਿੱਤਰ ਹੀ ਨੇ, ਸਭ ਸਾਡੇ ਸੱਜਣ ਨੇ। ਦੂਜਾ ਨਹੀਂ ਕੋਈ। ਸੱਜਣਾ ਤੋਂ ਵੀ ਜੇ ਕਹਿ ਦੇਈਏ ਕਿ ਸਭ ਆਪਣਾ ਆਪ ਹੀ ਹੈ। ਐਸੇ ਬਚਨ ਹੋ ਰਹੇ ਸੀ। ਕਹਿਣ ਲੱਗਿਆ, ਫੇਰ ਤਾਂ ਅਸੀਂ ਗੁਰੂ ਨਾਲ ਅਕਾਰਨ ਵਿਰੋਧ ਕਰਦੇ ਹਾਂ। ਇਹ ਤਾਂ ਫੇਰ ਫਰਿਸ਼ਤੇ ਨੇ, ਖੁਦਾ ਨੇ। ਫੇਰ ਅਸੀਂ ਇਹਨਾਂ ਦੇ ਉਤੇ ਫੌਜਾਂ ਚਾੜ੍ਹ-ਚਾੜ੍ਹ ਲਿਆਉਂਦੇ ਹਾਂ। ਬੜਾ ਭੁਲੇਖਾ ਪਿਆ ਹੋਇਆ ਹੈ। ਜਦ ਇਕ ਸਿੱਖ ਦੇ ਅੰਦਰ ਇਹ ਨਿਹਚਾ ਹੈ। ਕਹਿੰਦਾ, ਫੇਰ ਯੁੱਧ-ਜੰਗ ਕਿਉਂ ਕਰਦੇ ਨੇ?

ਕਹਿੰਦੇ, ਮੇਰੇ ਗੁਰੂ ਨੇ ਕਦੇ ਕਿਸੇ 'ਤੇ ਹਮਲਾ ਕਰਿਆ ਹੈ?

ਉਹ ਆਉਂਦੇ ਨੇ, ਤੁਸੀਂ ਜਿਸ ਭਾਵਨਾ ਨਾਲ ਆਉਂਦੇ ਹੋਂ, ਉਹ ਤੁਹਾਡੀ ਭਾਵਨਾ ਪੂਰੀ ਕਰ ਦਿੰਦੇ ਨੇ। ਵੈਰ ਭਾਵਨਾ ਲੈ ਕੇ ਆਉਂਦੇ ਹੋਂ, ਜਿਵੇਂ ਸ਼ੀਸ਼ੇ 'ਚ ਮੂੰਹ ਹੁੰਦੈ, ਆਪਣਾ ਹੀ ਮੂੰਹ ਦੇਖੀਦੈ। ਸ਼ੁਧ ਹਿਰਦੇ ਨਾਲ ਆਓ, ਮਹਾਰਾਜ ਤੁਹਾਨੂੰ ਬਰਕਤਾਂ ਹੀ ਬਰਕਤਾਂ ਦੇਣਗੇ। ਐਨੇ ਬਚਨ ਹੋ ਹੀ ਰਹੇ ਸੀ, ਉਸੇ ਵੇਲੇ ਉਹਨਾਂ ਨੇ ਕਿਹਾ, ਭਾਈ ਘਨੱਈਆ! ਤੈਨੂੰ ਗੁਰੂ ਦਸ਼ਮੇਸ਼ ਪਿਤਾ ਬੁਲਾ ਰਹੇ ਨੇ। ਉਥੇ ਪਹੁੰਚ ਜਾਂਦਾ ਹੈ। ਸਾਰੇ ਸੁਣਨ ਵਾਸਤੇ ਉਤਸਕ ਨੇ ਕਿ ਕੀ ਸਵਾਲ ਜਵਾਬ ਹੁੰਦੈ? ਅੱਜ ਮਹਾਰਾਜ ਕੀ ਸਜ਼ਾ ਦੇਣਗੇ ਇਸ ਨੂੰ। ਕੀ ਇਹ ਸੱਚਮੁੱਚ ਜਾਸੂਸ ਹੈ ਜਾਂ ਸਾਨੂੰ ਹੀ ਲਗਦਾ ਹੈ। ਉਸ ਵੇਲੇ ਗੁਰੂ ਮਹਾਰਾਜ ਦੇ ਪਾਸ ਜਾ ਕੇ ਡੰਡਵਤ ਪ੍ਰਣਾਮ ਕਰਦੇ ਨੇ, ਬੰਦਨਾ ਕੀਤੀ। ਖੜ੍ਹੇ ਹੋ ਗਏ, ਗਲ 'ਚ ਪੱਲਾ ਪਾਇਆ ਹੋਇਐ। ਹੱਥ ਬੰਨ੍ਹ ਹੋਏ ਨੇ। ਕਹਿਣ ਲੱਗੇ, ਮਹਾਰਾਜ! ਹੁਕਮ?

ਗੁਰੂ ਮਹਾਰਾਜ ਕਹਿਣ ਲੱਗੇ, ਭਾਈ ਘਨੱਈਆ! ਤੂੰ ਪਾਣੀ ਕੀਹਨੂੰ ਪਿਲਾਉਂਦਾ ਰਿਹੈਂ? ਮੁਸਲਮਾਨਾਂ ਨੂੰ ਪਿਲਾਉਂਦਾ ਰਿਹੈਂ?

ਕਹਿੰਦਾ, ਨਹੀਂ ਮਹਾਰਾਜ।

ਉਹ ਸਿੱਖ ਉਸੇ ਵੇਲੇ ਕਹਿਣ ਲੱਗੇ, ਸੱਚੇ ਪਾਤਸ਼ਾਹ! ਡਰਦਾ ਗਲਤ ਗੱਲ ਕਹਿੰਦੈ। ਅਸੀਂ ਜਿਸ ਵਕਤ ਇਹਦੇ ਨਾਲ ਗੱਲ ਕਰੀ ਹੈ ਉਸ ਵੇਲੇ ਉਹ ਮੁਗਲ ਖਾਨ ਜਿਹੜਾ ਅੱਜ ਬੀੜਾ ਚੁੱਕ ਕੇ ਲਿਆਇਆ ਸੀ ਕਿ ਆਪ ਨੂੰ ਸ਼ਹੀਦ ਕਰਨ ਜਾਂ ਗ੍ਰਿਫਤਾਰ ਕਰਨ ਦਾ, ਉਹ ਮੂਰਛਤ ਕਰਕੇ ਸੁੱਟ ਦਿਤਾ ਸੀ ਕਿ ਰਾਤ ਨੂੰ ਆਪੇ ਹੀ ਮਰ ਜਾਏਗਾ। ਖੂਨ ਉਹਦਾ ਚੱਲ ਰਿਹਾ ਸੀ। ਮਹਾਰਾਜ, ਇਹਨੇ ਪਾਣੀ ਪਿਲਾ ਕੇ ਸੁਰਜੀਤ ਕਰ ਦਿਤਾ। ਕੁਝ ਗੱਲਾਂ ਕਰਦਾ ਸੀ ਉਸ ਸਮੇਂ ਉਸ ਨਾਲ। ਲਗਦੈ ਸ਼ਾਇਦ ਇਹ ਜਾਸੂਸ ਹੀ ਹੋਵੇ।

ਕਹਿੰਦੇ, ਤੁਸੀਂ ਖਾਮੋਸ਼ ਰਹੋ। ਕਹਿੰਦੇ, ਘਨੱਈਆ! ਫੇਰ ਜੇ ਤੂੰ ਮੁਸਲਮਾਨਾਂ ਨੂੰ ਪਾਣੀ ਨਹੀਂ ਪਿਲਾਇਆ, ਫੇਰ ਪਹਾੜੀ ਫੌਜਾਂ ਨੂੰ ਪਿਲਾਇਆ ਹੋਣੈ?

ਕਹਿੰਦਾ, ਨਹੀਂ ਮਹਾਰਾਜ।

ਕਹਿੰਦੇ, ਫੇਰ ਤੂੰ ਖਾਲਸੇ ਨੂੰ ਪਾਣੀ ਪਿਲਾਇਐ?

ਕਹਿੰਦਾ, ਨਹੀਂ ਮਹਾਰਾਜ।

ਕਹਿੰਦੇ ਫੇਰ ਪਾਣੀ ਕੀਹਨੂੰ ਪਿਲਾਉਂਦਾ ਰਿਹਾ?

ਕਹਿੰਦਾ, ਸੱਚੇ ਪਾਤਸ਼ਾਹ! ਜਿਸ ਵਕਤ ਮੇਰੀਆਂ ਅੱਖਾਂ ਦੇ ਵਿਚ ਹਨ੍ਹੇਰਾ ਸੀ ਉਸ ਵੇਲੇ ਮੈਨੂੰ ਵੀ ਇਵੇਂ ਜਿਵੇਂ ਦਿਸਦਾ ਸੀ ਕਿ ਇਸਲਾਮ ਦਾ ਹੈ, ਆਹ ਹਿੰਦੂ ਹੈ, ਆਹ ਚੰਗਾ ਹੈ, ਮੰਦਾ ਹੈ, ਆਹ ਵੱਡਾ ਹੈ, ਆਹ ਛੋਟਾ ਹੈ। ਸੱਚੇ ਪਾਤਸ਼ਾਹ! ਜਿਸ ਵਕਤ ਆਪ ਜੀ ਦੀ ਕ੍ਰਿਪਾ ਹੋਈ ਤੁਸੀਂ ਗਿਆਨ ਦਾ ਸੁਰਮਾ ਮੇਰੇ ਨੇਤਰਾਂ 'ਚ ਪਾ ਦਿਤਾ। ਮੇਰੇ ਨੇਤਰਾਂ ਤੋਂ ਜੋ ਮੋਤੀਆ ਬਿੰਦ ਸੀ ਉਹ ਲਹਿ ਗਿਆ। ਲਹਿਣ ਦੇ ਨਾਲ ਮੇਰੇ ਜੋ ਅੰਤਰੀਵ ਨੇਤਰ ਸੀ ਉਹ ਖੁਲ੍ਹ ਗਏ। ਇਸ ਤਰ੍ਹਾਂ ਪੜ੍ਹ ਲਓ–

*ਧਾਰਨਾ – ਗੁਰਾਂ ਨੇ ਮੇਰੇ ਓ ਨੈਣ ਖੋਲ੍ਹ 'ਤੇ,*
*ਮੈਨੂੰ ਸਾਰੀਆਂ ਘਟਾਂ ਦੇ ਵਿਚ ਦਿਸਿਆ।*

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥*
*ਅੰਗ – ੨੯੩*

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ – ੪੦੭*

ਪਾਤਸ਼ਾਹ! ਮੈਨੂੰ ਤਾਂ ਹੋਰ ਕੋਈ ਨਜ਼ਰ ਨਹੀਂ ਆ ਰਿਹਾ –

*ਸੱਦ ਕਨ੍ਹੱਯੇ ਗੁਰਾਂ ਪੁੱਛਿਆ*
*ਸਾਰੀ ਗੱਲ ਸੁਣਾਈ।*
*ਸੀਸ ਨਿਵਾਇਆ ਰੰਗ ਰਤੜੇ ਨੇ*
*ਬਿਨਤੀ ਮੁਖੋਂ ਅਲਾਈ –*
*"ਤੈਨੂੰ ਪਿਆ ਪਿਲਾਵਾਂ ਪਾਣੀ*
*ਸਿਰ ਮੇਰੇ ਦੇ ਸਾਂਈਂ!*
*"ਤੁਰਕ ਅਤੁਰਕ ਨ ਦਿਸਦਾ ਮੈਨੂੰ*
*ਤੂੰ ਸਾਰੇ ਦਿਸ ਆਈਂ।*
*"ਪਿਆਰੇ ਦੇ ਇਕ ਪਿਆਰ ਪ੍ਰੋਤਾ*
*ਉਸ ਦੀ ਸੇਵ ਕਰਾਵਾਂ,*
*"ਉਸ ਨੂੰ ਦੇਖਾਂ, ਉਸ ਨੂੰ ਸੇਵਾਂ,*
*ਪਾਣੀ ਉਨੂੰ ਪਿਲਾਵਾਂ"।*
*ਹੱਸੇ ਤੇ ਗਲ ਲਾਇਆ ਪਯਾਰਾ*
*ਡੱਬੀ ਹੱਥ ਫੜਾਈ –*
*"ਪਾਣੀ ਨਾਲ ਮਲ੍ਹਮ ਬੀ ਰੱਖੀਂ*
*ਲੋੜ ਪਈ ਤੇ ਲਾਈਂ"।*

*ਪੰਨਾ – 245-46*
*(ਸ੍ਰੀ ਕਲਗੀਧਰ ਚਮਤਕਾਰ)*

ਬੁੱਕਲ 'ਚ ਲੈ ਲਿਆ, ਕਹਿੰਦੇ, ਘਨੱਈਆ! ਤੂੰ ਸਿੱਖੀ ਦੀ ਪੀਐਚ.ਡੀ ਕਰ ਲਈ। ਹੁਣ ਇਕੱਲਾ ਪਾਣੀ ਨਾ ਪਿਲਾਈਂ, ਮੱਲ੍ਹਮ ਵੀ ਰੱਖ ਤੇ ਪੱਟੀਆਂ ਵੀ ਰੱਖ। ਜਿਥੇ ਲੋੜ ਪਵੇ ਉਥੇ ਮਲ੍ਹਮ ਵੀ ਲਾਈਂ ਤੇ ਪੱਟੀਆਂ ਵੀ ਕਰੀਂ।

ਗੁਰੂ ਦਸ਼ਮੇਸ਼ ਪਿਤਾ –

*ਸਤਿਗੁਰ ਪੁਰਖ ਅਗੰਮ ਹੈ ਨਿਰਵੈਰੁ ਨਿਰਾਲਾ।*

ਕੌਣ ਸਮਝ ਜਾਏਗਾ, ਉਹਨਾਂ ਨੂੰ? ਜਿਵੇਂ ਥੋੜ੍ਹੀ ਦੇਰ ਪਹਿਲਾਂ ਸੰਤ ਦਸ ਰਹੇ ਸੀ ਕਿ ਇਕੋ ਗੱਲ ਕਰੀ ਜਾਂਦੇ ਨੇ ਕਿ ਗੁਰੂ ਸਾਹਿਬ ਸਾਰੀ ਜ਼ਿੰਦਗੀ ਤਲਵਾਰਾਂ ਹੀ ਚਲਾਉਂਦੇ ਰਹੇ। ਉਹ ਜਿਹੜਾ ਉਹਨਾਂ ਦਾ ਲਿਟਰੇਰੀ ਪੱਖ ਹੈ ਉਹ ਕਿਸੇ ਨੇ ਦੇਖਿਆ ਹੀ ਨਹੀਂ ਹੈ। 102 ਲਿਖਾਰੀ ਰੱਖੇ ਹੋਏ ਸੀ। ਬੜੇ ਵੱਡੇ-ਵੱਡੇ ਗ੍ਰੰਥ ਆਪ ਨੇ ਲਿਖਾਏ। ਮਹਾਂਭਾਰਤ ਦਾ ਜਦੋਂ 18ਵਾਂ ਪੁਰਬ ਲਿਖਾਇਆ। ਮੰਗਲ ਕਵੀ ਇਥੇ ਦਾ ਰਹਿਣ ਵਾਲਾ ਸੀ, ਪਹਾੜ ਦਾ, ਜੰਮੂ ਦਾ। ਉਹਨੂੰ ਮਹਾਰਾਜ ਨੇ ਐਨਾ ਇਨਾਮ ਦਿਤਾ, 200 ਸਿੰਘ ਉਹਦੀ ਰਾਖੀ ਵਾਸਤੇ ਨਾਲ ਭੇਜਿਆ ਕਿ ਇਹਦੇ ਘਰ ਛੱਡ ਆਓ ਸਾਰਾ ਕੁਛ। ਜਦੋਂ ਰਾਏਪੁਰ ਰਾਣੀ ਦੇ ਰਾਜ ਵਿਚੋਂ ਲੰਘਣ ਲੱਗੇ ਤਾਂ ਰਾਣੀ ਨੇ ਉਹਨਾਂ ਨੂੰ

ਦੁਸ਼ਮਣ ਸਮਝ ਕੇ ਤੋਪ ਦਾ ਗੋਲਾ ਚਲਾਇਆ। ਉਹਨਾਂ ਨੇ ਚਿੱਟਾ ਝੰਡਾ ਕਰਿਆ। ਰਾਣੀ ਨੂੰ ਮਿਲ ਕੇ ਕਹਿਣ ਲੱਗੇ, ਮਹਾਰਾਣੀ ਸਾਹਿਬ! ਮੈਂ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਇਕ ਕਵੀ ਹਾਂ, ਉਹਨੇ ਮੈਨੂੰ ਐਨੀਆਂ ਦਾਤਾਂ ਦੇ ਦਿਤੀਆਂ ਕਿ ਰਾਜੇ ਵੀ ਇਹ ਸਮਝਣ ਲਗ ਗਏ ਕਿ ਕੋਈ ਰਾਜਾ ਚੜ੍ਹਿਆ ਆ ਰਿਹੈ। ਉਹ ਤਾਂ ਦਾਨੀ ਬਹੁਤ ਸੀ। ਦੋ ਲੱਖ ਮੋਹਰ ਦਿਤੀ ਸੀ ਉਸ ਵੇਲੇ ਦੀ। ਰਮਾਇਣ ਦੀ 60,000 ਮੋਹਰ ਦਿਤੀ ਸੀ। ਕਿੰਨਾ ਲਿਟਰੇਚਰ ਸੀ ਜੋ ਸਾਰਾ ਸਰਸੇ ਦੇ ਕੰਢੇ ਸੜ ਗਿਆ ਸਾਧਸੰਗਤ ਜੀ। ਕੁਛ ਪਾਣੀ ਵਿਚ ਰੁੜ੍ਹ ਗਿਆ, ਕੁਛ ਉਹਨਾਂ ਨੇ ਸਾੜ ਦਿਤਾ। ਉਹਨਾਂ ਦੇ ਜਿਹੜੇ ਜ਼ਿੰਦਗੀ ਦੇ ਹੋਰ ਪੱਖ ਸੀ ਉਹਨਾਂ ਅਸੀਂ ਵਿਚਾਰਦੇ ਨਹੀਂ।

ਸੋ ਆਪ ਨੇ ਜਿਸ ਵਕਤ ਪੰਥ ਦੀ ਸਾਜਨਾ ਕਰੀ ਉਸ ਘਟਨਾ ਦਾ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਆਪ ਨੇ ਬੜਾ ਭਾਰਾ ਦੀਵਾਨ ਵਿਸਾਖੀ ਨੂੰ ਬੁਲਾਇਆ ਤੇ ਕਈਆਂ ਦਾ ਖਿਆਲ ਹੈ ਕਿ 80,000 ਤੋਂ ਵੱਧ ਗੁਰਸਿੱਖ ਆਏ। ਕੋਈ ਕਹਿੰਦਾ ਹੈ ਲੱਖ ਤੋਂ ਵੱਧ ਇਕੱਠ ਸੀ। ਆਪਣੇ-ਆਪਣੇ ਇਤਿਹਾਸਕਾਰਾਂ ਦੀਆਂ ਬਾਤਾਂਚੀਤਾਂ ਨੇ। ਗੁਰੂ ਮਹਾਰਾਜ ਦਾ ਦੀਵਾਨ ਲੱਗਿਆ ਹੋਇਆ ਹੈ, ਉਸ ਵੇਲੇ ਆਪ ਅਚਾਨਕ ਖੜ੍ਹੇ ਹੋ ਗਏ। ਸ੍ਰੀ ਸਾਹਿਬ ਆਪ ਨੇ ਮਿਆਨ ਵਿਚੋਂ ਖਿੱਚ ਲਈ ਤੇ ਇਕ ਅਵਾਜ਼ ਦਿਤੀ ਕਿ ਮੇਰਾ ਪਿਆਰਾ ਸਿੱਖ ਮੈਨੂੰ ਇਕ ਦਾਨ ਦੇਵੇ। ਮੇਰਾ ਕੰਮ ਕਰੇ ਤੇ ਆਪਣੇ ਪ੍ਰਾਣ ਮੈਨੂੰ ਅਰਪ ਦੇਵੇ। ਹੰਗਤਾ ਤੇ ਮਮਤਾ ਦਾ ਜਿਹਦੇ ਅੰਦਰ ਨਾਸ਼ ਹੋਇਆ-ਹੋਇਆ ਹੈ, ਉਹ ਦੇਹ ਅਧਿਆਸ ਛੱਡ ਕੇ ਜਿਹਨੂੰ ਆਤਮ ਦਾ ਗਿਆਨ ਹੈ, ਉਹ ਧੀਰਜ ਦੇ ਨਾਲ ਆ ਕੇ ਮੇਰੇ ਕੋਲ ਸੀਸ ਦੇਵੇ।

ਉਸ ਵੇਲੇ ਭਾਈ ਦਇਆ ਸਿੰਘ ਜੀ ਆਪ ਨੇ ਸਰਵਣ ਕੀਤਾ। ਮਹਾਰਾਜ ਦਾ ਹੁਕਮ ਸਮਝਿਆ, ਉਸ ਵੇਲੇ ਉਠ ਕੇ ਤਿਆਰ ਹੋ ਗਏ। ਇਹਨੂੰ ਰੌਚਕ ਬਣਾਉਣ ਵਾਸਤੇ ਜਿਹੜੇ ਸਮਝਦੇ ਨਹੀਂ ਨਾ ਹੈ, ਬੜਾ ਗਲਤ ਕਰ ਦਿੰਦੇ ਨੇ ਇਤਿਹਾਸ ਨੂੰ ਕਿ ਜੀ, ਗੁਰੂ ਮਹਾਰਾਜ ਨੇ ਤਿੰਨ ਵਾਰੀ ਕਿਹਾ, ਕੋਈ ਨਾ ਉਠਿਆ। ਤੀਸਰੀ ਵਾਰੀ ਭਾਈ ਦਇਆ ਸਿੰਘ ਕੰਬਦੇ-ਕੰਬਦੇ ਉਠੇ।

ਇਸ ਤਰ੍ਹਾਂ ਲਿਖਣ ਵਾਲਿਆਂ ਨੂੰ ਪਤਾ ਨਹੀਂ ਹੈ ਕਿ ਗੁਰਸਿੱਖ ਕਿੱਥੇ ਵਸਦੈ। ਗੁਰਸਿੱਖ ਨੂੰ ਦੇਹ ਦਾ ਤੇ ਪ੍ਰਾਣਾਂ ਦਾ ਤਾਂ ਕੋਈ ਧਿਆਨ ਹੀ ਨਹੀਂ ਹੁੰਦਾ। ਉਹ ਤਾਂ ਗੁਰੂ ਨੂੰ ਹਰ ਵਕਤ ਹਾਜ਼ਰ ਨਾਜ਼ਰ ਜਾਣ ਕੇ ਕਹਿੰਦਾ ਹੈ -

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,*
*ਮੈਂ ਕਿਛੁ ਨਾਹੀ-ਮੈਂ ਕਿਛੁ ਨਾਹੀ।*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ ਅੰਗ - ੮੨੭*

ਸਿੱਖ ਤਾਂ ਬਣਦਾ ਹੀ ਨਹੀਂ ਹੈ ਕਿ ਮੈਂ ਕੁਛ ਹਾਂ। ਉਹਦੀ ਹਉਮੈ ਦਾ ਪੂਰਨ ਅਭਾਵ ਹੋਣ ਕਰਕੇ ਉਹਦੇ ਸਰੀਰ ਦੇ ਵਿਚ ਤਾਂ ਪ੍ਰਮੇਸ਼ਰ ਕੰਮ ਕਰ ਰਿਹਾ ਹੁੰਦਾ ਹੈ। ਇਕੋ ਜੋਤੀ ਹੁੰਦੀ ਹੈ, ਮੈਂ ਦਾ ਬੜਾ ਭਾਰਾ ਭੁਲੇਖਾ ਹੈ ਸਾਧਸੰਗਤ ਜੀ -

*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥*
*ਅੰਗ - ੬੨੪*

ਰੌਲਾ-ਗੌਲਾ ਜਿਹੜਾ ਹੈ ਸਾਰਾ ਮੈਂ ਦਾ ਹੀ ਹੈ। ਸਿੱਖ ਨੇ ਮੈਂ ਜਿਹੜੀ ਹੈ, ਉਹ ਗੁਰੂ ਦੇ ਚਰਨਾਂ 'ਤੇ ਪਹਿਲਾਂ ਹੀ ਰੱਖ ਦਿਤੀ ਹੁੰਦੀ ਹੈ।

ਜਦੋਂ ਅਵਾਜ਼ ਆਈ, ਉਸੇ ਵੇਲੇ ਭਾਈ ਸਾਹਿਬ ਬਾਰੇ ਲਿਖਿਆ ਹੈ ਕਿ ਸਦਾ ਤਾਂ ਕੋਈ ਜਿਉਂਦਾ ਨਹੀਂ ਹੈ। ਐਸਾ ਸਮਾਂ ਕਿਤੇ ਆਉਣੈ ਦੁਬਾਰਾ ਕਿ ਗੁਰੂ ਸੀਸ ਮੰਗੇ? ਤੇਰਾ ਸੀਸ ਤਾਂ ਗੁਰੂ ਦੇ ਕੰਮ ਆਉਣਾ ਹੈ।

ਅਰਾਮ ਦੇ ਨਾਲ ਮਸਤਕ ਨਿਵਾ ਕੇ, ਗੁਰੂ ਮਹਾਰਾਜ ਦੇ ਸਾਮ੍ਹਣੇ ਚਲੇ ਗਏ। ਜਾਣ ਦੇਣ ਦੀ ਦੇਰ ਹੈ, ਉਹਨਾਂ ਨੇ ਕਿਹਾ ਕਿ ਸੀਸ ਦੇਣਾ ਹੈ। ਇਸੇ ਤਰ੍ਹਾਂ ਵਾਰੀ-ਵਾਰੀ ਪੰਜਾਂ ਨੇ ਸੀਸ ਦਿਤਾ।

ਆਹ ਨਹੀਂ ਹੈ, ਆਹ ਤਾਂ ਡਰਪੋਕ ਗੱਲਾਂ ਨੇ ਕਿ ਜੀ ਨੱਠ ਗਏ, ਭੱਜ ਗਏ ਜੀ। ਸੋਚਦੇ ਨੇ ਕਿ ਮੈਂ ਦੇਵਾਂ ਕਿ ਨਾ ਦੇਵਾਂ। ਮੰਨੋਰੰਜਕ ਗੱਲਾਂ ਬਣਾਉਣ ਵਾਸਤੇ ਹੁੰਦੀਆਂ ਨੇ। ਸਿੱਖ ਦੀ ਇਹ ਕਰਨੀ ਕਮਾਈ ਨਹੀਂ ਹੁੰਦੀ। ਸਿੱਖ ਤਾਂ ਪਹਿਲਾਂ ਹੀ ਗੁਰੂ ਦਾ ਹੋਇਆ ਹੁੰਦੈ। ਦੇਹ ਅਧਿਆਸ ਨੂੰ ਸਮਝਦਾ ਹੀ ਕੱਖ ਨਹੀਂ-

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ਅੰਗ - ੧੩੬੫*

ਫੇਰ ਗੁਰੂ ਦਸਵੇਂ ਪਾਤਸ਼ਾਹ ਸੀਸ ਮੰਗਦੇ ਹੋਣ? ਇਥੇ ਬੜੇ ਭੁਲੇਖੇ ਪਏ ਹੋਏ ਨੇ। ਇਕ ਤਾਂ ਇਹ

ਕਹਿੰਦੇ ਨੇ ਕਿ ਗੁਰੂ ਮਹਾਰਾਜ ਤੰਬੂ 'ਚ ਲੈ ਗਏ, ਉਥੇ ਉਹਦਾ ਸੀਸ ਕੱਟ ਦਿਤਾ। ਦੂਜੇ ਇਹ ਕਹਿੰਦੇ ਨੇ ਕਿ ਸੀਸ ਨਹੀਂ ਕੱਟਿਆ, ਉਥੇ ਤਾਂ ਬੱਕਰੇ ਬੰਨ੍ਹੇ ਹੋਏ ਸੀ ਉਹ ਮਾਰ ਦਿਤੇ।

ਇਕ ਜਾਸੂਸ ਹੋਇਐ ਔਰੰਗਜ਼ੇਬ ਦਾ, ਉਹਦਾ ਨਾਮ ਅਬੁੱਲ ਤੁਰਾਨੀ ਸੀ, ਗੋਲਕੰਡੇ ਦੇ ਰਹਿਣ ਵਾਲਾ ਸੀ ਉਹ। ਉਹ ਬ੍ਰਾਹਮਣ ਤੋਂ ਮੁਸਲਮਾਨ ਬਣਿਆ ਸੀ। ਹਕੀਮ ਸੀ ਬੜਾ ਮੰਨਿਆ ਹੋਇਆ, ਔਰੰਗਜ਼ੇਬ ਨੇ ਦੇਖ ਕੇ ਕਿ ਤੂੰ ਬ੍ਰਾਹਮਣ ਹੈਂ ਪਿਛਲਾ ਤੇ ਤੈਨੂੰ ਪਛਾਨਣਾ ਕਿਸੇ ਨੇ ਨਹੀਂ। ਤੂੰ ਆਪਣੀ ਉਸੇ ਡਰੈਸ ਵਿਚ ਆਪਣਾ ਤਿਲਕ ਲਾ ਕੇ ਰਹੀਂ ਉਥੇ ਤੇ ਮੈਨੂੰ ਗੁਰੂ ਗੋਬਿੰਦ ਸਿੰਘ ਜੀ ਦੀਆਂ ਗਤੀਵਿਧੀਆਂ ਦੀਆਂ ਸਾਰੀਆਂ ਖਬਰਾਂ ਨਾਲ ਦੀ ਨਾਲ ਭੇਜੀ ਜਾਈਂ। ਸੋ ਉਹ ਜਾਸੂਸ ਵਿਚ ਬੈਠਾ ਸੀ। ਰਾਮਗੜ੍ਹੀਆ ਇਤਿਹਾਸ ਦਾ ਇਕ ਲਿਖਾਰੀ ਬਖਸ਼ੀ ਸਿੰਘ ਹੋਇਐ। ਉਹਨੇ ਗੱਲ ਲਿਖੀ ਹੈ ਕਿ ਉਹ ਵਿਚ ਬੈਠਾ ਸੀ ਤੇ ਉਹ ਲਿਖਦਾ ਹੈ ਕਿ ਗੁਰੂ ਮਹਾਰਾਜ ਨੇ ਸਿੱਖ ਦਾ ਸਿਰ ਸਾਰਿਆਂ ਦੇ ਸਾਮ੍ਹਣੇ ਕੱਟ ਦਿਤਾ। ਧੜ ਗਿਰ ਗਿਆ, ਸਿੱਖ ਛੱਡ ਦਿਤਾ। ਐਨੇ ਨੂੰ ਦੂਜਾ ਕਹਿ ਦਿਤਾ, ਤੀਜਾ ਕਹਿ ਦਿਤਾ, ਚੌਥਾ ਕਹਿ ਦਿਤਾ, ਉਹ ਪੰਜੇ ਹੀ ਪਏ ਨੇ। ਉਸ ਤੋਂ ਬਾਅਦ ਉਹ ਆਬ-ਏ-ਹਿਆਤ ਤਿਆਰ ਕਰਨ ਲਗ ਗਏ। ਪਾਣੀ ਆ ਗਿਆ, ਉਹਦੇ ਵਿਚ ਖੰਡਾ ਫੇਰਨਾ ਸ਼ੁਰੂ ਕਰਿਆ, ਉਸ ਤੋਂ ਬਾਅਦ ਉਹਨਾਂ ਨੇ ਕੋਈ ਕਲਾਮ ਪੜ੍ਹੀ, ਕੋਈ ਬਾਣੀ ਪੜ੍ਹੀ। ਉਹ ਬਾਣੀ ਦਾ ਮੈਂ ਐਨਾ ਜ਼ਬਰਦਸਤ ਅਸਰ ਦੇਖਿਆ, ਕਹਿੰਦੇ, ਉਹ ਸੀਸ ਧੜ ਦੇ ਨਾਲ ਲਾ ਕੇ ਛਿੱਟਾ ਮਾਰਨ ਤੇ ਨਾਲ ਅਵਾਜ਼ ਦੇਣ। ਭਾਈ ਦਇਆ ਸਿੰਘ ਉੱਠ ਖੜ੍ਹਾ ਹੋ।

ਕਹਿੰਦਾ, ਇਕ ਦਮ ਹੈਰਾਨੀ ਹੋ ਗਈ। ਜਿਹਦਾ ਨਾਉਂ ਲੈਂਦੇ ਸੀ, ਉਹ ਉਸੇ ਵੇਲੇ ਉਠ ਕੇ ਖੜ੍ਹਾ ਹੋ ਜਾਂਦਾ ਸੀ।

ਹੁਣ ਗੱਲ ਵਿਚਾਰਨ ਵਾਲੀ ਹੈ ਕਿ ਕੀ ਹੋ ਸਕਦੀ ਹੈ ਇਹ ਗੱਲ? ਕਿਉਂਕਿ ਅਸੀਂ ਤਾਂ ਸ਼ਰਧਾ 'ਚ ਆ ਕੇ ਕਹਿ ਦੇਵਾਂਗੇ। ਕਈਆਂ ਨੇ ਮੰਨਣਾ ਹੀ ਨਹੀਂ ਹੈ। ਲੇਕਿਨ ਅਸੀਂ ਜਦੋਂ ਇਤਿਹਾਸ ਦੇਖਦੇ ਹਾਂ, ਤਾਂ ਇਤਿਹਾਸ ਦੇ ਵਿਚ ਪਹਿਲਾਂ ਹੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਜਮੁਨਾ ਦੇ ਕਿਨਾਰੇ ਬਿਰਾਜਮਾਨ ਨੇ। ਅੰਮ੍ਰਿਤ ਵੇਲੇ ਜਦੋਂ ਉਠ ਕੇ ਸਮਾਧੀ 'ਚ ਲੀਨ ਹੋਣ ਲੱਗੇ ਤਾਂ ਉਸ ਵੇਲੇ ਮਹਾਵਤਾਂ ਦੇ ਚੀਕ ਚਿਹਾੜੇ ਦੀ ਅਵਾਜ਼ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਕੰਨਾਂ 'ਚ ਪਈ। ਮਹਾਰਾਜ ਨੇ ਭਾਈ ਮਰਦਾਨੇ ਨੂੰ ਭੇਜਿਆ। ਮਰਦਾਨਿਆਂ! ਦੇਖ ਕੇ ਆ ਕੀ ਗੱਲ ਹੈ?

ਕਹਿੰਦਾ, ਸੱਚੇ ਪਾਤਸ਼ਾਹ ਹਾਥੀ ਮਰ ਗਿਆ। ਉਹ ਮਹਾਵਤ ਰੋ ਰਹੇ ਨੇ। ਮਹਾਰਾਜ ਕਹਿੰਦੇ, ਉਹਨਾਂ ਨੂੰ ਕਹੋ ਰੋਵੋ ਨਾ, ਉਹ ਤਾਂ ਜਿਊਂਦਾ ਹੈ। ਜਾ ਕੇ ਭਾਈ ਮਰਦਾਨੇ ਨੇ ਕਿਹਾ ਭਲਿਓ ਲੋਕੋ! ਤੁਸੀਂ ਕਿਉਂ ਰੋਂਦੇ ਹੋਂ, ਇਹ ਤਾਂ ਜਿਉਂਦਾ ਹੈ। ਇਹ ਗੁਰੂ ਪੀਰਾਂ ਦਾ ਬਚਨ ਹੈ।

ਉਹ ਜਦੋਂ ਹਾਥੀ ਕੋਲ ਗਏ, ਉਹ ਸੱਚੀਓਂ ਜਿਉਂਦਾ ਹੋ ਗਿਆ।

ਗੁਰੂ ਤੀਸਰੇ ਪਾਤਸ਼ਾਹ ਮਹਾਰਾਜ ਅੰਮ੍ਰਿਤ ਵੇਲੇ ਉਠ ਕੇ ਸ੍ਰੀ ਗੋਇੰਦਵਾਲ ਸਾਹਿਬ ਜਦੋਂ ਪ੍ਰਮੇਸ਼ਰ ਦੀ ਯਾਦ ਵਿਚ ਲੀਨ ਹੋਣ ਲੱਗੇ, ਸ੍ਵੈ ਸਰੂਪ ਦੇ ਵਿਚ। ਉਸ ਵੇਲੇ ਇਕ ਬੜੀ ਦਰਦਨਾਕ ਅਵਾਜ਼ ਟਿਕੀ ਹੋਈ ਰਾਤ 'ਚ 2 ਵਜੇ ਆਈ।

ਮਹਾਰਾਜ ਦਾ ਦਿਲ ਬਹੁਤ ਹੀ ਨਰਮ ਸੀ। ਸਿੱਖ ਨੂੰ ਭੇਜਿਆ ਜਾਹ ਪੁੱਛ ਕੇ ਆ ਕਾਹਦੀ ਅਵਾਜ਼ ਹੈ।

ਸਿੱਖ ਨੇ ਆ ਕੇ ਦਸਿਆ ਕਿ ਮਹਾਰਾਜ ਇਕ ਬ੍ਰਾਹਮਣੀ ਹੈ, ਉਸ ਦਾ ਜਵਾਨ ਇਕਲੌਤਾ ਪੁੱਤਰ ਚੜ੍ਹਾਈ ਕਰ ਗਿਆ ਤੇ ਰੋਂਦੀ ਹੈ। ਬਰਾਈ ਨਹੀਂ ਬਿਰਦੀ। ਮਹਾਰਾਜ ਕਹਿੰਦੇ, ਜਾਹ ਉਹਨੂੰ ਕਹਿ ਦੇ ਕਿ ਰੋਵੇ ਨਾ, ਸਵੇਰੇ ਸਾਡੇ ਕੋਲ ਲੈ ਆਵੇ। ਸਵੇਰਾ ਹੋ ਗਿਆ ਉਹ ਉਥੇ ਲਿਆਈ। ਮਹਾਰਾਜ ਨੇ ਕ੍ਰਿਪਾ ਕਰੀ ਉਹ ਜਿਉਂਦਾ ਹੋ ਗਿਆ। ਉਸ ਤੋਂ ਬਾਅਦ ਮਹਾਰਾਜ ਨੇ ਕਿਹਾ ਕਿ ਕੱਲ੍ਹ ਕਿਸੇ ਹੋਰ ਨੇ ਮਰਨੈ। ਧਰਮਰਾਜ ਨੂੰ ਬੁਲਾ ਲਿਆ ਕਹਿੰਦੇ ਜਿੰਨਾ ਚਿਰ ਸਾਡਾ ਸਰੀਰ ਹੈ, ਇਥੇ ਕੋਈ ਨਾ ਮਰੇ। ਗੋਇੰਦਵਾਲ ਸਾਹਿਬ ਕਾਲ ਨਾ ਆਵੇ, ਮੌਤ ਨਾ ਆਵੇ।

ਹੁਕਮ ਮੰਨਿਆ ਗਿਆ, ਜਿੰਨਾਂ ਚਿਰ ਤਕ ਮਹਾਰਾਜ ਦਾ ਸਰੀਰ ਰਿਹਾ, ਕੋਈ ਨਾ ਮਰਿਆ।

ਇਸੇ ਤਰ੍ਹਾਂ ਦੇ ਨਾਲ ਮੋਹਨ ਤੇ ਬਾਬਾ ਅਟੱਲ ਜੀ ਖੇਲ੍ਹ ਰਹੇ ਨੇ। ਪਿੱਤ ਵਿਚਾਲੇ ਰਹਿ ਜਾਂਦੀ ਹੈ। ਰਾਤ ਨੂੰ ਮੋਹਨ ਦੇ ਸੱਪ ਲੜ ਗਿਆ। ਜ਼ਹਿਰ ਫੈਲ ਗਈ ਸਾਰੇ ਸਰੀਰ ਦੇ ਅੰਦਰ, ਮਰ ਗਿਆ ਉਹ। ਸਵੇਰੇ ਬਾਬਾ ਜੀ ਕਹਿਣ ਲੱਗੇ, ਮੋਹਨ ਆਇਆ

ਨਹੀਂ? ਚਲੋ ਚੱਲੀਏ ਉਹਦੇ ਘਰ, ਉਹਨੂੰ ਬੁਲਾ ਕੇ ਲਿਆਈਏ। ਮੌਜ ਹੈ ਮਹਾਂਪੁਰਸ਼ਾਂ ਦੀ, ਛੋਟੇ ਬੱਚੇ ਸੀ।

ਉਥੇ ਗਏ। ਕਹਿਣ ਲੱਗੇ, ਮੋਹਨ ਨਹੀਂ ਅੱਜ ਆਇਆ ਸਾਡੇ ਨਾਲ ਖੇਲ੍ਹਣ ਵਾਸਤੇ? ਬੜੇ ਸਿਆਣੇ ਸੀ ਉਸ ਦੇ ਮਾਤਾ-ਪਿਤਾ ਜਿਹੜੇ ਸੀ। ਕਹਿਣ ਲੱਗੇ, ਬਾਬਾ ਜੀ! ਅੰਦਰ ਆ ਜਾਓ। ਕਹਿੰਦੇ, ਮੋਹਨ ਜਾਗਦਾ ਹੀ ਨਹੀਂ ਹੈ।

ਆਪ ਨੇ ਗਲ ਵਿਚ ਹਾਕੀ ਪਾਈ, ਕਹਿੰਦੇ, ਉਠਦਾ ਕਿਉਂ ਨਹੀਂ ਪਿੱਤ ਦੇਣ ਦਾ ਮਾਰਾ। ਉਠ।

ਉਥੇ ਵੇਲੇ ਉਠ ਕੇ ਖੜ੍ਹ ਗਿਆ, ਕਿਧਰੇ ਜ਼ਹਿਰ ਗਈ। ਉਸ ਵੇਲੇ ਮਹਾਰਾਜ ਨੇ ਚੰਗਾ ਨਾ ਸਮਝਿਆ। ਉਹਦੇ ਵਾਸਤੇ ਉਹਨੂੰ ਸਰੀਰ ਛੱਡਣਾ ਪਿਆ।

ਬਾਬਾ ਗੁਰਦਿੱਤਾ ਜੀ ਕੀਰਤਪੁਰ ਸਾਹਿਬ, ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਨੇ ਸ਼ਸ਼ਤਰ ਉਤਾਰ ਦਿਤੇ ਕਿ ਹੁਣ ਅਸੀਂ ਯੁੱਧ ਨਹੀਂ ਕਰਨਾ। ਉਹ ਬਾਹਰ ਜਾਂਦੇ ਨੇ ਸ਼ਿਕਾਰ ਦੇ ਵਾਸਤੇ ਤਾਂ ਉਥੇ ਇਕ ਗਊ ਸੀ, ਚਿਤਮ-ਚਿੱਤੀ। ਉਹਨਾਂ ਨੇ ਸਮਝਿਆ ਕਿ ਸ਼ੇਰ ਹੈ। ਉਹਨਾਂ ਨੇ ਬਾਣ ਮਾਰਿਆ। ਗਊ ਮਰ ਗਈ। ਪਹਾੜੀਆਂ ਨੇ ਰੌਲਾ ਪਾ ਦਿਤਾ। ਰੌਲਾ ਪਾਇਆ ਤਾਂ ਮਹਾਰਾਜ ਨੇ ਜੰਗ ਨਹੀਂ ਸੀ ਕਰਨਾ। ਉਹ ਕਹਿੰਦੇ, ਅਸੀਂ ਫਰਿਆਦ ਕਰਾਂਗੇ ਰਾਜੇ ਦੇ। ਦੁਬਿਧਾ 'ਚ ਪੈ ਗਏ ਕਿ ਜੇ ਰਾਜੇ ਦੀ ਫੌਜ ਆ ਗਈ ਤਾਂ ਵੀ ਬੜਾ ਮਾੜਾ ਕੰਮ ਹੋਏਗਾ ਤੇ ਉਹਨਾਂ ਨੇ ਉਸ ਵੇਲੇ ਜਲ ਲਿਆ, ਵਾਹਿਗੁਰੂ ਕਹਿ ਛਿੱਟਾ ਮਾਰਿਆ, ਗਊ ਉਠ ਕੇ ਖੜ੍ਹੀ ਹੋ ਗਈ। ਉਹਦੀਆਂ ਨਾੜਾਂ ਜਿਹੜੀਆਂ ਨਿਕਲ ਗਈਆਂ ਸੀ ਤੀਰ ਦੇ ਨਾਲ, ਉਹਨਾਂ ਨੂੰ ਕੁਛ ਵੀ ਨਹੀਂ ਹੋਇਆ, ਉਵੇਂ ਜਿਵੇਂ ਅਰਾਮ ਦੇ ਨਾਲ ਉਠ ਗਈ।

ਇਸੇ ਤਰ੍ਹਾਂ ਦੇ ਨਾਲ ਆਨਮਤਾਂ ਦੇ ਅੰਦਰ ਸਮਸ਼ਤਬਰੇਜ ਇਕ ਮਹਾਤਮਾ ਹੋਏ ਨੇ। ਨਵਾਬ ਨੇ ਆਪਣਾ ਮਰਿਆ ਹੋਇਆ ਲੜਕਾ ਲਿਆ ਕੇ ਰੱਖ ਦਿਤਾ। ਬਹੁਤ ਸਾਰੇ ਕਾਜ਼ੀ ਮੁੱਲਾਂ ਫੜੇ ਹੋਏ ਸੀ। ਲੰਮੀ ਸਾਖੀ ਹੈ। ਉਹਨੂੰ ਕਹਿਣ ਲੱਗੇ ਪੀਰ ਜੀ, ਕ੍ਰਿਪਾ ਕਰੋ। ਸਾਨੂੰ ਇਹਨੇ ਮਾਰ ਦੇਣੈ, ਜੇ ਤੁਸੀਂ ਜਿਉਂਦਾ ਨਾ ਕਰਿਆ।

ਉਹ ਆ ਗਏ, ਆ ਕੇ ਬੱਚੇ ਕੋਲ ਘੁੰਮਣ ਲਗ ਗਏ। ਕਹਿੰਦੇ, ਉਠ, ਖੁਦਾ ਕੇ ਹੁਕਮ ਸੇ ਉਠ ਖੜ੍ਹਾ ਹੋ।

ਉਹ ਹੋਇਆ ਨਾ।

ਦੂਸਰੀ ਵਾਰੀ ਕਿਹਾ, ਤੀਸਰੀ ਵਾਰੀ ਕਿਹਾ, ਕਹਿੰਦੇ ਬਈ ਖੁਦਾ ਕੇ ਹੁਕਮ ਸੇ ਤੋ ਉਠਤਾ ਨਹੀਂ। ਹੁਣ ਫੱਕਰ ਹੁਕਮ ਦਿੰਦੇ ਨੇ। ਕਹਿੰਦੇ, ਉਠ ਲੜਕੇ, ਫੱਕਰਾਂ ਦੇ ਹੁਕਮ ਨਾਲ। ਉਸੇ ਵੇਲੇ ਬੱਚਾ ਉਠ ਕੇ ਬਹਿ ਗਿਆ।

ਭਗਤ ਨਾਮਦੇਵ ਜੀ ਦੇ ਕੋਲ ਇਕ ਬੀਬੀ ਸਤੀ ਹੋਣ ਵਾਸਤੇ ਆਪਣੇ ਮਿਰਤਕ ਪਤੀ ਨੂੰ ਅਰਥੀ 'ਤੇ ਲਈਂ ਜਾਂਦੀ ਹੈ। ਮਨ 'ਚ ਖਿਆਲ ਆਇਆ ਕਿ ਮਹਾਂਪੁਰਸ਼ ਨੇ ਤੇ ਮੈਂ ਨਮਸ਼ਕਾਰ ਕਰ ਜਾਵਾਂ। ਨਮਸ਼ਕਾਰ ਕਰਨ ਆਈ ਤਾਂ ਮਹਾਂਪੁਰਸ਼ਾਂ ਨੇ ਅਸੀਸ ਦੇ ਦਿਤੀ ਕਿ ਬੇਟਾ! ਸੁਹਾਗ ਮਾਣ। ਅਰਥੀ ਵਾਪਸ ਕਰਕੇ, ਬਾਬਾ ਜੀ ਅੱਗੇ ਰੱਖ ਦਿਤੀ। ਕਹਿਣ ਲੱਗੀ, ਬਾਬਾ ਜੀ! ਮੇਰਾ ਸੁਹਾਗ ਤਾਂ ਆਹ ਪਿਆ ਹੈ। ਹੁਣ ਸਾਧੂ ਦਾ ਬਚਨ ਹੈ, ਸਾਧੂ ਦਾ ਬਚਨ ਤਾਂ ਟਲਦਾ ਨਹੀਂ ਹੈ। ਥੋੜ੍ਹੇ ਸਸੋਪੰਜ ਵਿਚ ਆਏ। ਅਵਾਜ਼ ਆਈ ਨਾਮਦੇਵ! ਤੂੰ ਮੇਰਾ ਪਿਆਰ ਭਗਤ ਕਿਉਂ ਫਿਕਰ ਕਰਦੈਂ। ਰਾਮ ਕਹਿ ਤੇ ਮੋਢੇ ਤੋਂ ਫੜ ਕੇ ਉਠਾ ਦੇ। ਨਾਮਦੇਵ ਜੀ ਉਠੇ, ਰਾਮ ਕਹਿ ਕੇ ਮੋਢੇ ਤੋਂ ਉਠਾ ਦਿਤਾ।

ਬਾਦਸ਼ਾਹ ਨੂੰ ਪਤਾ ਲੱਗਿਆ, ਉਹਨੇ ਮਰੀ ਹੋਈ ਗਊ ਅੱਗੇ ਰਖ ਦਿਤੀ। ਬਿਸਮਲ ਕਰਕੇ, ਗਲ ਕੱਟ ਕੇ, ਸਾਹ ਰਗ ਕੱਟ ਕੇ। ਕਹਿੰਦਾ, ਇਹਨੂੰ ਜਿਉਂਦੀ ਕਰ?

ਉਹਨੂੰ ਜਿਉਂਦਾ ਕਰਿਆ, ਆਪ ਨੇ।

ਸੋ ਇਸ ਤਰ੍ਹਾਂ ਦੀਆਂ ਬੇਅੰਤ ਸਾਖੀਆਂ ਨੇ।

ਡਾ. ਸਵਾਮੀ ਰਾਮ ਜੀ ਦਸਦੇ ਨੇ ਕਿ ਮੈਂ ਇਕ ਸੰਤ ਕੋਲ ਚਲਿਆ ਗਿਆ। ਉਹ ਬੜਾ ਕਰੂਰ ਬਿਰਤੀ ਦਾ ਸਾਧੂ ਸੀਗਾ। ਮੇਰੇ ਨਾਲ ਇਕ ਪੰਡਤ ਸੀ। ਜਦੋਂ ਉਥੇ ਗਏ। ਉਹ ਕਹਿੰਦਾ, ਜਾਹ ਪਾਣੀ ਲੈ ਕੇ ਆ। ਰਾਹ ਵਿਚ ਉਹ ਉਹਦੀ ਨਿੰਦਿਆ ਕਰਦਾ ਚਲਿਆ ਗਿਆ ਕਿ ਮਹਾਰਾਜ! ਇਹ ਤਾਂ ਘੋਰੀ ਪੰਥ ਦਾ ਹੈ। ਬੜਾ ਗਲਤ ਹੈ, ਸੋਟੀ ਰਖਦੈ। ਮਾਰਦੈ, ਨੇੜੇ ਨਹੀਂ ਜਾਣ ਦਿੰਦਾ। ਅਸੀਂ ਕਿਹਾ ਨਹੀਂ ਕੁਛ ਨਹੀਂ ਕਹਿੰਦਾ ਤੈਨੂੰ। ਕਹਿੰਦਾ, ਇਹਦਾ ਖਾਣਾ ਵੀ ਬੜਾ ਗੰਦਾ ਹੈ।

ਰਾਹ 'ਚ ਤਾਂ ਮੈਨੂੰ ਗਾਲ੍ਹਾਂ ਕੱਢਦਾ ਆਇਐਂ।

ਕਹਿੰਦਾ, ਜਾਹ ਪਾਣੀ ਲੈ ਕੇ ਆ। ਹੇਠਾਂ ਗੰਗਾ ਚਲਦੀ ਸੀ। ਪਾਣੀ ਲਿਆਇਆ। ਐਨੇ ਨੂੰ ਕਹਿੰਦਾ, ਉਹਨੇ ਛੁਰਾ ਕੱਢ ਲਿਆ, ਵੱਡਾ ਸਾਰਾ। ਅਸੀਂ ਕਿਹਾ ਪਤਾ ਨਹੀਂ ਇਹਦੇ ਨਾਲ ਕੀ ਕਰੇਗਾ। ਪਤਾ ਨਹੀਂ ਮਾਰ ਹੀ ਨਾ ਦੇਵੇ। ਕਹਿੰਦਾ, ਓ ਬ੍ਰਾਹਮਣ! ਹੇਠਾਂ ਜਾਹ, ਇਕ ਮੁਰਦਾ ਰੁੜ੍ਹਿਆ ਆ ਰਿਹੈ। ਉਹਦੇ 'ਚੋਂ ਦੋ ਸੇਰ ਮਾਸ ਕੱਟ ਕੇ ਲਿਆ। ਮੈਂ ਤੁਹਾਨੂੰ ਖਲਾਉਣੈਂ ਕੁਛ ਨਾ ਕੁਛ। ਤੁਸੀਂ ਦੋ ਜਣੇ ਆਏ ਹੋ। ਕਹਿੰਦੇ, ਉਹ ਤਾਂ ਡਰ ਗਿਆ। ਉਹ ਕਹਿੰਦਾ, ਮੈਂ ਤਾਂ ਕਦੇ ਵੀ ਮੁਰਦਾ ਨਹੀਂ ਕੱਟਿਆ। ਕਹਿੰਦਾ, ਫੇਰ ਨਹੀਂ ਕੱਟਿਆ ਤਾਂ ਮੈਂ ਤੈਨੂੰ ਕੱਟ ਲੈਂਦਾ ਹਾਂ। ਕਹਿੰਦਾ, ਉਹ ਡਰਦਾ-ਡਰਦਾ ਚਲਿਆ ਗਿਆ। ਕੱਟਣ ਜਾਣਦਾ ਨਹੀਂ ਸੀ, ਦੋ ਉਂਗਲੀਆਂ ਵੱਢ ਲਈਆਂ ਉਹਨੇ। ਖ਼ੂਨ ਚਲਦੈ। ਉਂਗਲੀਆਂ ਥੋੜ੍ਹੀਆਂ-ਥੋੜ੍ਹੀਆਂ ਮਾਸ ਹੀ ਜੁੜਿਆ ਹੋਇਆ ਸੀ। ਦਰਦ ਨਾਲ ਕਰਾਹੁੰਦਾ ਆਉਂਦੈ। ਜਦੋਂ ਆ ਗਿਆ ਸਾਡੇ ਕੋਲ। ਲਿਆ ਕੇ ਉਹਨੇ ਜਦੋਂ ਬੰਦੇ ਦਾ ਮਾਸ ਫੜਾਇਆ। ਕਹਿੰਦਾ, ਉਹਨੇ ਹੱਥ ਦੇ ਉਤੇ ਹੱਥ ਫੇਰ ਕੇ, ਕਹਿੰਦਾ ਆਹ ਕੀ ਹੋ ਗਿਆ? ਕਹਿੰਦਾ, ਮੇਰੀਆਂ ਉਂਗਲੀਆਂ ਵੱਢੀਆਂ ਗਈਆਂ। ਕਹਿੰਦਾ, ਕਿਹੜੀਆਂ? ਜਦੋਂ ਦੇਖਿਆ, ਨਾ ਕੋਈ ਉਂਗਲੀ ਕੱਟੀ ਹੋਈ, ਨਾ ਕੋਈ ਨਿਸ਼ਾਨ।

ਉਸ ਤੋਂ ਬਾਅਦ ਉਹਨੇ ਉਸ ਨੂੰ ਹੀ ਕਿਹਾ ਕਿ ਲਿਆ ਰੱਖ ਇਹਨੂੰ ਬਣਾ।

ਸਾਨੂੰ ਕਹਿੰਦਾ, ਤੁਹਾਨੂੰ ਖਿਲਾਉਣੈ, ਤੁਹਾਨੂੰ ਭੁੱਖ ਲੱਗੀ ਹੋਈ ਹੈ ਨਾ?

ਕਹਿੰਦੇ, ਮੈਂ ਕਿਹਾ, ਸਰ, ਅਸੀਂ ਸ਼ਾਕਾਹਾਰੀ ਹਾਂ।

ਕਹਿੰਦਾ, ਮੈਂ ਤੁਹਾਨੂੰ ਕੀ ਖਲਾਉਣ ਲੱਗਿਆ ਹਾਂ, ਸ਼ਾਕਾਹਾਰ ਹੀ ਖਲਾਵਾਂਗਾ।

ਕਹਿੰਦਾ, ਅਸੀਂ ਦੇਖਦੇ ਰਹੇ ਕਿ ਹੁਣ ਕੀ ਕਰਦੈ। ਉਸ ਤੋਂ ਉਹਨੂੰ ਕਹਿੰਦਾ, ਪੱਤਲਾਂ ਲਿਆ। ਪੱਤਲਾਂ ਲਿਆਦੀਆਂ। ਕਹਿੰਦਾ, ਕੜਛੀ ਲੈ ਕੇ ਪਾ। ਉਹ ਕਹਿੰਦਾ, ਸਵਾਮੀ ਜੀ! ਮੈਂ ਤਾਂ ਮਰ ਜਾਊਂ ਇਥੇ ਹੀ ਛੁਰਾ ਮਾਰ ਕੇ, ਜੇ ਇਹਨੇ ਮੈਨੂੰ ਮਾਸ ਖਿਲਾ ਦਿਤਾ। ਮੈਂ ਤਾਂ ਨਹੀਂ ਖਾਂਦਾ, ਮੈਂ ਦਰਿਆ ਵਿਚ ਛਾਲ ਮਾਰ ਦਊਂ। ਮੈਂ ਕਿਹਾ, ਕੋਈ ਨੀਂ, ਤੂੰ ਦੇਖ ਤਾਂ ਸਹੀ। ਜੇ ਸੱਚੀਮੁੱਚੀਂ ਹੋਏਗਾ ਤਾਂ ਆਪਾਂ ਦੋਵੇਂ ਨੱਠ ਚਲਾਂਗੇ।

ਕਹਿੰਦੇ, ਜਿਸ ਵਕਤ ਪਾਉਣ ਲੱਗਿਆ, ਕਹਿੰਦਾ ਸਵਾਮੀ! ਤੂੰ ਰਸਤੇ ਆਉਂਦਾ ਕਹਿੰਦਾ ਸੀ ਕਿ ਰਸਗੁੱਲੇ ਖਾਣੇ ਨੇ। ਕਹਿੰਦਾ, ਲੈ ਤੇਰੇ ਮਨ ਭਾਉਂਦੇ ਰਸਗੁੱਲੇ ਨੇ ਇਹ ਸਾਰੇ।

ਕਹਿੰਦੇ, ਹੈਰਾਨ ਹੋ ਗਏ ਅਸੀਂ ਕਿ ਰਸਗੁੱਲੇ ਕੱਢਣ ਲਗ ਗਿਆ।

ਮੈਂ ਕਿਹਾ, ਹਿਪਨੋਟਾਈਜ਼ ਨਾ ਕਰ ਦਿਤਾ ਹੋਵੇ ਸਾਨੂੰ। ਦੂਜੇ ਦਿਨ ਪੰਡਤ ਨੂੰ ਦੇ ਦਿਤਾ ਪ੍ਰਸ਼ਾਦ ਦੇ ਕੇ ਤੋਰ ਦਿਤਾ। ਪੰਡਤ ਕਹਿੰਦਾ, ਮੈਂ ਤਾਂ ਉਹਦਾ ਚੇਲਾ ਬਣਨੈ। ਐਡੀ ਸ਼ਕਤੀ ਵਾਲਾ ਹੈ ਉਹ ਤਾਂ। ਸਵਾਮੀ ਜੀ ਨੇ ਪੁੱਛਿਆ ਉਸ ਨੂੰ ਕਿ ਇਹ ਸ਼ਕਤੀ ਤੂੰ ਕਿੰਨੀ ਦੇਰ 'ਚ ਲਈ ਹੈ। ਕਹਿੰਦਾ, 20 ਸਾਲ 'ਚ।

ਕਹਿੰਦਾ, ਤੂੰ ਕੋਈ ਵੀ ਚੀਜ਼ ਮੈਨੂੰ ਦੇ ਦੇ, ਜੇ ਖਾਣ ਵਾਲੀ ਬਣਾਉਣੀ ਹੈ, ਖਾਣ ਵਾਲੀ ਬਣਾ ਦੇਵਾਂਗਾ। ਜੇ ਪੈਸਾ ਟਕਾ ਬਣਾਉਣੈ, ਮਿੱਟੀ ਦਾ ਡਲਾ ਦੇ, ਸੋਨੇ ਦਾ ਬਣਾ ਦੇਵਾਂਗਾ।

ਕਹਿੰਦੇ, ਇਹ ਕਿਸ ਤਰ੍ਹਾਂ ਹੋਈ?

ਕਹਿੰਦਾ, ਮੈਨੂੰ basic ਤੱਤ ਦਾ ਪਤਾ ਲਗ ਗਿਆ। ਮਿਹਨਤ ਕਰ-ਕਰ ਕੇ। ਉਸ ਥਾਂ 'ਤੇ ਪਹੁੰਚ ਕੇ ਜੋ ਫੁਰਨਾ ਕਰ ਦਿਓ, ਉਹ ਉਸੇ ਵੇਲੇ ਹੋ ਜਾਂਦੈ।

ਇਹ ਤਾਂ ਕੱਲ੍ਹ ਦੀਆਂ ਗੱਲਾਂ ਨੇ, ਅਜੇ ਵੀ ਉਹ ਹੈਗਾ।

ਤੇ ਗੁਰੂ ਸਾਹਿਬ ਵੇਲੇ ਅਸੀਂ ਸ਼ੱਕ 'ਚ ਪੈਂਦੇ ਹਾਂ ਕਿ ਐਡਾ ਪਾਖੰਡ ਕਰਦੇ ਹਾਂ ਕਿ ਜੀ, ਬੱਕਰੇ ਮਾਰੇ ਉਹਨਾਂ ਨੇ। ਬੱਕਰੇ ਕਿਸੇ ਨੇ ਦੇਖੇ ਹੀ ਨਾ ਕਿ ਕੌਣ ਬੰਨ੍ਹਦਾ ਸੀ? ਰਾਤ ਨੂੰ ਮਿਆਂ-ਮਿਆਂ ਕਰਦੇ, ਗੱਲ ਚੱਲ ਪੈਣੀ ਸੀ ਬਹੁਤ। ਫੇਰ ਕੀਹਨੇ ਗੁਰੂ ਸਾਹਿਬ 'ਤੇ ਭਰੋਸਾ ਕਰਨਾ ਸੀ, ਅੰਮ੍ਰਿਤ ਦੀ ਦਾਤ ਨੂੰ ਕੌਣ ਮੰਨਦਾ। ਮਿੱਠਾ ਪਾਣੀ ਮੰਨਣਾ ਸੀ। ਮਿੱਠਾ ਪਾਣੀ ਪਿਲਾਇਆ। ਅੱਖਾਂ ਨਾਲ ਜਦੋਂ ਦੇਖਿਆ ਕਿ ਛਿੱਟਾ ਮਾਰਦੇ ਨੇ ਜਿਉਂਦਾ ਹੋ ਜਾਂਦੈ - ਛਿੱਟਾ ਮਾਰਦੇ ਨੇ ਜਿਉਂਦਾ ਹੋ ਜਾਂਦੈ। ਦੂਜੇ ਪਾਸੇ ਇਹ ਸੀ ਕਿ ਅੰਮ੍ਰਿਤ ਇਕ ਬਾਟੇ 'ਚ ਛਕਾਇਆ ਜਾ ਰਿਹਾ ਸੀ, ਜਦ ਹਿੰਦੁਸਤਾਨ ਉਹ ਖੁਲ੍ਹ ਨਹੀਂ ਸੀ ਆਈ ਕਿ

ਸਾਰੇ ਇਕ ਬਾਟੇ 'ਚ ਖਾ ਲੈਣ, ਜਾਤ ਪਾਤ ਦਾ ਜ਼ੋਰ ਸੀ। ਉਹੀ ਸ਼ਰਧਾ ਸੀ, ਉਹੀ ਭਾਵਨਾ ਸੀ ਕਿ 20,000 ਪ੍ਰੇਮੀਆਂ ਨੇ ਉਸ ਦਿਨ ਅੰਮ੍ਰਿਤ ਛਕਿਆ।

ਸੋ ਇਸ ਕਰਕੇ ਜੋ ਅੰਮ੍ਰਿਤ ਹੈ ਇਹ ਕੋਈ ਐਵੇਂ ਚੀਜ਼ ਨਹੀਂ, ਮਿੱਠਾ ਪਾਣੀ ਨਹੀਂ ਸਾਧਸੰਗਤ ਜੀ। ਇਹਦੇ ਵਿਚ ਪੂਰੀ ਸ਼ਕਤੀ ਹੈ -

*ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥* *ਅੰਗ - ੨੮੭*

ਅੰਮ੍ਰਿਤ ਪੀਣ ਨਾਲ ਇਹਨੂੰ ਅਮਰ ਜੀਵਨ ਮਿਲ ਜਾਂਦੈ। ਹੁਕਮ ਇਸ ਤਰ੍ਹਾਂ ਦੇ ਨਾਲ ਹੈ -

*ਧਾਰਨਾ - ਪੀਵਹੁ ਪਾਹੁਲ ਖੰਡੇਧਾਰ,*
*ਹੋਵੇ ਜਨਮ ਸੁਹੇਲਾ।*
*ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।*
*ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।*
*ਗੁਰ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।*
*ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।*
*ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।*
*ਭਾਈ ਗੁਰਦਾਸ ਜੀ, ਵਾਰ ੪੧/੧*

ਖੰਡੇ ਦਾ ਅੰਮ੍ਰਿਤ ਸੰਤ ਨੂੰ, ਸਿਪਾਹੀ ਵੀ ਨਾਲ ਬਣਾਉਣ ਵਾਸਤੇ ਗੁਰੂ ਮਹਾਰਾਜ ਨੇ ਅੰਮ੍ਰਿਤ ਦਾ ਖੇਲ੍ਹ ਰਚਿਆ। ਕਿਉਂਕਿ ਕਲਜੁਗ ਦੇ ਅੰਦਰ ਜਿਸ ਵਕਤ ਗੁਰੂ ਮਹਾਰਾਜ ਪੰਜ ਭੂਤਕ ਚੋਲਾ ਅਲੋਪ ਕਰਨ ਲੱਗੇ, ਉਸ ਵੇਲੇ ਇਕ ਬੜਾ ਭਾਰਾ ਸਵਾਲ ਸਾਮ੍ਹਣੇ ਆਇਆ। ਉਹ ਇਹ ਸੀਗਾ ਕਿ ਗੁਰੂ ਤੋਂ ਬਗੈਰ ਤਾਂ ਕੰਮ ਚਲਣਾ ਨਹੀਂ ਹੈ ਤੇ ਗੁਰੂ ਮਹਾਰਾਜ ਕਿਸੇ ਨੂੰ ਥਾਪ ਨਹੀਂ ਰਹੇ। ਉਸ ਵੇਲੇ ਸਿੰਘਾਂ ਨੇ ਬੇਨਤੀ ਕਰੀ ਕਿ ਪਾਤਸ਼ਾਹ! ਨੌਂ ਪਾਤਸ਼ਾਹੀਆਂ ਤੱਕ ਇਹ ਰੀਤ ਤੁਰੀ ਆਈ ਹੈ। ਆਪਣੇ ਜਾਣ ਤੋਂ ਪਹਿਲਾਂ ਥਾਪ ਦਿੰਦੇ ਸੀ। ਸੰਗਤਾਂ ਉਸ ਨੂੰ ਮੰਨਦੀਆਂ ਸੀ। ਹੁਣ ਤੁਸੀਂ ਪੰਜ ਭੂਤਕ ਚੋਲਾ ਅਲੋਪ ਕਰਨ ਦੀ ਸੋਚ ਰਹੇ ਹੋਂ। ਸਾਨੂੰ ਕੋਈ ਨਹੀਂ ਦਸਿਆ ਕਿ ਅਸੀਂ ਕੀਹਦਾ ਲੜ ਫੜੀਏ। ਮਹਾਰਾਜ ਕਹਿਣ ਲੱਗੇ ਕਿ ਮੈਂ ਤੁਹਾਨੂੰ ਐਸੇ ਗੁਰੂ ਦੇ ਲੜ ਲਾ ਕੇ ਜਾਵਾਂਗਾ ਜਿਹਦੇ ਬਰਾਬਰ ਕਿਸੇ ਦੀ ਸ਼ਕਤੀ ਹੋ ਹੀ ਨਹੀਂ ਸਕਦੀ। ਉਹ ਆਪ ਅਕਾਲ ਪੁਰਖ ਦਾ ਰੂਪ ਹੋਏਗਾ। ਚਾਹੇ ਉਹਨੂੰ ਗਰੀਬ ਬੰਦਾ ਘਰ ਬੁਲਾ ਲਵੇ। ਚਾਹੇ ਅਮੀਰ ਬੁਲਾ ਲਵੇ। ਰਾਗ ਤੇ ਦ੍ਵੈਸ਼ ਤੋਂ ਦੂਰ ਹੋ ਕੇ ਸਭ ਨੂੰ ਇਕੋ ਜਿਹਾ ਪਿਆਰ ਕਰੇਗਾ। ਬਰਕਤਾਂ ਦਾ ਭੰਡਾਰਾ ਹੋਏਗਾ, ਜੋ ਕੋਈ ਆ ਕੇ ਮੰਗੇਗਾ -

*ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥*
*ਅੰਗ - ੬੮੧*

ਮਹਾਰਾਜ ਕੌਣ ਗੁਰੂ ਨੇ?

ਮਹਾਰਾਜ ਨੇ ਕਿਹਾ, ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਬਦ ਦੇ ਲੜ ਲਾ ਕੇ ਜਾਵਾਂਗੇ।

ਮਹਾਰਾਜ! ਮਨੁੱਖ ਦੇ ਕਿਉਂ ਨਹੀਂ ਲਾਉਂਦੇ? ਗੁਰੂ ਤਾਂ ਮਨੁੱਖ ਹੈ। ਹੁਣ ਤਕ ਪ੍ਰਚਲਤ ਹੁੰਦਾ ਤੁਰਿਆ ਆ ਰਿਹੈ ਤੇ ਗੁਰੂ ਮਨੁੱਖ ਹੋਣਾ ਚਾਹੀਦੈ। ਤੁਸੀਂ ਸ਼ਬਦ ਦੇ ਲੜ ਲਾ ਰਹੇ ਹੋਂ।

ਮਹਾਰਾਜ ਨੇ ਕਿਹਾ, ਪਿਆਰਿਓ! ਮੈਂ ਇਕ ਦੇ ਨਹੀਂ, ਪੰਜ ਸਿੰਘ ਤਾਬੇ ਖੜ੍ਹਾ ਕੇ ਉਨ੍ਹਾਂ 'ਤੇ ਬਖਸ਼ਿਸ਼ ਕਰਨੀ ਹੈ। ਕਿਉਂਕਿ ਕਲਜੁਗ ਦਾ ਸਮਾਂ ਆ ਗਿਆ ਤੇ ਗੁਰੂਆਂ ਨੇ ਬਿਜਨਸ ਬਣਾ ਲੈਣਾ ਹੈ ਇਹ -

*ਘਰਿ ਘਰਿ ਹੋਇ ਬਹੈਗੇ ਰਾਮਾ।*
*ਕੋਇ ਨ ਸਰੈ ਕਿਸਹੀ ਕੇ ਕਾਮਾ।*

ਜਿਧਰ ਦੇਖੋਂਗੇ ਗੁਰੂ, ਜਿਧਰ ਦੇਖੋਂਗੇ ਗੁਰੂ ਤੇ ਉਹਨਾਂ ਤੋਂ ਕਿਸੀ ਦਾ ਕੰਮ ਨਹੀਂ ਸਰਨਾ। ਬੇਅੰਤ ਚੇਲੇ ਚਾਟੜੇ ਏਜੰਟ ਰੱਖਣਗੇ ਤੇ ਲਿਆ-ਲਿਆ ਕੇ ਉਹਨਾਂ ਦੇ ਪੇਸ਼ ਕਰੀ ਜਾਣਗੇ ਤੇ ਗੱਲ ਕੋਈ ਬਣਨੀ ਨਹੀਂ ਹੈ। ਸੋ ਮੈਂ ਪੂਰਨ ਬ੍ਰਹਮਗਿਆਨ ਦੇ ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੋ ਅਕਾਲ ਪੁਰਖ ਤੋਂ ਆਈ ਹੋਈ ਬਾਣੀ ਹੈ, constitution (ਸੰਵਿਧਾਨ) ਹੈ ਅਕਾਲ ਪੁਰਖ ਦਾ। ਨਿਰਗੁਣ ਰੂਪ ਹੁੰਦੈ ਸ਼ਬਦ ਦਾ। ਉਸ ਨਿਰਗੁਣ ਬ੍ਰਹਮ ਦੇ, ਅਕਾਲ ਪੁਰਖ ਦੇ ਲੜ ਲਾ ਕੇ ਜਾ ਰਿਹਾ ਹਾਂ। ਤੁਸੀਂ ਭਰਮ ਨਾ ਕਰਿਓ।

ਸੋ ਆਪ ਨੇ ਨਾਲ ਰੀਤ ਬਣਾ ਦਿਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਜਦੋਂ ਪੰਜ ਸਿੰਘ ਇਕੱਠੇ ਹੋ ਕੇ ਗੁਰੂ ਦੇ ਪਿਆਰੇ, ਪਿਆਰਿਆਂ ਦਾ ਫਰਕ ਦੇਖ ਲਿਓ, ਇਕ ਤਾਂ ਮਾਇਆ ਦੇ ਪਿਆਰੇ ਨੇ। ਮਾਇਆ ਦੇ ਪਿੱਛੇ ਪਏ ਹੋਏ ਨੇ। ਕੀਰਤਨ ਕਰਨਾ ਹੈ ਤਾਂ ਪੈਸੇ ਐਨੇ ਲਵਾਂਗੇ ਅਸੀਂ। ਵਾਜਿਆਂ 'ਤੇ ਪੈਸੇ ਰੱਖੀ ਜਾਓ। ਉਹ ਪੈਸਿਆਂ ਦਾ ਪਿਆਰ ਹੁੰਦੈ। ਬਾਣੀ ਦਾ ਪਿਆਰ, ਗੁਰੂ ਦਾ ਪਿਆਰ ਨਹੀਂ ਹੁੰਦਾ। ਬਾਲ-ਬੱਚਿਆਂ ਦਾ ਪਿਆਰ ਹੈ, ਮੱਝਾਂ-ਗਾਈਆਂ, ਜਾਇਦਾਦਾਂ ਦਾ ਪਿਆਰ ਹੈ। ਅਹੁਦਿਆਂ ਦਾ ਪਿਆਰ। ਗੁਰੂ ਦਾ ਪਿਆਰ ਕਿੱਥੇ ਰਹਿ ਗਿਆ। ਗੁਰੂ ਤਾਂ ਇਹ ਕਹਿੰਦੈ -

*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥*
*ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥*
*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ ॥* *ਅੰਗ- ੧੪*

ਹੇ ਵਾਹਿਗੁਰੂ! ਮੋਤੀਆਂ ਦੇ ਮੰਦਰ ਦੇਖ ਕੇ ਨਾ ਮੈਂ ਭੁੱਲ ਜਾਵਾਂ। ਐਸਾ ਗੁਰਸਿੱਖ -

*ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥*
*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥*
*ਅੰਗ- ੫੧੭*

ਜਿਹੜੇ ਰੱਤੇ ਹੋਏ ਨੇ ਗੁਰੂ ਦੇ ਨਾਲ। ਸਵਾਸ-ਸਵਾਸ ਉਹਦਾ ਨਾਮ ਜਪਦੇ ਨੇ। ਰਹਿੰਦੇ ਗੁਰੂ ਵਿਚ ਨੇ। ਗੁਰੂ ਕਿਤੇ ਗਿਆ ਤਾਂ ਨਹੀਂ ਹੈ ਸਾਧਸੰਗਤ ਜੀ। ਨਾਲ ਰਹਿੰਦਾ ਹੈ। ਅੱਖ ਨਹੀਂ ਹੈਗੀ ਦੇਖਣ ਵਾਲੀ। ਜੇ ਅੱਖ ਮਿਲ ਜਾਵੇ। ਹੈਰਾਨ ਹੋ ਜਾਏ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ੧ ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥*
*ਅੰਗ - ੬੭੭*

ਗੁਰੂ ਤਾਂ ਮੇਰੇ ਨਾਲ ਰਹਿੰਦਾ ਹੈ ਹਰ ਵਕਤ। ਜਿਹਦੇ ਹਿਰਦੇ ਵਿਚ ਗੁਰੂ ਹੈ ਉਹ ਗੁਰੂ ਦਾ ਪਿਆਰਾ ਹੈ। ਜਿਹਦੇ ਹਿਰਦੇ 'ਚ ਮਾਇਆ ਹੈ, ਉਹ ਮਾਇਆ ਦਾ ਪਿਆਰਾ ਹੈ।

ਕਹਿੰਦੇ, ਮਾਇਆ ਦੇ ਪਿਆਰਿਆਂ ਨੂੰ ਨਹੀਂ ਅਸੀਂ ਕਹਿ ਰਹੇ। ਜਿਨ੍ਹਾਂ ਦੀ ਲਿਵ ਗੁਰੂ ਨਾਲ ਜੁੜਦੀ ਹੈ, ਉਹ ਜਦੋਂ ਪੰਜ ਇਕੱਠੇ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਮ੍ਰਿਤ ਛਕਾਉਣਗੇ, ਉਸ ਵੇਲੇ ਉਨ੍ਹਾਂ ਦੇ ਸਰੀਰਾਂ ਵਿਚ ਮੇਰੀ ਕਲਾ ਵਰਤ ਰਹੀ ਹੋਵੇਗੀ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਵਾਲੇ, ਪਹਿਲੇ ਤਾਂ ਸਾਰੇ ਜਾਣਦੇ ਨੇ। ਹੁਣ ਵਾਲੇ ਭੁਲਦੇ ਜਾਂਦੇ ਨੇ। ਉਨ੍ਹਾਂ ਨੇ ਲਿਖਿਆ ਹੈ ਕਿ ਖਾਲਸਾ ਸਕੂਲ ਜਿਹੜਾ ਅੱਜਕਲ੍ਹ ਕਾਲਜ ਬਣਿਆ ਹੋਇਆ ਹੈ ਲੁਧਿਆਣੇ ਦਾ। ਲੜਕੇ ਜਦੋਂ ਸਕੂਲ ਛੱਡ ਕੇ ਇਮਤਿਹਾਨ ਦੇਣ ਜਾਂਦੇ ਸੀ, ਉਸ ਵੇਲੇ ਖਾਲਸਾ ਸਕੂਲਾਂ 'ਚ ਇਹ ਰੀਤੀ ਸੀ ਕਿ ਉਹਨਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਾ ਦਿੰਦੇ ਸੀ। ਅੰਮ੍ਰਿਤ ਛਕਾਉਂਦੇ ਸੀ। ਕਹਿੰਦੇ, ਅੰਮ੍ਰਿਤ ਛਕਾਉਣ ਲੱਗੇ ਤਾਂ ਚਾਰ ਪਿਆਰੇ ਤਾਂ ਆ ਗਏ, ਪੰਜਵਾਂ ਨਾ ਕੋਈ ਆਇਆ। ਸਿੰਘ ਤਾਂ ਬਹੁਤ ਸੀ। ਉਹ ਚਾਰ ਪਰਖ 'ਚ ਪੂਰੇ ਉਤਰਦੇ ਸੀ। ਤਾਂ ਭਾਈ ਸਾਹਿਬ ਨੂੰ ਚੋਣ ਕਰਨ ਦੀ ਸ਼ਕਤੀ ਸੀ। ਜਿਹਨੂੰ ਅੰਤਰਜਾਮਤਾ ਕਹਿੰਦੇ ਨੇ। ਅੰਤਰ ਧਿਆਨ ਹੋ ਕੇ ਦੇਖ ਲਿਆ ਕਿ ਪੰਜਵੇਂ ਵੀ ਆ ਰਹੇ ਨੇ। ਕਹਿੰਦੇ, ਅਰਦਾਸ ਕਰੋ। ਅਰਦਾਸ ਕਰੀ ਤਾਂ ਜਦੋਂ ਪਿੱਛੇ ਮੁੜ ਕੇ ਦੇਖਿਆ ਸਾਰਿਆਂ ਨੇ, ਕਿ ਬੀਬੀ ਜੀ (ਮਹਾਂਪੁਰਸ਼ਾਂ ਦੇ ਜੀਵਨ ਸਾਥੀ ਮਾਤਾ ਰਣਜੀਤ ਕੌਰ ਜੀ) ਦੇ ਪਿਤਾ ਜੀ ਦਾਉਦਪੁਰ ਵਾਲੇ, ਖੜ੍ਹੇ ਨੇ। ਅਰਦਾਸ ਹੋ ਗਈ, ਉਸ ਤੋਂ ਬਾਅਦ ਅੰਮ੍ਰਿਤ ਦਾ ਬਾਟਾ ਤਿਆਰ ਹੋ ਗਿਆ। ਸਾਰੇ ਬੱਚਿਆਂ ਨੇ ਅੰਮ੍ਰਿਤ ਛਕਣਾ ਸ਼ੁਰੂ ਕਰਿਆ। ਫਲ੍ਹੇਵਾਲ ਦਾ ਇਕ ਲੜਕਾ ਸੀ। ਬਾਪੂ ਜੀ ਨੇ ਜਿਸ ਵਕਤ ਨੇਤਰਾਂ 'ਚ ਨੇਤਰ ਸਾਮ੍ਹਣੇ ਕਰਕੇ, ਜਿਸ ਵਕਤ ਜਲ ਦਾ ਛਿੱਟਾ ਮਾਰਿਆ ਤੇ ਕਿਹਾ ਬੋਲ - ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ। ਉਸ ਬੱਚੇ ਨੇ ਅੱਧਾ ਤਾਂ ਕਹਿ ਦਿਤਾ, ਪਰ ਅੱਧਾ ਉਸ ਤੋਂ ਕਹਿ ਨਾ ਹੋਇਆ। ਅੰਦਰ ਹੀ ਚਲਿਆ ਗਿਆ। ਭਾਈ ਸਾਹਿਬ ਕਹਿਣ ਲੱਗੇ, ਕੀ ਗੱਲ ਹੋ ਗਈ। ਬਾਪੂ ਜੀ ਕਹਿਣ ਲੱਗੇ, ਜਲਾਲ out of control ਹੋ ਗਿਆ। ਪੂਰੇ ਜਲਾਲ ਨਾਲ ਛਿੱਟਾ ਮਾਰਿਆ ਗਿਆ। ਕਹਿੰਦੇ, ਹੁਣ ਕੀ ਹੋਏਗਾ? ਕਹਿੰਦੇ, ਹੁਣ ਤਾਂ ਇਹਦੀ ਸੁਰਤੀ ਪੂਰੇ 56 ਘੰਟੇ ਬਾਅਦ ਥੱਲੇ ਉਤਰਨੀ ਹੈ। ਉਸ ਤੋਂ ਬਾਅਦ ਭਾਈ ਸਾਹਿਬ ਕਿਉਂਕਿ ਜਥੇਦਾਰ ਸੀ ਉਹ ਕਹਿਣ ਲੱਗੇ, ਦੇਖੋ ਬਈ ਇਹ ਬੱਚੇ ਨੇ। ਸਰਲ ਸੁਭਾਅ ਦੇ ਬੱਚੇ ਨੇ, ਕੋਈ ਵੱਡੇ ਪਾਪੀ ਨਹੀਂ ਹੈਗੇ। ਪੂਰਾ ਜਲਾਲ ਪਾਪੀਆਂ ਦੇ ਕੋਲ ਤਾਂ ਲਾਉਣਾ ਚਾਹੀਦੈ, ਤਾਂਕਿ ਉਹਦਾ ਠਰ ਟੁੱਟ ਜਾਵੇ ਪਾਪਾਂ ਦਾ। ਇਹ ਬੱਚੇ ਨੇ ਇਹਨਾਂ ਨੂੰ ਸੁਖੈਨ ਅੰਮ੍ਰਿਤ ਛਕਾਓ। ਥੋੜ੍ਹਾ ਜਿਹਾ ਬਲ ਲਾਓ। ਕਹਿੰਦੇ, ਉਸ ਤੋਂ ਬਾਅਦ ਬਹੁਤ ਸੰਕੋਚ ਨਾਲ ਅੰਮ੍ਰਿਤ ਛਕਾਇਆ। ਅਖੰਡਪਾਠ ਸ਼ੁਰੂ ਹੋ ਗਿਆ, ਜਦੋਂ 48 ਘੰਟੇ ਹੋਏ, ਭੋਗ ਪੈ ਗਿਆ। ਉਸ ਵੇਲੇ ਭਾਈ ਸਾਹਿਬ ਕਹਿੰਦੇ ਅਸੀਂ ਕੀਰਤਨ ਕਰਨ ਲਗ ਗਏ। ਜਦੋਂ 8 ਘੰਟੇ ਹੋਰ ਲੰਘੇ, 56 ਘੰਟੇ ਹੋਏ, ਉਹ ਬੱਚਾ balance ਛੱਡ ਗਿਆ ਧਰਤੀ ਤੋਂ, ਉੱਚਾ ਉਠ ਗਿਆ। ਉੱਚਾ ਉਠ ਕੇ ਕਹਿੰਦੇ ਲੱਤਾਂ ਉਹਨੇ ਖੋਲ੍ਹ ਲਈਆਂ। ਜਿਵੇਂ ਮੱਛੀ ਪਾਣੀ 'ਚ ਫਿਰਦੀ ਹੁੰਦੀ ਹੈ, ਇਸ ਤਰ੍ਹਾਂ ਸਾਡੇ ਸਿਰਾਂ ਦੇ ਉਤੇ ਖਾਲੀ ਥਾਂ 'ਚ ਫਿਰਨ ਲਗ ਗਿਆ। ਕਹਿੰਦੇ, ਸਾਡੇ ਵਾਜੇ ਦੇ ਉਤੇ ਦੀ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਮ੍ਹਣੇ

ਲੰਮਾ ਪੈ ਗਿਆ। ਉਸੇ ਵੇਲੇ ਬਾਪੂ ਜੀ ਉਠ ਕੇ ਆਏ। ਕਹਿੰਦੇ, ਭਾਈ ਸਾਹਿਬ! ਤੁਸੀਂ ਹੁਣ ਇਸ ਵੇਲੇ ਲਾਵਾਂ ਦਾ ਕੀਰਤਨ ਕਰੋ। ਕਹਿਣ ਲੱਗੇ, ਇਹਦੀ ਰੂਹ ਅਕਾਲ ਪੁਰਖ ਦੇ ਦਰਵਾਜ਼ੇ ਅੱਗੇ ਖੜ੍ਹੀ ਸੰਜੋਗ ਮੰਗ ਰਹੀ ਹੈ। ਆਪਾਂ ਤਾਂ ਵਿਆਹ ਦਾ ਕੰਮ ਲੈਂਦੇ ਹਾਂ ਲਾਵਾਂ ਤੋਂ। ਇਹ ਰੂਹ ਦਾ ਤੇ ਪ੍ਰਮੇਸ਼ਰ ਦਾ ਸੰਜੋਗ ਜਿਹਨੂੰ welding ਕਹਿੰਦੇ ਨੇ, ਉਹਦੇ ਵਾਸਤੇ ਇਹ ਲਾਵਾਂ ਰਚੀਆਂ ਗਈਆਂ। ਕਹਿੰਦੇ, ਇਸ ਵੇਲੇ ਲਾਵਾਂ ਦਾ ਕੀਰਤਨ ਸ਼ੁਰੂ ਕਰੋ, ਰੂਹ ਇਸ ਵੇਲੇ ਸਾਮ੍ਹਣੇ ਖੜ੍ਹੀ ਸੰਜੋਗ ਮੰਗ ਰਹੀ ਹੈ।

ਭਾਈ ਸਾਹਿਬ ਕਹਿੰਦੇ, ਫੇਰ ਅਸੀਂ ਲਾਵਾਂ ਦਾ ਕੀਰਤਨ ਕਰਿਆ। ਉਹ ਬੱਚਾ ਜਦੋਂ ਅਰਦਾਸ ਹੋ ਗਈ, ਉਠਿਆ। ਧਰਤੀ 'ਤੇ ਪੈਰ ਨਾ ਲੱਗੇ ਉਹਦਾ। ਉੱਚਾ ਹੀ ਰਹੇ।

ਉਹ ਇਕ ਛਿੱਟਾ ਹੀ ਮਾਰਿਆ ਅੰਮ੍ਰਿਤ ਦਾ। ਕੋਈ ਜਾਦੂ-ਟੂਣਾਂ ਤਾਂ ਨਹੀਂ ਕਰਿਆ। ਉਸ ਜਲ ਵਿਚ ਹੀ ਐਨੀ ਸ਼ਕਤੀ ਸੀ ਜ਼ਬਰਦਸਤ। ਬਾਣੀਆਂ ਦਾ ਜੋ ਫਲ ਸੀ ਉਹ ਜਲ ਵਿਚ ਪ੍ਰਵੇਸ਼ ਕਰ ਗਿਆ। ਸ਼ੁੱਧ ਹਿਰਦੇ ਨਾਲ ਬਾਣੀਆਂ ਪੜ੍ਹੀਆਂ ਹੋਈਆਂ ਸੀ।

ਸੋ ਗੁਰੂ ਮਹਾਰਾਜ ਦਾ ਕੀ ਸੀ। ਗੁਰੂ ਦਸਵੇਂ ਪਾਤਸ਼ਾਹ ਦੀ ਸਾਖੀ ਤੁਸੀਂ ਸੁਣੀ ਸੀ। ਉਹ ਕਹਿੰਦੇ, ਜਿਸ ਨੇ ਦਸਿਆ, ਗੁਰੂ ਦਸਵੇਂ ਪਾਤਸ਼ਾਹ ਦੇ ਨਾ ਚਰਨ ਨੂੰ ਸਿਰ ਲਗਦਾ ਸੀ। ਦੂਰੋਂ ਆਸ਼ੀਰਵਾਦ ਦਿੰਦੇ ਸੀ। ਉਹ ਸੀਸ 'ਤੇ ਜੇ ਹੱਥ ਰੱਖ ਦੇਣ -

*ਕਰਿ ਹੁਕਮੁ ਮਸਤਕਿ ਹਥੁ ਧਰਿ*
*ਵਿਚਹੁ ਮਾਰਿ ਕਢੀਆ ਬੁਰਿਆਈਆ ॥ ਅੰਗ - ੪੭੩*

ਉਸੇ ਵੇਲੇ ਰੋਮ-ਰੋਮ ਦੇ ਵਿਚ ਨਾਮ ਚੱਲਣ ਲਗ ਜਾਂਦਾ ਸੀ। ਸੈਦਖਾਨ ਨੇ ਮਹਾਰਾਜ ਨੂੰ ਬੁਲਾਇਆ ਕਿ ਜੇ ਤੂੰ ਸੱਚਾ ਪੀਰ ਹੈਂ ਤਾਂ ਇਥੇ ਆ ਕੇ ਮੇਰੇ ਨਾਲ ਯੁੱਧ ਕਰ।

ਗੁਰੂ ਮਹਾਰਾਜ ਸਾਮ੍ਹਣੇ ਯੁੱਧ ਕਰ ਰਹੇ ਨੇ। ਇਕ ਦਮ ਘੋੜਾ ਸਰਪਟ ਨਠਾ ਕੇ ਪਿੱਛੇ ਫੌਜ ਤੋਂ ਨਿਕਲ ਗਏ। ਸਾਮ੍ਹਣੇ ਜਾ ਰਹੇ ਕਹਿੰਦੇ ਆ ਜਾ ਖਾਨ ਮੈਂ ਗਿਆ ਯੁੱਧ ਕਰਨ। ਉਨ੍ਹਾਂ ਦੇ ਸੀਸ ਦਾ ਐਡਾ ਜ਼ਬਰਦਸਤ ਝਲਕਾਰਾ ਵੱਜਿਆ, ਉਹ ਬੇਸੁਧ ਜਿਹਾ ਹੋ ਗਿਆ। ਸਸ਼ਤਰ ਸੁੱਟ ਦਿਤੇ। ਕਹਿਣ ਲੱਗਿਆ, ਪਾਤਸ਼ਾਹ! ਮਰਨ ਤੋਂ ਪਹਿਲਾਂ ਹੀ ਤੁਸੀਂ ਮੈਨੂੰ ਮਾਰ ਦਿਤਾ। ਹੁਣ ਮੇਰੇ 'ਚ ਸੱਤਿਆ ਨਹੀਂ ਹੈ। ਕ੍ਰਿਪਾ ਕਰੋ, ਇਹ ਵਾਰੀ ਮੈਨੂੰ ਕਦਮਬੋਸੀ ਕਰ ਲੈਣ ਦਿਓ। ਨੇੜੇ ਆ ਗਿਆ, ਆ ਕੇ ਉਹਨੇ ਸਿਰਫ ਰਕਾਬ 'ਤੇ ਮੱਥਾ ਲਾਇਆ। ਰਕਾਬ ਐਨੀ charged (ਜੋਸ਼ ਵਿਚ) ਸੀ ਕਿ ਸਾਰੇ ਸਰੀਰ ਦੇ ਅੰਦਰ ਜਿਵੇਂ ਬਿਜਲੀ ਦੀ ਕਰੰਟ ਲਗਦੀ ਹੈ, ਇਸ ਤਰ੍ਹਾਂ ਉਹਦਾ ਸਰੀਰ ਥਰਰ-ਥਰਰ ਕਰਨ ਲਗ ਗਿਆ। ਆਪੇ ਹੀ ਅਵਾਜ਼ ਆਉਣ ਲਗ ਗਈ, ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।

ਕਹਿੰਦਾ, ਮਹਾਰਾਜ! ਹੁਕਮ ਕੀ ਹੈ?

ਮਹਾਰਾਜ ਕਹਿੰਦੇ, ਜਿਧਰ ਨੂੰ ਮੂੰਹ ਹੈ ਓਧਰ ਨੂੰ ਚਲਿਆ ਜਾਹ।

ਕਹਿਣ ਲੱਗਿਆ, ਮਹਾਰਾਜ! ਕਿੱਥੇ ਰੁਕਾਂ?

ਕਹਿੰਦੇ, ਅੰਦਰੋਂ ਅਵਾਜ਼ ਆਏਗੀ।

ਉਸੇ ਵੇਲੇ ਮੈਦਾਨ-ਏ-ਜੰਗ 'ਚੋਂ ਨਿਕਲ ਕੇ ਕਾਂਗੜੇ ਵਲ ਨੂੰ ਮੂੰਹ ਸੀ ਓਧਰ ਨੂੰ ਚਲਿਆ ਗਿਆ। ਕਾਂਗੜੇ ਦੇ ਪਹਾੜਾਂ 'ਚ ਜਾ ਕੇ ਅਵਾਜ਼ ਆ ਗਈ- ਬਹਿ ਜਾ। ਸਾਰੀ ਜ਼ਿੰਦਗੀ ਲਈ ਉਥੇ ਬਹਿ ਗਿਆ। ਇਕੋ ਵਾਰੀ ਚਰਨਾਂ ਨਾਲ ਮਸਤਕ ਲਾਇਆ ਸੀ। ਸਿੱਧਾ ਚਰਨਾਂ ਨੂੰ ਨਹੀਂ ਸੀ ਲੱਗਿਆ, ਰਕਾਬ ਨਾਲ ਲਾਇਆ ਸੀ।

ਇਹ ਗੁਰਸਿੱਖਾਂ 'ਚ ਆਮ ਹੁੰਦੀਐਂ ਕਿਉਂਕਿ ਬੰਦਗੀ ਕਰਦੇ ਸੀ। ਬੰਦਗੀ ਕਰਨ ਨਾਲ ਨਾਮ ਐਨਰਜੀ ਜਦੋਂ ਪ੍ਰਵੇਸ਼ ਕਰ ਜਾਂਦੀ ਹੈ ਤਾਂ ਸਰੀਰ ਦੇ ਅੰਦਰ ਸ਼ਕਤੀ ਆ ਜਾਂਦੀ ਹੈ। ਇਹ ਆਈ ਕਿੱਥੋਂ? 'ਅੰਮ੍ਰਿਤ' ਤੋਂ ਆਈ ਸਾਧਸੰਗਤ ਜੀ। ਅੰਮ੍ਰਿਤ 'ਤੇ ਸ਼ੱਕ ਨਾ ਕਰੋ। ਬੜੀ ਦੁਨੀਆਂ ਗੱਲਾਂ ਮਾਰਦੀ ਹੈ, ਏਧਰਲੀਆਂ-ਓਧਰਲੀਆਂ। ਤੁਸੀਂ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਨੂੰ ਛੱਡ ਕੇ ਹੋਰ ਕਿਸੇ ਨੂੰ ਗੁਰੂ ਧਾਰ ਲਿਆ, ਫੇਰ ਗੁਰੂ ਨਾਨਕ ਸਾਹਿਬ ਜੀ ਨਾਲ ਤੁਹਾਡਾ ਸਬੰਧ ਉਸੇ ਵੇਲੇ ਟੁੱਟ ਜਾਂਦਾ ਹੈ। ਦੋ ਬੇੜੀਆਂ 'ਚ ਚੜ੍ਹੇ ਨਹੀਂ ਰਹਿ ਸਕਦੇ ਕਿ ਮੈਨੂੰ ਫਲਾਣੇ ਨੇ ਨਾਮ ਦਿਤਾ ਹੈ, ਹੁਣ ਮੈਂ ਉਹ ਨਾਮ ਲਵਾਂ। ਸ੍ਰੀ ਗੁਰੂ ਨਾਨਕ ਦੇਵ ਜੀ ਗੁਰੂ ਪ੍ਰਮੇਸ਼ਰ ਨੇ, ਗੁਰੂ ਪ੍ਰਮੇਸ਼ਰ ਦਾ ਦਰ ਅਸੀਂ ਕਿਸੇ ਕੀਮਤ 'ਤੇ ਨਹੀਂ ਛੱਡ ਸਕਦੇ।

ਸੋ ਇਸ ਤਰ੍ਹਾਂ ਗੁਰੂ ਦਸ਼ਮੇਸ਼ ਪਿਤਾ ਨੇ ਅੰਮ੍ਰਿਤ ਦੀ ਦਾਤ ਦਿਤੀ ਤੇ ਮੁਰਦਿਆਂ ਨੂੰ ਜਿਉਂਦੇ ਕਰਕੇ,

ਸਾਨੂੰ ਇਕ ਹਦਾਇਤ ਦਿਤੀ ਜਿਹੜੀ ਸਾਨੂੰ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ -

*ਧਾਰਨਾ - ਜਪੋ ਖਾਲਸਾ ਤੁਸੀਂ ਜਾਗਦੀ ਜੋਤ ਨੂੰ।*

*ਜਾਗਤ ਜੋਤਿ ਜਪੈ ਨਿਸ ਬਾਸੁਰ*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ*
*ਤਬ ਖਾਲਸ ਤਾਹਿ ਨਖਾਲਸ ਜਾਨੈ॥*

ਕਹਿੰਦੇ, ਪਿਆਰਿਓ! ਨਾ ਮੜ੍ਹੀਆ ਨੂੰ, ਨਾ ਮਸਾਣੀਆਂ ਨੂੰ, ਨਾ ਗੁੱਗਿਆਂ ਨੂੰ, ਨਾ ਮੱਠਾਂ ਨੂੰ, ਨਾ ਪੱਥਰਾਂ ਨੂੰ, ਤੁਸੀਂ ਨਹੀਂ ਮੰਨਣਾ ਕਿਸੇ ਨੂੰ। ਵਾਹਿਗੁਰੂ ਜਾਗ੍ਰਤ ਜੋਤ ਹੈ -

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥*
*ਅਕਾਲ ਉਸਤਤਿ*

ਤੁਹਾਡੇ ਅੰਦਰ, ਬਾਹਰ ਉਹ ਜੋਤੀ ਪ੍ਰੀਪੂਰਨ ਹੈ। ਉਹਦਾ ਧਿਆਨ ਧਰ ਕੇ ਕਹੋ ਵਾਹਿਗੁਰੂ -

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ ਅੰਗ - ੨੯੩*

ਕਹਿੰਦੇ ਉਹਨੂੰ ਜਪੋ ਜਿਹੜਾ ਅੰਦਰ-ਬਾਹਰ ਪ੍ਰੀਪੂਰਨ ਤੁਹਾਨੂੰ ਹਰ ਵਕਤ ਦੇਖਦਾ ਹੈ -

*ਪੇਖਤ ਸੁਨਤ ਸਦਾ ਹੈ ਸੰਗੇ*
*ਮੈ ਮੂਰਖ ਜਾਨਿਆ ਦੂਰੀ ਰੇ ॥ ਅੰਗ - ੬੧੨*

ਇਸ ਤਰ੍ਹਾਂ ਨਾ ਸਮਝਿਓ ਕਿ ਕਿਤੇ ਸੱਤਵੇਂ ਅਸਮਾਨ 'ਤੇ ਹੈ। ਉਹ ਤਾਂ ਤੁਹਾਡੇ ਨਾਲ ਹੈ ਕਹੋ ਪਿਆਰ ਨਾਲ ਵਾਹਿਗੁਰੂ। ਜਦੋਂ ਵਾਹਿਗੁਰੂ ਕਹੋਂਗੇ ਉਹਦਾ ਨਾਉਂ ਜਪ ਰਹੇ ਹੋਵੋਂਗੇ। ਨਾਮ ਐਨਰਜੀ ਤੁਹਾਡੇ 'ਚ ਪ੍ਰਵੇਸ਼ ਕਰਨ ਲਗ ਜਾਏਗੀ। ਇਸੇ ਕਰਕੇ ਖਾਲਸਾ ਚੜ੍ਹਦੀ ਕਲਾ ਵਾਲਾ ਹੈ। ਇਹਨੂੰ ਘਬਰਾਹਟ ਨਹੀਂ ਆਉਂਦੀ। ਜਾਨ ਨੂੰ ਤਾਂ ਇਹ ਸਮਝਦਾ ਹੀ ਨਹੀਂ। ਕਿਉਂਕਿ ਇਹ ਤਾਂ ਪਹਿਲਾਂ ਹੀ ਹੰਗਤਾ ਤੇ ਮਮਤਾ ਨੂੰ ਖਤਮ ਕਰੀਂ ਬੈਠਾ ਹੁੰਦੈ। ਜੋ ਖਾਲਸਾ ਪਦ ਦੇ ਉਤੇ ਪਹੁੰਚ ਗਿਆ -

*ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥*
*(ਸਰਬ ਲੋਹ ਗ੍ਰੰਥ 'ਚੋਂ)*

ਸੋ ਇਸ ਤਰ੍ਹਾਂ ਦੇ ਨਾਲ ਸ੍ਰੀ ਗੁਰੂ ਦਸ਼ਮੇਸ਼ ਪਿਤਾ ਨੇ ਬੜੀਆਂ ਸਿੱਖਿਆ ਸਾਨੂੰ ਦਿਤੀਆਂ ਨੇ।

ਇਕ ਵਾਰੀ ਭਾਈ ਉਦੈ ਸਿੰਘ ਨੇ ਇਕ ਸ਼ੇਰ ਮਾਰਿਆ। ਖੱਲ ਲਿਆਂਦੀ ਮਹਾਰਾਜ ਕੋਲ ਪੂਰੀ ਲਾਹ ਕੇ। ਮਹਾਰਾਜ ਕਹਿੰਦੇ, ਇਸ ਤਰ੍ਹਾਂ ਕਰੋ ਇਕ ਗਧਾ ਲਿਆਓ ਫੜ ਕੇ। ਗਧਾ ਫੜ ਲਿਆ, ਖੱਲ੍ਹ ਸਿਊਂ ਦਿਤੀ ਉਤੇ। ਕਹਿੰਦੇ, ਖੇਤਾਂ ਵਿਚ ਛੱਡ ਦਿਓ ਇਹਨੂੰ। ਕਿਸੇ ਨੇ ਵੀ ਨਾ ਪੁੱਛਿਆ ਕਿ ਮਹਾਰਾਜ ਇਹ ਕੀ ਕਰ ਰਹੇ ਹੋਂ? ਚੁੱਪ ਕਰਕੇ ਦੇਖੀ ਗਏ ਕਿ ਹੋਣਾ ਹੈ ਮਹਾਰਾਜ ਦਾ ਕੋਈ ਮੰਤਵ।

ਦੂਜੇ ਦਿਨ ਰੌਲਾ ਪੈ ਗਿਆ ਸ਼ਹਿਰ ਵਿਚ ਕਿ ਖੇਤਾਂ ਵਿਚ ਸ਼ੇਰ ਆ ਗਿਆ। ਕੋਈ ਨਹੀਂ ਓਧਰ ਜਾਂਦਾ। ਦੂਜਾ ਦਿਨ, ਤੀਜਾ ਦਿਨ, ਚੌਥਾ ਦਿਨ, ਉਹ ਫਸਲਾਂ ਖਾ ਕੇ ਆਰਾਮ ਨਾਲ ਲਿਟਦੈ ਉਥੇ। ਨੇੜੇ ਵੀ ਨਹੀਂ ਜਾਂਦਾ ਕੋਈ। ਮਹਾਰਾਜ ਕੋਲ ਸ਼ਿਕਾਇਤ ਕਰੀ ਕਿ ਸੱਚੇ ਪਾਤਸ਼ਾਹ! ਸਾਡੀ ਤਾਂ ਖੇਤੀ ਵੀ ਰਹਿ ਗਈ ਸਾਰੀ।

ਕਹਿਣ ਲੱਗੇ, ਕੀ ਗੱਲ?

ਕਹਿੰਦੇ, ਸ਼ੇਰ ਆ ਗਿਆ ਮਹਾਰਾਜ।

ਕਹਿੰਦੇ, ਤੁਸੀਂ ਜਾਓ ਜਾ ਕੇ ਘੇਰ ਲਓ।

ਕਹਿੰਦੇ, ਨਹੀਂ ਮਹਾਰਾਜ! ਉਹ ਤਾਂ ਬਹੁਤ ਵੱਡਾ ਹੈ, ਜਿਹਦੇ ਉਤੇ ਝੱਪਟ ਪਿਆ, ਉਹ ਤਾਂ ਹੈ ਨਹੀਂ।

ਮਹਾਰਾਜ ਨੇ ਇਕ ਗੁਰਸਿੱਖ ਨੂੰ ਕਿਹਾ ਕਿ ਜਾਹ ਜਾ ਕੇ ਦੋ ਚਾਰ ਡੰਡੇ ਮਾਰ ਉਹਦੇ। ਡੰਡਿਆਂ ਦਾ ਮਾਰਿਆ ਜਿਉਂ ਨੱਠਿਆ, ਆਪਣੇ ਘਰ ਆ ਵੜਿਆ। ਉਥੇ ਹੋਰ ਗਧੇ ਖੜ੍ਹੇ ਸੀ। ਜਦੋਂ ਸ਼ੇਰ ਦੇਖ ਕੇ ਗਧੇ ਪੈਂਖੜ ਤੁੜਾਉਣ ਲਗ ਗਏ। ਉਥੇ ਸੁਆਹ ਪਈ, ਜਾ ਕੇ ਉਹ ਉਥੇ ਜਾ ਕੇ ਲਿਟਣ ਲਗ ਗਿਆ। ਉਹ ਵੀ ਬੋਲਣ ਲਗ ਗਏ, ਉਹਨਾਂ ਨੂੰ ਦੇਖ ਕੇ ਇਹ ਵੀ ਬੋਲਣ ਲਗ ਗਿਆ।

ਗਧਿਆਂ ਦਾ ਮਾਲਕ ਸੀ ਅੰਦਰ ਕੁੰਡੇ ਲਾਈਂ

ਖੜ੍ਹਾ। ਉਹ ਕਹਿੰਦਾ, ਇਹ ਤਾਂ ਮੇਰੇ ਵਾਲਾ ਹੀ ਗਧਾ ਆ ਗਿਆ। ਗੁੱਸਾ ਆਇਆ ਹੋਇਆ ਸੀ ਜਿਉਂ ਕੁੱਟਣ ਲੱਗਿਆ, ਕਹਿੰਦਾ ਘਰ ਨਹੀਂ ਮੁੜਿਆ।

ਖੱਲ੍ਹ ਲਾਹ ਕੇ ਮਹਾਰਾਜ ਕੋਲ ਲਿਆ ਦਿਤੀ। ਬੜਾ ਹਾਸਾ ਪਿਆ। ਇਕ ਗੁਰਸਿੱਖ ਨੇ ਕਿਹਾ ਕਿ ਸੱਚੇ ਪਾਤਸ਼ਾਹ ਇਹ ਖੇਡ ਦਾ ਕੋਈ ਤਾਤਪਰਜ ਵੀ ਹੈ?

ਮਹਾਰਾਜ ਕਹਿੰਦੇ, ਪਿਆਰਿਓ! ਤੁਹਾਨੂੰ ਅਸੀਂ ਅਕਾਲ ਪੁਰਖ ਦੇ ਲੜ ਲਾਇਆ ਹੈ। ਅੰਮ੍ਰਿਤ ਦੀ ਦਾਤ ਦਿਤੀ ਹੈ। ਅੰਮ੍ਰਿਤ ਕਹਿੰਦੇ, ਨਾਮ ਨੂੰ ਨੇ –

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥*
*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥ ਅੰਗ- ੫੩੮*

ਕਹਿੰਦੇ, ਨਾਮ ਨਾਲ ਤੁਹਾਨੂੰ ਜੋੜਿਆ ਹੈ, ਉਸ ਮੰਡਲ ਦੇ ਵਿਚ ਪ੍ਰਵੇਸ਼ ਕਰਾਇਆ ਹੈ ਜਿਥੇ ਚੜ੍ਹਦੀ ਕਲਾ ਹੈ। ਦੂਸਰਾ ਤੁਹਾਨੂੰ ਮੈਂ ਆਪਣਾ ਸਾਰਾ ਤੇਜ ਉਹ ਦਿਤਾ ਹੈ –

*ਧਾਰਨਾ – ਦਿਤਾ ਖਾਲਸਾ ਤੈਨੂੰ ਤੇਜ ਆਪਣਾ ਮੈਂ।*

*ਜਬ ਲਗ ਖ਼ਾਲਸਾ ਰਹੇ ਨਿਆਰਾ॥*
*ਤਬ ਲਗ ਤੇਹ ਦੀਉ ਮੈ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈਂ ਨ ਕਰੋਂ ਇਨ ਕੀ ਪ੍ਰਤੀਤ॥ ਸਰਬ ਲੋਅ ਗ੍ਰੰਥ 'ਚੋਂ*

ਕਹਿਣ ਲੱਗੇ, ਪਿਆਰਿਓ! ਖਾਲਸਾ ਪਦ 'ਤੇ ਜੋ ਪਹੁੰਚ ਚੁਕਿਆ ਹੈ – ***'ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥ ਪ੍ਰਭ ਮਹਿ ਮੋ ਮਹਿ ਤਸ ਮਹਿ ਰੰਚਕ ਨਾਹਨ ਭੇਵ॥'*** ਉਹਦੇ ਵਿਚ ਮੇਰਾ ਤੇਜ ਕੰਮ ਕਰੇਗਾ। ਜਦੋਂ ਤਕ ਤੁਸੀਂ ਨਿਆਰੇ ਰਹੋਂਗੇ। ਤੁਹਾਡਾ ਚਰਿੱਤਰ ਨਿਆਰਾ ਰਹੇਗਾ। ਤੁਹਾਡੀ ਬੋਲ ਬਾਣੀ ਨਿਆਰੀ ਰਹੇਗੀ। ਤੁਹਾਡਾ ਖਾਣਾ ਪੀਣਾ ਨਿਆਰਾ ਰਹੇਗਾ। ਤੁਹਾਡੀ ਸੋਚ ਨਿਆਰੀ ਰਹੇਗੀ। ਓਨੀਂ ਦੇਰ ਤਕ ਤੁਹਾਡਾ ਤੇ ਮੇਰਾ ਸਾਥ ਰਹੇਗਾ। ਜਦੋਂ ਤੁਸੀਂ ਭੁੱਲ ਗਏ ਪ੍ਰਮੇਸ਼ਰ ਨੂੰ, ਉਲਟੀਆਂ-ਫੁਲਟੀਆਂ ਗੱਲਾਂ 'ਚ ਪੈ ਗਏ, ਮੜ੍ਹੀਆਂ ਮਸਾਣੀਆਂ ਨੂੰ ਮੰਨਣ ਲਗ ਗਏ ਫੇਰ ਮੈਂ ਤੇਜ ਆਪਣਾ ਵਾਪਸ ਲੈ ਲੈਣੈ।

ਕਹਿੰਦੇ, ਆਹ ਗਧਾ ਸੀਗਾ। ਦੇਖੋ ਇਹਦੇ ਉਤੇ ਕੇਵਲ ਖੱਲ੍ਹ ਪਾਈ ਹੈ। ਇਹਨੂੰ ਕੁਛ ਪਿਲਾਇਆ ਨਹੀਂ ਹੈ। ਉਹ ਖੱਲ੍ਹ ਦੇ ਨਾਲ ਐਨਾ ਭੁਲੇਖਾ ਪਿਆ ਕਿ ਸਾਰਾ ਸ਼ਹਿਰ ਇਕ ਗਧੇ ਕੋਲੋਂ ਡਰਦੈ ਸ਼ੇਰ ਸਮਝ ਕੇ। ਕਹਿੰਦੇ, ਤੁਹਾਨੂੰ ਅਸੀਂ ਬਾਣਾ ਦਿਤਾ ਹੈ, ਅੰਮ੍ਰਿਤ ਦੀ ਦਾਤ ਦਿਤੀ ਹੈ। ਚੜ੍ਹਦੀ ਕਲਾ ਦਿਤੀ ਹੈ। ਇਨਸਾਫ ਨਾਲ ਚੱਲੋਂਗੇ ਸਭ ਨੂੰ ਇਕ ਅੱਖ ਨਾਲ ਦੇਖੋਂਗੇ। ਕਿਉਂਕਿ ਸਿੰਘਾਂ ਵਾਸਤੇ ਹਿੰਦੂ ਤੇ ਇਸਲਾਮ ਵਿਚ ਫਰਕ ਨਹੀਂ, ਇੱਕੋ ਹੀ ਨੇ –

*ਕੋਊ ਭਇਓ ਮੁੰਡੀਆਂ ਸੰਨਿਆਸੀ, ਕੋਊ ਜੋਗੀ ਭਇਓ,*
*ਕੋਈ ਬ੍ਰਹਮਚਾਰੀ, ਕੋਊ ਜਤੀਅਨੁ ਮਾਨਬੋ॥*
*ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ,*
*ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥*
*ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,*
*ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥*
*ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ,*
*ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥ ਅਕਾਲ ਉਸਤਤਿ*

ਜਦੋਂ ਤੁਸੀਂ ਹੋਰ ਤਰ੍ਹਾਂ ਸੋਚੋਂਗੇ ਕਹਿੰਦੇ, ਅਸੀਂ ਫੇਰ ਤੇਜ ਵਾਪਸ ਲੈ ਲਵਾਂਗੇ। ਫੇਰ ਤੁਹਾਡਾ ਹਾਲ ਆਹ ਗਧੇ ਵਾਲਾ ਹੋਏਗਾ। ਤੁਹਾਡੇ ਬਾਣੇ ਨੂੰ ਕਿਸੇ ਨੇ ਨਹੀਂ ਪੁੱਛਣਾ। ਪਤਾ ਲਗ ਜੂ ਕਿ ਇਹ ਤਾਂ ਅੰਦਰੋਂ ਗਧਾ ਹੀ ਹੈ, ਬਾਹਰੋਂ ਹੀ ਬਾਣਾ ਹੈ।

ਇਕ ਵਾਰੀ ਗੁਰੂ ਮਹਾਰਾਜ ਕਹਿਣ ਲੱਗੇ ਕਿ ਭਾਈ! ਅੱਜ ਚੌਲ ਬਣਾਇਓ, ਬਾਹਰ ਚੱਲਣੈ। ਬਹੁਤ ਵਧੀਆ ਚੌਲ ਲਾਂਗਰੀਆਂ ਨੇ ਬਣਾਏ। ਅੱਗੇ ਗਏ ਤਾਂ ਮਹਾਰਾਜ ਨੇ ਕਿਹਾ ਕਿ ਸ਼ਿਕਾਰੀ ਕੁੱਤੇ ਸਭ ਨਾਲ ਲੈ ਆਇਓ। ਉਹ ਕੁੱਤਿਆਂ ਨੂੰ ਲੈ ਆਏ ਤੇ ਦੁਪਹਿਰਾ ਹੋ ਗਿਆ, ਇਕ ਥਾਂ ਦੇਖ ਕੇ ਮਹਾਰਾਜ ਨੇ ਕਿਹਾ ਕਿ ਲਓ ਬਈ ਇਹ ਚੌਲ ਕੁੱਕਰਾਂ ਨੂੰ ਪਾ ਦਿਓ। ਧਰਤੀ ਦੇ ਉਤੇ ਢੇਰੀ ਕਰਕੇ, ਸਾਰੇ ਕੁੱਤੇ ਛੱਡ ਦਿਤੇ। ਜਿਉਂ ਕੁੱਤੇ ਆਪਸ ਵਿਚ ਲੜਨ ਲੱਗੇ, ਚੌਲਾਂ ਨੂੰ ਤਾਂ ਕੋਈ ਮੂੰਹ ਮਾਰੇ ਹੀ ਨਾ, ਇਕ ਦੂਜੇ ਨਾਲ ਲੜਨ ਲਗ ਗਏ, ਲਹੂ ਲੁਹਾਨ ਹੋ ਗਏ ਕੁੱਤੇ। ਚੌਲਾਂ ਦੇ ਉਤੇ ਗਿਰ ਪਏ, ਮਿੱਟੀ ਰਲ ਗਈ ਚੌਲਾਂ 'ਚ। ਚੌਲ ਕਿਸੇ ਕੰਮ ਦੇ ਨਾ ਰਹੇ। ਸਿੰਘ ਕਹਿਣ ਲੱਗੇ, ਸੱਚੇ ਪਾਤਸ਼ਾਹ! ਇਹ ਤਾਂ ਬੜਾ ਨੁਕਸਾਨ ਕਰਿਆ ਹੈ ਇਹਨਾਂ ਨੇ। ਨਾ ਆਪ ਖਾਧੇ ਨੇ, ਨਾ ਦੂਜਿਆਂ ਨੂੰ ਖਾਣ ਦਿਤੇ।

ਪਾਤਸ਼ਾਹ ਇਹਦਾ ਕੋਈ ਤਾਤਪਰਜ ਵੀ ਹੈ? ਜਿਥੋਂ ਸਾਨੂੰ ਸਿੱਖਿਆ ਮਿਲੇ। ਕਹਿੰਦੇ, ਪਿਆਰਿਓ! ਤੁਹਾਡਾ ਚਰਿੱਤਰ ਨਿਆਰਾ ਦੇਖ ਕੇ, ਤੁਹਾਡੀ ਦ੍ਰਿੜ੍ਹਤਾ ਦੇਖ ਕੇ, ਤੁਹਾਡੀ ਸੇਵਾ ਦੇਖ ਕੇ, ਤੁਹਾਡੀ ਉੱਚੀ ਸੋਚ ਦੇਖ ਕੇ ਸੰਸਾਰ ਤੁਹਾਡਾ ਆਦਰ 'ਤੇ ਸਤਿਕਾਰ ਕਰੇਗਾ। ਜਦੋਂ ਆਦਰ 'ਤੇ ਸਤਿਕਾਰ ਹੋਏਗਾ, ਤੁਹਾਨੂੰ ਰਾਜਸੀ ਸ਼ਕਤੀ ਵੀ ਪ੍ਰਾਪਤ ਹੋਣੀ ਹੈ। ਰਾਜਸੀ ਸ਼ਕਤੀ

ਦਾ ਜੇ ਤਾਂ ਅਨੰਦ ਅਰਾਮ ਦੇ ਨਾਲ ਕਰ ਲਿਆ, ਮਿਲ ਮਿਲਾ ਕੇ ਫਲ ਖਾਂਦੇ ਰਹੇ ਤਾਂ, ਤਾਂ ਖਾ ਲਵੋਂਗੇ, ਨਹੀਂ ਤਾਂ ਆਹ ਕੁੱਤਿਆਂ ਵਾਲਾ ਹਾਲ ਕਰਿਆ ਤਾਂ ਲਹੂ-ਲੁਹਾਨ ਆਪੇ ਹੀ ਹੋ ਜਾਵੋਂਗੇ। ਨਾ ਤੁਹਾਡੇ ਖਾਣ ਜੋਗਾ, ਨਾ ਕਿਸੇ ਹੋਰ ਦੇ ਖਾਣ ਜੋਗਾ। ਦੇਖਿਓ ਕੁੱਤਿਆਂ ਵਾਲਾ ਕੰਮ ਨਾ ਕਰਨਾ, ਬਾਅਦ 'ਚ ਜਾ ਕੇ ਕਿ ਮੈਂ ਕੁਰਸੀ 'ਤੇ ਬੈਠਣੈ, ਉਹ ਕਹਿੰਦਾ ਮੈਂ ਬਹਿਣੈ। ਸਾਫੇ ਲਾਹੀ ਜਾਂਦੇ ਨੇ ਇਕ ਦੂਜੇ ਦੇ। ਗਲਤ ਗੱਲਾਂ ਕਹੀ ਜਾਂਦੇ ਨੇ, ਝੂਠ-ਤੁਫਾਨ ਬੋਲਦੇ ਨੇ। ਅੱਜ ਮਿਲਾਪ ਹੋ ਜਾਏ, ਹੁਣੇ ਵਧੀਆ ਬੋਲਣ ਲਗ ਜਾਣਗੇ। ਜੇ ਸਾਰੇ ਇਕੱਠੇ ਹੋ ਕੇ ਪੁੱਛਣਗੇ ਕਿ ਕੱਲ੍ਹ ਤਾਂ ਤੁਸੀਂ ਇਸ ਤਰ੍ਹਾਂ ਕਹਿੰਦੇ ਸੀ, ਅੱਜ ਇਸ ਤਰ੍ਹਾਂ ਕਹਿੰਦੇ ਹੋਂ?

ਉਹ ਹਾਲ ਗੁਰੂ ਸਾਹਿਬ ਨੇ ਪਹਿਲਾਂ ਹੀ ਦਸ ਦਿਤਾ ਸੀ ਕਿ ਆਹ ਹਾਲ ਹੋਏਗਾ। ਸੰਭਲੋ ਇਨ੍ਹਾਂ ਗੱਲਾਂ ਤੋਂ। ਸੋ ਇਸ ਤਰ੍ਹਾਂ ਗੁਰੂ ਮਹਾਰਾਜ ਦੇ ਸਾਰੇ ਕੌਤਕ, ਕੋਈ ਲੈ ਲਓ ਤੁਸੀਂ ਉਹ ਸਿੱਖਿਆ ਭਰਪੂਰ ਨੇ।

ਗੁਰੂ ਮਹਾਰਾਜ ਦਾ ਜਦੋਂ ਐਡਾ ਪਿਆਰ ਸੀ ਸਾਡੇ ਨਾਲ ਅਸੀਂ ਤਾਂ ਬਦਲਾ ਨਹੀਂ ਦੇ ਸਕਦੇ ਸਾਧਸੰਗਤ ਜੀ। ਗੁਰੂ ਨੇ ਸਾਨੂੰ ਕਿੰਨਾ ਪਿਆਰ ਕਰਿਆ।

ਸ੍ਰੀ ਦਮਦਮਾ ਸਾਹਿਬ ਦੀਵਾਨ ਲੱਗਿਆ ਹੋਇਆ ਹੈ। ਬਹੁਤ ਸੰਗਤ ਬੈਠੀ ਹੈ। ਸਿੱਖੀ ਫੇਰ ਮੁੜ ਕੇ ਫੈਲ ਗਈ। ਕੀ ਦੇਖਦੇ ਨੇ ਅਚਾਨਕ ਪਾਲਕੀਆਂ ਆ ਗਈਆਂ, ਪਾਲਕੀਆਂ ਆ ਕੇ ਦੀਵਾਨ ਦੇ ਬਾਹਰਲੇ ਪਾਸੇ ਲਾਹ ਦਿਤੀਆਂ ਤੇ ਵਿਚੋਂ ਦੋਵੇਂ ਮਾਤਾਵਾਂ, ਮਾਤਾ ਸਾਹਿਬ ਕੌਰ ਜੀ ਤੇ ਮਾਤਾ ਸੁੰਦਰ ਕੌਰ ਜੀ, ਉਹ ਗੁਰੂ ਮਹਾਰਾਜ ਦੇ ਦਰਸ਼ਨ ਕਰਨ ਗੁਪਤ ਰੂਪ 'ਚ ਆਏ ਨੇ ਤੇ ਆ ਕੇ ਜਦੋਂ ਦੀਵਾਨ ਦੇ ਵਿਚੋਂ ਲੰਘਦੇ ਨੇ ਤਾਂ ਬਹੁਤ ਪ੍ਰੇਮੀਆਂ ਦੇ ਦਿਲ ਨਰਮਾਈ 'ਚ ਆ ਕੇ ਇਸ ਤਰ੍ਹਾਂ ਹੋ ਗਏ ਕਿ ਮਾਤਾਵਾਂ ਨੂੰ ਅੱਜ ਪਤਾ ਲੱਗਣੈ। ਉਹਨਾਂ ਨੇ ਜਿਸ ਵਕਤ ਜਾ ਕੇ ਗੁਰੂ ਮਹਾਰਾਜ ਦੇ ਚਰਨਾਂ 'ਤੇ ਮਸਤਕ ਨਿਵਾਇਆ, ਬੜਾ ਵੈਰਾਗ ਕੀਤਾ ਉਹਨਾਂ ਨੇ।

ਮਹਾਰਾਜ ਜੀ ਕਹਿਣ ਲੱਗੇ, ਤੁਸੀਂ ਬੈਠੋ। ਖੱਬੇ ਪਾਸੇ ਆਸਣ ਸੀ ਕਿ ਇਥੇ ਤੁਸੀਂ ਬੈਠੋ। ਬੈਠੀਆਂ ਆਲੇ-ਦੁਆਲੇ ਦੇਖੀ ਜਾਂਦੀਆਂ ਨੇ। ਏਧਰ ਦੇਖ, ਓਧਰ ਦੇਖ। ਉਸ ਵੇਲੇ ਗੁਰੂ ਮਹਾਰਾਜ ਨੇ ਕਿਹਾ ਕਿ ਕੀ ਦੇਖ ਰਹੇ ਹੋਂ? ਸੰਗਤ ਬੈਠੀ ਹੈ ਇਹਦੇ ਦਰਸ਼ਨ ਕਰੋ। ਉਸ ਵੇਲੇ ਇਸ ਤਰ੍ਹਾਂ ਦੀ ਬੇਨਤੀ ਕਰਦੀਆਂ ਨੇ -

*ਧਾਰਨਾ - ਕਿਥੇ ਗਈਆਂ ਨੇ ਲਾਲਾਂ ਦੀਆਂ ਜੋੜੀਆਂ,*
*ਸੰਗਤਾਂ 'ਚ ਕੋਈ ਨਾ ਦਿਸੇ।*

ਕਹਿਣ ਲੱਗੇ, ਦੇਖੋ ਧਿਆਨ ਕਰਕੇ, ਚਾਰ ਦਿਤੇ ਨੇ ਹਜ਼ਾਰਾਂ, ਲੱਖਾਂ ਦੀ ਤਾਦਾਦ 'ਚ ਪੁੱਤਰ ਲੈ ਲਏ। ਆਪਣੇ ਹੀ ਪੁੱਤਰ ਨੇ ਇਹ ਵੀ। ਤੁਹਾਡਾ ਰੋਣਾ ਬਣਦਾ ਨਹੀਂ ਹੈ ਕਿਉਂਕਿ ਤੁਸੀਂ ਵੀਰ ਬਹਾਦਰ ਪੁੱਤਰਾਂ ਦੀਆਂ ਮਾਤਾਵਾਂ ਹੋ। ਤੁਹਾਡੀ ਕੁੱਖ ਸਫਲੀ ਹੈ। ਤੁਸੀਂ ਤਾਂ ਧੰਨਤਾ ਦੇ ਯੋਗ ਹੋਂ। ਉਹਨਾਂ ਨੇ ਤਾਂ ਜਾ ਕੇ ਅਕਾਲ ਪੁਰਖ ਦੀ ਦਰਗਾਹ ਦੇ ਵਿਚ ਸਭ ਤੋਂ ਉੱਚੀ ਥਾਂ ਲੈ ਲਈ ਹੈ। ਤੁਹਾਨੂੰ ਨਜ਼ਰ ਨਹੀਂ ਆ ਰਿਹਾ? ਵੈਰਾਗ ਨਾ ਕਰੋ।

ਕਿੱਡੀ ਚੜ੍ਹਦੀ ਕਲਾ, ਹੈਰਾਨੀ ਦੀ ਗੱਲ ਹੈ ਸਾਧਸੰਗਤ ਜੀ! ਗੁਰੂ ਮਹਾਰਾਜ ਨੇ ਆਪਣੇ ਚਾਰ ਦੇ ਕੇ ਸਾਨੂੰ ਲੈ ਲਿਆ। ਹੁਣ ਅਸੀਂ ਕਿਹੋ ਜਿਹੇ ਹਾਂ? ਅੰਮ੍ਰਿਤ ਛਕਾ ਕੇ ਜਾਂਦੇ ਨੇ, ਜੀ ਫਲਾਣੇ ਨੇ ਵੀ ਮੁੱਖ ਮੋੜ ਲਿਆ, ਫਲਾਣੇ ਨੇ ਵੀ ਮੋੜ ਲਿਆ। ਸ਼ਰਾਬ ਦੇ ਨਾਲ ਮਿੱਤਰਤਾ ਤੇ ਗੁਰੂ ਦੇ ਵਲ ਪਿੱਠ। ਲੰਘ ਜਾਓਂਗੇ ਇਸ ਤਰ੍ਹਾਂ, ਕਿਹੜਾ ਲੰਘ ਜਾਊਗਾ। ਕਦਰ ਕਰੋ। ਜਿਹੜਾ ਅਹਿਸਾਨ ਫਰਾਮੋਸ਼ ਹੁੰਦੈ, ਉਹ ਹਤਿਆਰਾ ਹੋਇਆ ਕਰਦੈ। ਭਾਰਤ ਵਰਸ਼ ਦੀ ਮਨੁੱਖਤਾ ਦੇ ਉਤੇ ਗੁਰੂ ਦਸ਼ਮੇਸ਼ ਪਿਤਾ ਦਾ ਐਨਾ ਉਪਕਾਰ ਹੈ ਕਿ ਇਹ ਤਾਂ ਕਦੇ ਭੁੱਲਣ ਹੀ ਨਾ। ਸਦਾ-ਸਦਾ ਉਹਨਾਂ ਨੂੰ ਯਾਦ ਰੱਖਣ। ਇਹੋ ਜਿਹਾ ਮੁਰਸ਼ਦ ਕਦੇ ਆਇਐ? ਸਭ ਦਿਤਾ ਉਹਨਾਂ ਨੇ। ਇਸ ਤਰ੍ਹਾਂ ਨਾਲ ਪੜ੍ਹੋ ਪਿਆਰ ਨਾਲ -

*ਧਾਰਨਾ - ਪਿਤਾ ਵਾਰਿਆ ਪੁੱਤਰ ਚਾਰੇ ਵਾਰੇ,*
*ਸਿੰਘਾਂ ਤੇਰੀ ਸ਼ਾਨ ਬਦਲੇ।*

ਐਸਾ ਪਿਤਾ ਗੁਰੂ ਦਸ਼ਮੇਸ਼ ਪਿਤਾ ਵਰਗਾ ਸਭ ਕੁਝ ਵਾਰ ਕੇ ਫੇਰ ਇਹ ਕਹਿੰਦੇ ਨੇ -

*ਪੰਥ ਖਾਲਸਾ ਖੇਤੀ ਮੇਰੀ*
*ਕਰਹੁੰ ਸੰਭਾਲ ਮੈ ਤਿਸ ਕੇਰੀ।*

ਮੈਂ ਜਾਂਦਾ ਤਾਂ ਨਹੀਂ ਹਾਂ ਪਿਆਰਿਓ, ਮੈਂ ਤਾਂ ਸੰਭਾਲ ਕਰਾਂਗਾ ਵਿਚ ਬੈਠ ਕੇ। ਜਿਹੜੇ ਮੁਖ ਮੋੜਨਗੇ ਉਹ ਆਪ ਹੀ ਮੋੜਨਗੇ। ਮੈਂ ਤਾਂ ਬੇਦਾਵੇ ਪਾੜ ਦਿੰਦਾ, ਜਦੋਂ ਮੇਰੇ ਕੋਲ ਕੋਈ ਆਉਂਦੈ -

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*

*ਇਹੁ ਬਿਰਦੁ ਸੁਆਮੀ ਸੰਦਾ ॥ ਅੰਗ - ੫੪੪*

ਮੈਂ ਨਹੀਂ ਸਿੱਖ ਨੂੰ ਦੂਰ ਕਰਦਾ, ਸਿੱਖ ਆਪ ਪਿੱਠ ਕਰਕੇ ਮੇਰੇ ਵਲੋਂ ਨੱਠਦੈ।

ਸੋ ਤੁਸੀਂ ਸਾਰੇ ਗੁਰੂ ਦਸ਼ਮੇਸ਼ ਪਿਤਾ ਦਾ ਦਿਨ ਮਨਾਉਂਦੇ ਹੋਂ। ਸੋ ਇਕੋ ਮੇਰੀ ਬੇਨਤੀ ਹੈ ਜੋ ਗੁਰੂ ਨੂੰ ਧਾਰਨ ਕਰ ਲੈਂਦੇ ਨੇ, ਅੰਮ੍ਰਿਤ ਛਕ ਲੈਂਦੇ ਨੇ, ਉਸ ਤੋਂ ਬਾਅਦ ਨਾਮ ਜਪਿਆ ਕਰੋ। ਜਿਹੜਾ ਪੰਜ ਪਿਆਰਿਆਂ ਨੇ ਦਿਤਾ। ਹੋਰ ਏਧਰ ਓਧਰ ਨਾਮ ਲੈਣ ਨਾ ਦੌੜੋ। ਨਾਮ ਪੂਰਾ ਹੈ ਵਾਹਿਗੁਰੂ ਮੰਤਰ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੂਰੇ ਗੁਰੂ ਨੇ। ਇਹਨਾਂ ਦੇ ਵਿਚ ਹੁਣ ਸਮਝ ਵਿਚ ਨਹੀਂ ਆਉਂਦੀ ਕਿ ਐਨਾ ਗਿਆਨ ਹੈ, ਐਨਾ ਰਸਤਾ ਦਿਖਾਇਆ ਹੋਇਐ। ਐਨਾ ਪ੍ਰਕਾਸ਼ ਹੈ, ਕਿਤੇ ਭਟਕਣ ਦੀ ਲੋੜ ਹੀ ਨਹੀਂ ਹੈ। ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ 'ਤੇ ਨਿਹਚੇ ਕਰੇ ਨੇ। ਉਹਨਾਂ ਨੂੰ ਸਾਰਾ ਕੁਛ ਹੀ ਪ੍ਰਾਪਤ ਹੁੰਦੈ। ਗੁਰੂ ਸਾਹਿਬ ਤਾਂ ਬੋਲਦੇ ਨੇ ਹਰ ਵਕਤ ਬੋਲਦੇ ਨੇ।

ਇਕ ਪ੍ਰੇਮੀ ਮੈਨੂੰ ਮਿਲਿਆ, ਕਹਿਣ ਲੱਗਿਆ ਕਿ ਜੀ ਮੈਂ ਤੁਹਾਡੇ ਕੋਲ ਆਇਆ ਹਾਂ, ਕੁਛ ਮੈਂ ਪੁੱਛਣਾ ਹੈ? ਮੈਂ ਕਿਹਾ ਪੁੱਛੋ। ਉਹ ਜਦੋਂ ਪੁੱਛੇ ਸਾਰੇ ਸਵਾਲਾਂ ਦਾ ਜਵਾਬ ਮਿਲ ਗਿਆ ਉਹਨੂੰ। ਕਹਿੰਦਾ, ਮੈਂ ਬੜਾ ਧੰਨਵਾਦੀ ਹਾਂ। ਮੈਂ ਕਿਹਾ, ਤੂੰ ਕਿਹੜੀ ਸੰਪਰਦਾ ਨਾਲ ਸਬੰਧ ਰਖਦੈਂ? ਕਹਿੰਦਾ, ਜੀ ਮੈਂ ਤਾਂ ਫਲਾਣੇ ਨਾਲ ਰਖਦਾ ਹਾਂ। ਮੈਂ ਕਿਹਾ, ਫੇਰ ਤੈਨੂੰ ਆਪਣੇ ਗੁਰੂ ਕੋਲ ਜਾਣਾ ਚਾਹੀਦਾ ਸੀ। ਉਥੇ ਪੁੱਛਣਾ ਚਾਹੀਦਾ ਸੀ। ਕਹਿੰਦਾ, ਜੀ ਉਹ ਤਾਂ ਮੈਂ ਨਾਮ ਲੈ ਲਿਆ ਜੀ। ਹੁਣ ਉਹਨਾਂ ਨੂੰ ਮੁੜ ਕੇ ਮਿਲਣਾ ਤਾਂ ਬਹੁਤ ਔਖਾ ਹੈ। ਕਰਨਲ ਸੀਗਾ ਉਹ। ਮੈਂ ਕਿਹਾ, ਕਿੰਨੇ ਕੁ ਬੰਦੇ ਹੁੰਦੇ ਹੋਂ? ਕਹਿੰਦਾ, 20 ਲੱਖ ਬੰਦੇ ਹੁੰਦੇ ਨੇ। ਮੈਂ ਕਿਹਾ, ਵਾਕਏ ਈ ਵੀਹ ਲੱਖ ਨੂੰ ਤਾਂ ਮਿਲ ਹੀ ਨਹੀਂ ਹੁੰਦਾ। ਫੇਰ ਮੈਂ ਕਿਹਾ, ਜੇ ਤੁਹਾਨੂੰ ਜੇ ਕਿਸੇ ਗੱਲ ਦਾ ਸ਼ੰਕਾ ਪੈ ਜਾਵੇ ਫੇਰ ਕੀ ਕਰਦੇ ਹੋਂ? ਗੁਰੂ ਤੋਂ ਕਢਾਉਂਦੇ ਹੋਂ? ਕਿਸ ਤੋਂ ਕਢਾਉਂਦੇ ਹੋਂ?

ਕਹਿੰਦਾ, ਉਹ ਇਹ ਕਹਿੰਦੇ ਨੇ ਕਿ ਸਾਡੀਆਂ ਪੁਸਤਕਾਂ ਪੜ੍ਹ ਲਓ, ਇਹਦੇ ਵਿਚ ਸਭ ਸ਼ੰਕਿਆਂ ਦਾ ਜਵਾਬ ਹੈ। ਮੈਂ ਕਿਹਾ, ਕਰਨਲ ਸਾਹਿਬ! ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਤੁਸੀਂ ਕਿਉਂ ਨੱਠਦੇ ਹੋਂ? ਇਹਨਾਂ ਵਿਚ ਸਾਰੀਆਂ ਚੀਜ਼ਾਂ ਦਾ ਜਵਾਬ ਹੈ। ਗੁਰੂ ਤਾਂ, ਸਾਡੀ ਵੰਸ ਐਡੀ ਮਜ਼ਬੂਤ ਹੈ ਸਾਨੂੰ ਤਾਂ ਉਹਨਾਂ ਨੇ ਪੁੱਤਰ ਬਣਾਇਐ, ਸ੍ਰੀ ਅਨੰਦਪੁਰ ਦੇ ਵਾਸੀ ਬਣਾਇਐ। ਐਨਾ ਨੇੜੇ ਦਾ ਸਬੰਧ ਤੋੜ ਕੇ ਉਥੇ ਨੱਠਦੇ ਹੋਂ, ਜਿਹਨੂੰ ਦੁਬਾਰਾ ਤੁਸੀਂ ਮਿਲ ਹੀ ਨਹੀਂ ਸਕਣਾ ਕਦੇ ਵੀ। ਕਿਵੇਂ ਤੁਸੀਂ ਆਪਣੇ ਸ਼ੰਕੇ ਨਵਿਰਤ ਕਰੋਂਗੇ? ਕਿਵੇਂ ਤੁਹਾਨੂੰ ਪਿਆਰ ਦੇਵੇਗਾ ਉਹ। ਪਿਆਰ ਨਹੀਂ ਦੇ ਸਕਦਾ।

ਗੁਰੂ ਘਰ ਦੇ ਅੰਦਰ ਪੰਜ ਪਿਆਰੇ ਨਾਮ ਦਿੰਦੇ ਨੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਸੰਤ ਲਾਉਂਦੇ ਨੇ। ਸੰਤਾਂ ਆਪਣੀ ਜਿੰਮੇਵਾਰੀ ਸਮਝਦੇ ਨੇ ਕਿ ਕੋਈ ਜਗਿਆਸੂ ਭਟਕ ਨਾ ਜਾਵੇ। ਇਹਨਾਂ ਨੂੰ ਜੇ ਕੋਈ ਰੂਹਾਨੀ ਮੁਸ਼ਕਲ ਹੈ, ਸੋਝੀ ਨਹੀਂ ਪੈਂਦੀ ਤਾਂ ਇਹਨਾਂ ਨੂੰ guide ਕੀਤਾ ਜਾਵੇ। ਆਪਣੇ ਮਗਰ ਤਾਂ ਨਹੀਂ ਲਾਉਂਦੇ ਕਿ ਤੂੰ ਮੇਰਾ ਚੇਲਾ ਬਣ ਜਾ। ਸੰਤ ਹੁੰਦਾ ਹੀ ਉਹ ਹੈ ਜਿਹੜਾ ਹੋਵੇ ਨਾ। ਇਸ ਗੱਲ ਨੂੰ ਸਮਝ ਲਵੋਂਗੇ ਜਦੋਂ, ਫੇਰ ਬੜੀ ਭਾਰੀ ਭੁੱਲ ਹੈ ਜਿਹੜੀ ਨਿਕਲ ਜਾਵੇਗੀ। ਸੰਤ ਕਦੇ ਵੀ ਨਹੀਂ ਹੁੰਦਾ, ਸੰਤ ਦੇ ਅੰਦਰ ਪ੍ਰਮੇਸ਼ਰ ਕੰਮ ਕਰਦਾ ਹੁੰਦੈ। ਉਹਨੂੰ ਲੋਕ ਕਹਿਣ ਲੱਗ ਜਾਂਦੇ ਨੇ ਕਿ ਸੰਤ ਹੈ, ਸੰਤ ਹੈ। ਭੇਖ ਨਾਲ ਨਹੀਂ ਹੁੰਦਾ, ਉਹ ਤਾਂ ਇਕ ਪਦਵੀ ਹੈ -

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ਅੰਗ - ੩੧੯*

ਜਿਹਨੂੰ ਵਾਹਿਗੁਰੂ ਕਦੇ ਵੀ ਨਹੀਂ ਭੁੱਲਦਾ ਹੈਗਾ। ਉਹ ਵਾਹਿਗੁਰੂ ਆਪ ਹੀ ਉਥੇ ਹੋ ਜਾਂਦੈ। 'ਮੈਂ' ਮਰ ਜਾਂਦੀ ਹੈ, ਜਦੋਂ ਮੈਂ ਮਰ ਗਈ ਤਾਂ ਪ੍ਰਮੇਸ਼ਰ ਹੀ ਰਹਿ ਜਾਂਦਾ ਹੈ। ਉਹਨਾਂ ਦੀ ਡਿਊਟੀ ਪ੍ਰਮੇਸ਼ਰ ਦੇ ਹੁਕਮ ਦੇ ਵਿਚ ਲੱਗੀ ਹੁੰਦੀ ਹੈ। ਇਥੇ ਜਾਓ ਤੁਸੀਂ ਏਥੇ ਜਾਓ। ਜੋ ਡਿਊਟੀ ਹੁੰਦੀ ਉਹਦੇ ਮੁਤਾਬਿਕ ਉਹ ਆਪਣਾ ਤੁਰੇ ਫਿਰਦੇ ਨੇ। ਕੋਈ ਮਾਣ ਨਹੀਂ ਹੁੰਦਾ, ਕੋਈ ਮੈਂ ਨਹੀਂ ਹੁੰਦੀ।

ਸੋ ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ। ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ ਭਾਈ।

ਗੁਰ ਸਤੋਤਰ, ਅਰਦਾਸ, ਹੁਕਮਨਾਮਾ।

*(ਵੀਡੀਓ ਫਿਲਮ ਦੀਵਾਨ ਨੰ: 492)*

# ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-32)*

ਮੈਂ ਤੁਹਾਨੂੰ ਪ੍ਰੈਕਟੀਕਲ ਮਿਸਾਲ ਦਿੰਦਾ ਹਾਂ। ਇਕ ਵਾਰੀ ਐਸਾ ਹੋਇਆ।

ਇਕ ਬਹੁਤ ਵੱਡਾ ਬੰਦਾ ਸੀ ਇਥੇ ਉਹਦੇ ਘਰਵਾਲੀ ਮੈਨੂੰ ਕਹਿਣ ਲੱਗੇ, ਮਹਾਰਾਜ ਨਾਲ ਮੇਰੀ ਗੱਲ ਕਰਾ ਦਿਓ। ਮੈਨੂੰ ਮਿਲਾ ਦਿਓ।

ਮੈਂ ਕਿਹਾ, ਬੀਬੀ! ਮਹਾਰਾਜ ਨੇ ਬੇਪਰਵਾਹ -

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥ ਅੰਗ- ੧੮੬*

ਜਿਹਦਾ ਕਿਹਾ ਦਰਗਾਹ ਮੰਨਦੀ ਹੈ, ਉਹ ਕੀਹਨੂੰ ਨਿਗ੍ਹਾ ਥੱਲੇ ਲਿਆਉਂਦੈ। ਤੈਨੂੰ ਇੰਤਜ਼ਾਰ ਕਰਨਾ ਪਏਗਾ। ਉਹ ਸੀ ਬਹੁਤ ਵੱਡੇ। ਚੀਫ ਮਨਿਸਟਰ ਦੀ ਘਰਵਾਲੀ ਸੀ, ਐਮ.ਐਲ.ਏ ਸੀ ਉਹ। ਕਹਿੰਦੀ, ਮੈਂ ਤਾਂ ਮਿਲਣਾ ਹੈ ਜ਼ਰੂਰ। ਤੁਸੀਂ ਦਸ ਦਿਓ ਉਹਦੀ ਘਰਵਾਲੀ ਆਈ ਹੈ।

ਮੈਂ ਕਿਹਾ, ਨਹੀਂ ਉਹ ਨਹੀਂ ਕਿਸੇ ਦੀ ਗਿਣਦੇ। ਮਹਾਂਪੁਰਸ਼ਾਂ ਨੂੰ ਸਭ ਦਾ ਪਤਾ ਹੁੰਦੈ। ਦਰਵਾਜ਼ੇ ਤੋਂ ਲਾਂਭੇ ਹੀ ਜਾਣਦੇ ਹੁੰਦੇ ਨੇ ਕਿ ਕੌਣ ਖੜ੍ਹਾ ਹੈ ਬਾਹਰ। ਮੈਂ ਕਿਹਾ ਤੇਰੇ ਮਨ ਦੀ ਗਤੀ ਜਾਣ ਰਹੇ ਨੇ ਐਸ ਵੇਲੇ ਕਿ ਤੂੰ ਕੀ ਸੋਚ ਰਹੀਂ ਹੈ? ਆਪਣੇ ਆਪ ਨੂੰ ਨਿਮਰਤਾ 'ਚ ਲਿਆ।

ਕਹਿੰਦੀ, ਮੈਂ ਅੱਧੇ ਘੰਟੇ ਤੋਂ ਘੱਟ ਨਹੀਂ ਲੈਣਾ ਸਮਾਂ।

ਮੈਂ ਕਿਹਾ, ਬੀਬੀ! ਤੇਰੇ ਤੋਂ ਦੋ ਮਿੰਟ ਵੀ ਨਹੀਂ ਬੋਲ ਹੋਣਾ। ਜਿਹੜੀ ਤੇਰੀ ਬੋਲਣ ਵਾਲੀ ਸ਼ਕਤੀ ਹੈ ਨਾ, ਇਹ ਸਾਰੀ ਖਤਮ ਹੋ ਜਾਣੀ ਹੈ। ਇਹ ਅਕਲ ਨੇ ਰਹਿਣਾ ਨਹੀਂ, ਹੋਰ ਹੀ ਅਕਲ ਉਥੇ ਪੈਦਾ ਹੋਣੀ ਹੈ। ਉਹ ਮੰਨੇ ਹੀ ਨਾ ਤੇ ਮੈਂ ਹੁਕਮ ਲਿਆ, ਕਹਿੰਦੇ, ਅੱਧਾ ਘੰਟਾ ਇੰਤਜ਼ਾਰ ਕਰੋ। 1 ਨੰ: ਦਰਵਾਜ਼ੇ 'ਤੇ ਖੜ੍ਹ ਗਈ। ਮੇਰੇ ਮਨ ਵਿਚ ਵੀ ਇਹ ਕਿ ਅੱਜ ਆਈ ਹੈ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ। ਸਾਡੇ ਲੋਕਾਂ ਨੂੰ ਵੀ ਹੁੰਦੈ ਕਿ ਜੀ, ਚੀਫ ਮਨਿਸਟਰ ਦੇ ਘਰੋਂ ਹੈ ਜੀ। ਕੁਛ ਇਹਦਾ ਸਹੀ ਹੋ ਜਾਵੇ, ਮੁੜ ਕੇ ਆਉਣ ਲਗ ਜਾਵੇ। ਆਪਣਾ-ਆਪਣਾ ਹਿਤ ਹੁੰਦੈ ਹਰੇਕ ਦਾ। ਮੇਰੇ ਮਨ 'ਚ ਆਵੇ ਕਿ ਮਹਾਰਾਜ ਦੇ ਦਰਸ਼ਨ ਛੇਤੀ ਹੋ ਜਾਣ।

ਮੈਂ ਦਸਿਆ ਕਿ ਮਹਾਰਾਜ! ਉਹਨਾਂ ਦੇ ਘਰੋਂ ਆਏ ਨੇ। ਕਹਿੰਦੇ, ਕੋਈ ਆਵੇ, ਜਦੋਂ ਤੁਹਾਨੂੰ ਕਹਿ ਦਿਤਾ ਕਿ ਅੱਧਾ ਘੰਟਾ ਨਹੀਂ ਆਉਣਾ ਉਰੇ ਕਿਸੇ ਨੇ। ਖੜ੍ਹੇ-ਖੜ੍ਹੇ ਜਦੋਂ 5-7 ਮਿੰਟ ਰਹਿ ਗਏ, ਪਸੀਨਾ ਆਉਣ ਲਗ ਗਿਆ ਉਹਨੂੰ, ਸਰਦੀ ਦਾ ਮਹੀਨਾ ਸੀ। ਮੱਥੇ 'ਤੇ ਰੁਮਾਲ ਫੇਰੀ ਜਾਵੇ।

ਮੈਂ ਕਿਹਾ, ਕੀ ਗੱਲ ਬੀਬੀ?

ਕਹਿੰਦੀ, ਪਤਾ ਨਹੀਂ ਮੇਰੇ ਪਸੀਨਾ ਆਈ ਜਾਂਦੈ।

ਮੈਂ ਕਿਹਾ, ਮੈਂ ਤੁਹਾਨੂੰ ਦੱਸਾਂ ਗੱਲ? ਤੁਹਾਡੇ ਪਾਪ ਨੱਠ ਰਹੇ ਨੇ। ਉਹ ਛੱਡ-ਛੱਡ ਕੇ ਦੌੜ ਰਹੇ ਨੇ, ਤੁਹਾਨੂੰ ਪਵਿੱਤਰ ਕਰ ਰਹੇ ਨੇ। ਇਹ ਕ੍ਰਿਆ ਅੰਦਰੋਂ ਹੀ ਹੋ ਰਹੀ ਹੈ, ਮਹਾਂਪੁਰਸ਼ਾਂ ਵਲੋਂ। ਤੂੰ ਜਦੋਂ ਉਥੇ ਜਾਣੈ ਪੂਰੀ ਨਿਰਮਲ ਹੋ ਜਾਣੈ।

ਕਹਿਣ ਲੱਗੀ, ਅਸੀਂ ਐਨੇ ਪਾਪ ਤਾਂ ਨਹੀਂ ਕਰਦੇ, ਇਹ ਤਾਂ ਅਖ਼ਬਾਰਾਂ ਵਾਲੇ ਰੌਲਾ ਪਾਈ ਜਾਂਦੇ ਨੇ।

ਮੈਂ ਕਿਹਾ, ਕੀ ਪਤੈ ਬੀਬੀ ਅਚੇਤ ਪਾਪ ਹੋ ਜਾਇਆ ਕਰਦੇ ਨੇ।

ਸਾਡਾ ਤਾਂ ਜੀਵਨ ਹੀ ਪਾਪ ਹੈ। ਸਭ ਤੋਂ ਵੱਡਾ ਜੋ ਪਾਪ ਹੈ ਦੁਨੀਆਂ ਦੇ ਵਿਚ। ਉਹ ਹੈ ਆਤਮ ਘਾਤ। ਮੈਂ ਕਿਹਾ, ਆਤਮਘਾਤੀ ਹੈ ਕੌਣ?

ਮਹਾਰਾਜ ਕਹਿੰਦੇ -

*ਨਾਮੁ ਨ ਜਪਹਿ ਤੇ ਆਤਮ ਘਾਤੀ ॥ ਅੰਗ - ੧੮੮*

ਇਸ ਤੋਂ ਵੱਡਾ ਤਾਂ ਪਾਪ ਹੈ ਨਹੀਂ, ਆਪਾਂ ਨਾਮ ਜਪਦੇ ਨਹੀਂ, ਆਤਮਾ ਦਾ ਘਾਤ ਕਰੀ ਜਾਂਦੇ ਹਾਂ। ਉਹ ਜਦੋਂ ਦੋ ਮਿੰਟ ਰਹਿ ਗਏ, ਮੈਂ ਕਿਹਾ

ਤੁਸੀਂ ਸਮਾਂ ਕਿੰਨਾ ਲਾਉਣੈ। ਕਹਿਣ ਲੱਗੀ, ਮੈਨੂੰ ਤਾਂ ਪਤਾ ਹੀ ਨਹੀਂ ਲਗਦਾ ਕਿ ਮੈਂ ਗੱਲ ਕੀ ਕਰਾਂਗੀ? ਮੈਂ ਕਿਹਾ, ਜਦੋਂ ਮੈਂ ਦਰਵਾਜ਼ਾ ਖੋਲ੍ਹਣੈ, ਤੇਰੇ ਤੋਂ ਇਕ ਗੱਲ ਵੀ ਨਹੀਂ ਹੋਣੀ। ਜਦੋਂ ਮੈਂ ਦਰਵਾਜ਼ਾ ਖੋਲ੍ਹਿਆ, ਉਹਨੇ ਮੇਰੀ ਬਾਂਹ ਫੜ ਲਈ। ਕਹਿੰਦੀ, ਠਹਿਰ ਜਾਓ। ਰੁਮਾਲ ਲਿਆ, ਪਸੀਨਾ ਸਾਫ ਕਰਿਆ ਉਹਨੇ। ਜਾ ਕੇ ਇਕ ਦਮ ਚਰਨਾਂ 'ਤੇ ਪੈ ਕੇ ਰੋਣ ਲਗ ਗਈ।

ਮਹਾਰਾਜ ਕਹਿਣ ਲੱਗੇ, ਬੀਬਾ! ਬਚਨ ਕਰੋ। ਬਚਨ ਹੁਣ ਕੌਣ ਕਰੇ। ਕਹਿਣ ਲੱਗੀ, ਮਹਾਰਾਜ ਜੀ! ਬਖਸ਼ ਦਿਓ। ਨਾਮ ਦਾਨ ਬਖਸ਼ ਦਿਓ। ਹੋਰ ਕੋਈ ਗੱਲ ਹੀ ਨਾ ਕਰੀ। ਜਿਹੜੀ ਕਹਿੰਦੀ ਸੀ ਅੱਧਾ ਘੰਟਾ ਮੈਂ ਗੱਲਾਂ ਕਰਨੀਆਂ ਨੇ। ਮਹਾਰਾਜ ਇਸ ਤਰ੍ਹਾਂ ਫੁਰਮਾਉਂਦੇ ਨੇ -

*ਧਾਰਨਾ - ਸਾਹਿਬ ਚਿੱਤ ਆਉਂਦਾ ਹੈ,*
*ਸੰਤਾਂ ਦੇ ਦਰਸ਼ਨ ਕਰਕੇ।*

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*
*ਅੰਗ- ੫੨੦*

*ਸਾਧ ਕੈ ਸੰਗਿ ਨਹੀ ਕਛੁ ਘਾਲ ॥*
*ਦਰਸਨੁ ਭੇਟਤ ਹੋਤ ਨਿਹਾਲ ॥ ਅੰਗ - ੨੭੨*

ਕੁਦਰਤੀ ਤੌਰ 'ਤੇ ਹੈ। ਦੀਵੇ ਦੇ ਕੋਲ ਜਦੋਂ ਹਜ਼ਾਰ ਵਾਟ ਦਾ ਬਲਬ ਜਲਦੈ, ਰੌਸ਼ਨੀ ਆਉਣੀ ਹੀ ਆਉਣੀ ਹੈ। ਕਿਉਂਕਿ ਹਨ੍ਹੇਰੇ ਵਿਚੋਂ ਨਿਕਲਿਐ। ਹਰ ਵਕਤ ਉਹਨਾਂ ਦੇ ਅੰਦਰੋਂ ਨਾਮ ਦੀ ਝਰਨਾਹਟ ਹੁੰਦੀ ਰਹਿੰਦੀ ਹੈ। ਕਰੰਟ ਚਲਦੀ ਰਹਿੰਦੀ ਹੈ। ਬਾਹਰ flow (ਵਹਾਅ) ਚਲਦੈ ਸਰੀਰ 'ਚੋਂ। ਹੁਣ ਇਸ 'ਤੇ ਵੀ ਬਹੁਤ ਪ੍ਰੇਮੀ ਕਹਿਣਗੇ ਕਿ ਇਹ ਹੁੰਦਾ ਕਿਵੇਂ ਹੈ? ਉਹ ਮੈਂ ਤੁਹਾਨੂੰ ਦਸਦਾ ਹਾਂ। ਸਾਡੇ ਅੰਦਰ ਸਾਰੇ ਬ੍ਰਹਿਮੰਡ ਦੀ ਜੋ ਐਨਰਜੀ ਹੈ, ਕੁੱਲ ਦੀ, ਜਿੰਨਾਂ ਕੁਛ ਵੀ ਹੈ। ਉਹਦੇ ਨਾਲ ਸਾਡਾ ਸਬੰਧ ਜੁੜਿਆ ਹੋਇਐ। ਦਸਵੇਂ ਦੁਆਰ ਦੇ ਅੰਦਰ ਪ੍ਰਮੇਸ਼ਰ ਦਾ ਵਾਸਾ ਹੈ। ਉਹਦਾ ਆਪਣਾ ਥਾਉਂ ਹੈ, ਆਪਣਾ ਸੈੱਟ ਹੈ। ਆਪਣੇ ਵਾਸਤੇ ਉਹ ਰਾਖਵੀਂ ਥਾਂ ਹੈ -

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥ ਅੰਗ - ੧੦੩੩*

'ਗਗਨੰਦਰਿ' ਕਹਿੰਦੇ ਨੇ ਦਸਵੇਂ ਦੁਆਰ ਨੂੰ। '***ਅਸਥਿਰੁ ਥਾਨੁ ਸਦਾ ਨਿਰਮਾਇਲੁ***' ਬਹੁਤ ਹੀ ਨਿਰਮਲ ਥਾਂ ਹੈ ਉਹ। '***ਆਪੇ ਆਪੁ ਉਪਾਇਦਾ ॥***' ਵਾਹਿਗੁਰੂ ਨੇ ਆਪਣੇ ਵਾਸਤੇ ਆਪ ਉਪਾਈ ਹੈ। ਹੁਣ ਵਾਹਿਗੁਰੂ ਜਿਥੇ ਹੈ ਉਥੇ ਟੋਟਲ ਐਨਰਜੀ ਹੈ। ਸੰਤ ਜਿਹੜੇ ਨੇ ਉਹ ਹੇਠਲੇ ਪਾਸਿਓਂ ਜਾ ਕੇ ਉਸ ਐਨਰਜੀ ਦੇ ਨਾਲ ਸਬੰਧ ਜੋੜ ਲੈਂਦੇ ਨੇ। ਉਹਨਾਂ ਨੂੰ ਭੁੱਲਦਾ ਨਹੀਂ ਕਦੇ ਵੀ ਵਾਹਿਗੁਰੂ। ਨਾ ਦਿਨੇ ਨਾ ਰਾਤ। ਸੰਤ ਕਹਿੰਦੇ ਹੀ ਉਹਨੂੰ ਨੇ -

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ਅੰਗ - ੩੧੯*

ਸੰਤ ਉਸੇ ਸਰੀਰ ਨੂੰ ਆਖਿਆ ਜਾਂਦਾ ਹੈ ਜਿਹਦਾ ਸਬੰਧ ਵਾਹਿਗੁਰੂ ਨਾਲ ਜੁੜ ਗਿਆ, ਜਿਹੜਾ ਪਿਆਰ ਉਸ ਨਾਲ ਜੁੜ ਗਿਆ। ਉਹਦਾ ਸਬੰਧ ਜਦ ਜੁੜਿਆ ਉਸ ਦੇ ਨਾਲ, ਸੰਤ ਵਿਚ ਜੋ ਵੱਖਰਾਪੁਣ ਸੀ, ਉਸਨੂੰ ਉਸ ਨੇ ਆਪਣੇ ਨਾਲ ਮਿਲਾ ਲਿਆ। ਮਹਾਰਾਜ ਕਹਿੰਦੇ, ਆਪਣੇ ਨਾਲ ਮਿਲ ਕੇ ਉਹ ਕੀ ਬਣ ਜਾਂਦੈ -

*ਸੰਤ ਅਨੰਤਹਿ ਅੰਤਰੁ ਨਾਹੀ॥ ਅੰਗ - ੪੮੬*

ਸੰਤ ਤੇ ਰੱਬ ਦਾ ਕੋਈ ਭੇਦ ਨਹੀਂ ਰਹਿੰਦਾ-

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ।*
*ਪ੍ਰਭ ਮਹਿ ਮੋਹਿ ਮੈ ਤਾਸ ਮਹਿ ਰੰਚਕ ਨਾਹਨ ਭੇਵ।*

ਮਹਾਰਾਜ ਕਹਿੰਦੇ, ਜਿਹਦਾ ਸਬੰਧ ਜੁੜ ਗਿਆ, ਮੇਰੇ ਵਿਚ ਤੇ ਖਾਲਸੇ 'ਚ ਤੇ ਵਾਹਿਗੁਰੂ 'ਚ ਰੰਚਕ ਮਾਤਰ ਵੀ ਭੇਦ ਨਹੀਂ ਰਹਿੰਦਾ। ਉਥੋਂ ਜਿਹੜੀਆਂ ਸੁਪਰ ਐਨਰਜੀ ਦੀਆਂ ਲਹਿਰਾਂ ਚਲ ਰਹੀਆਂ ਨੇ, ਉਹ ਸੰਤਾਂ ਦੇ ਸਾਰੇ ਸਰੀਰ 'ਚ ਆ ਜਾਂਦੀਆਂ ਨੇ। ਜਿਥੇ ਉਹ ਚਰਨ ਧਰਦਾ ਹੈ, ਉਹ ਧੂੜ ਜਿਹੜੀ ਹੈ ਉਹ ਪਵਿੱਤਰ ਹੋ ਜਾਂਦੀ ਹੈ। ਉਹਨੂੰ ਦੇਵਤਾ ਲੋਕ ਮੰਗਦੇ ਨੇ -

*ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ*
*ਧੂਰਿ ਸਾਧੂ ਕੀ ਤਾਈ ॥ ਅੰਗ - ੧੨੬੩*

ਕਿਉਂਕਿ -

*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥ ਅੰਗ - ੧੨੬੩*

ਸਾਧੂ ਦੀ ਧੂੜ ਨੇ ਮੈਲ ਗਵਾਉਣੀ ਹੈ। ਉਹ ਐਸਾ ਸਾਬਣ ਹੈ, ਐਸੀ ਚੀਜ਼ ਹੈ, ਐਸਾ ਪਵਿੱਤਰ ਕਰਨ ਵਾਲੀ ਹੈ, ਜਿਹੜੇ ਤੀਰਥ ਨੇ ਜਿਥੇ ਅਸੀਂ ਨੱਠੇ ਜਾਂਦੇ ਹਾਂ ਉਹ ਵੀ ਕਹਿੰਦੇ ਨੇ ਸਾਧੂ ਦੀ ਧੂੜ ਪੈਣੀ ਚਾਹੀਦੀ ਹੈ ਸਾਡੇ 'ਚ ਆ ਕੇ। ਇਹ ਸਾਰੀ ਸਾਇੰਟੇਫਿਕ ਬਾਤ ਹੈ। ਐਵੇਂ ਨਹੀਂ ਹੈਗੀ। ਸੋ ਜਦੋਂ

ਸੰਤ ਦਾ ਦਰਸ਼ਨ ਹੁੰਦੈ, ਸੰਤ ਦੇ ਦਰਸ਼ਨ ਦੇ ਵਿਚ, ਸੰਤ ਦੇ ਦੁਆਲੇ ਇਕ ਓਰਾ ਹੁੰਦੈ। ਜਿੰਨਾ ਨਾਮ ਜਪੇਗਾ ਓਨਾਂ ਓਰਾ ਮਜ਼ਬੂਤ ਹੋਏਗਾ। ਕਿਸੇ ਦਾ ਸਤਿਸੰਗ ਦੇ ਮਾਹੌਲ ਤਕ ਰਹਿੰਦੈ। ਕਿਸੇ ਦਾ ਓਸ ਤੋਂ ਵੱਡਾ ਹੁੰਦੈ। ਕਿਸੇ ਦਾ ਮੀਲਾਂ ਤੱਕ ਹੁੰਦੈ, ਕਿਸੇ ਦਾ ਪੂਰੇ ਦੇਸ਼ ਨੂੰ ਸਾਂਭ ਲੈਂਦੈ। ਰੌਣਕਾਂ ਹੀ ਰੌਣਕਾਂ ਲਗ ਜਾਂਦੀਆਂ, ਜਦੋਂ ਸਾਧੂ ਹੁੰਦੈ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜਦੋਂ ਪ੍ਰਗਟ ਹੋਏ ਸੰਸਾਰ 'ਤੇ ਤਾਂ ਇਕ ਪੀਰ ਸਮਾਧੀ 'ਚ ਬੈਠਾ ਸੀ। ਕੀ ਦੇਖਦੈ ਕਿ ਐਨਾ ਪ੍ਰਕਾਸ਼ ਹੋ ਗਿਆ ਕਿ ਝੱਲਿਆ ਨਹੀਂ ਜਾਂਦਾ। ਐਨਾ ਪ੍ਰਕਾਸ਼? ਦੇਖਣਾ ਸ਼ੁਰੂ ਕਰ ਦਿਤਾ, ਟੋਹ ਲਾਉਣ ਲਗ ਗਿਆ। ਦੇਖ ਲਿਆ ਕਿ ਪਟਨੇ ਸਾਹਿਬ ਫਲਾਣੇ ਘਰ ਦੇ ਵਿਚ ਉਹ ਪ੍ਰਕਾਸ਼ ਆ ਕੇ ਸਰੀਰ 'ਚ ਦਾਖਲ ਹੋਇਆ ਹੈ। ਉਹਨੇ ਕਿਹਾ ਕਿ ਅੱਜ ਨਮਾਜ਼ ਮਗਰਬ ਨੂੰ ਨਹੀਂ ਹੋਏਗੀ। ਮਸ਼ਰਕ ਨੂੰ ਪੜ੍ਹੀ ਜਾਏਗੀ। ਚੜ੍ਹਦੇ ਵਲ ਨੂੰ। ਹੈਰਾਨ ਹੋ ਗਏ ਸਾਰੇ ਮੁਰੀਦ। ਪੀਰ ਦਾ ਹੁਕਮ ਮੰਨਣਾ ਹੀ ਸੀ। ਨਮਾਜ਼ ਪੜ੍ਹੀ ਜਿਧਰੋਂ ਸੂਰਜ ਨਿਕਲਦੈ। ਪੁੱਛਿਆ ਮੁਰੀਦਾਂ ਨੇ ਕਿ ਪੀਰ ਜੀ! ਨਮਾਜ਼ ਤਾਂ ਹਮੇਸ਼ਾ ਮਗਰਬ ਨੂੰ ਪੜ੍ਹੀ ਜਾਂਦੀ ਹੈ ਤੇ ਤੁਸੀਂ ਮਸ਼ਰਕ ਨੂੰ ਪੜ੍ਹੀ ਹੈ, ਚੜ੍ਹਦੇ ਨੂੰ ਪੜ੍ਹੀ ਹੈ।

ਉਹ ਕਹਿੰਦੇ, ਪਿਆਰਿਓ! ਅੱਜ ਅੱਲਾਹ ਦਾ ਨੂਰ ਇਥੇ ਦਾਖਲ ਹੋਇਐ ਬ੍ਰਹਿਮੰਡ ਦੇ ਅੰਦਰ ਤੇ ਮੈਂ ਸਰੀਰ ਵੀ ਦੇਖ ਲਿਆ। ਥਾਂ ਵੀ ਦੇਖ ਲਿਆ। ਹੁਣ ਤਿਆਰੀ ਕਰੋ, ਆਪਾਂ ਹੌਲੇ-ਹੌਲੇ ਚਲਦੇ-ਚਲਦੇ ਉਥੇ ਉਸ ਨੂਰ ਨੂੰ ਸਿਜਦਾ ਕਰਕੇ ਆਉਣਾ ਹੈ। ਉਹ ਨੂਰ ਆ ਗਿਆ। ਸੁਰਤੀਆਂ ਲੱਗਣੀਆਂ ਸ਼ੁਰੂ ਹੋ ਗਈਆਂ ਸਾਰਿਆਂ ਦੀਆਂ। ਸਭ ਦੀ ਸੁਰਤੀ ਅੱਜ ਲੱਗੀ ਹੈ।

ਉਥੇ ਪਹੁੰਚ ਗਿਆ। ਤਿੰਨ ਦਿਨ ਬੈਠਾ ਰਿਹਾ, ਦਰਸ਼ਨ ਨਹੀਂ ਹੋਏ। ਤਿੰਨ ਦਿਨ ਭੁੱਖਾ ਤਿਹਾਇਆ ਬੈਠਾ ਰਿਹਾ ਕਿ ਜਦੋਂ ਤਕ ਦਰਸ਼ਨ ਨਹੀਂ ਹੁੰਦੇ, ਮੈਂ ਖਾਣਾ ਨਹੀਂ ਕੁਛ। ਨਾ ਮੁਰੀਦਾਂ ਨੇ ਕੁਛ ਖਾਧਾ। ਅਖੀਰ ਮਹਾਰਾਜ ਜੀ ਦੇ ਦਰਸ਼ਨ ਕਰੇ।

ਮੇਰਾ ਦੱਸਣ ਤੋਂ ਭਾਵ ਇਹ ਹੈ ਕਿ ਇਹ ਪ੍ਰਭਾਵ ਹੁੰਦੇ ਨੇ ਸਾਰੇ ਗੁਪਤ ਦੁਨੀਆਂ ਦੇ ਅੰਦਰ। ਜਿਨ੍ਹਾਂ ਨੂੰ ਨਿਗ੍ਹਾਂ ਪ੍ਰਮੇਸ਼ਰ ਨੇ ਦਿਤੀ ਹੈ ਉਹਨਾਂ ਨੂੰ ਪਤਾ ਲਗਦੈ। ਸੋ ਮੈਂ ਇਹ ਬੇਨਤੀ ਕਰਦਾ ਸੀ ਕਿ

***'ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥'***

ਪਟਿਆਲੇ ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ ਵਾਲੇ) ਆ ਗਏ ਦਭਲਾਨ। ਬਹੁਤ ਗੱਲਾਂ ਹੋਈਆਂ, ਸਾਰੀਆਂ ਨਹੀਂ ਦੱਸੀਆਂ ਜਾਂਦੀਆਂ ਹੁੰਦੀਆਂ। ਉਥੋਂ ਸਾਰਿਆਂ ਤੋਂ ਪਹਿਲਾਂ ਮੈਂ ਗਿਆ, ਜਿਥੇ ਹੁਣ ਦੀਵਾਨ ਲੱਗੇ ਹੋਏ ਨੇ ਸੈਣੀਮਾਜਰੇ ਉਹ ਕੋਲ ਹੀ ਹੈ, ਉਥੇ ਇਕ ਬਾਗ ਹੈ, ਮੈਂ ਕਿਹਾ, ਬਾਗ ਵਿਚ ਚਲਦੇ ਹਾਂ, ਬੀਬੀ ਜੀ ਨਾਲ ਸੀ। ਉਥੇ ਅਸੀਂ ਉਤਰੇ, ਮੈਂ ਕਿਹਾ, ਬਾਗ ਵਿਚ ਤਾਂ ਕੀ ਜਾਣੈ। ਏਧਰਲੇ ਪਾਸੇ ਨੂੰ ਚਲਦੇ ਹਾਂ। ਦੂਸਰੇ ਪਾਸੇ ਨੂੰ ਤੁਰ ਪਏ। ਤੁਰਦੇ-ਤੁਰਦੇ ਅਗਾਹਾਂ ਜਾ ਕੇ ਇਕ ਸੁੰਨਾ ਜਿਹਾ ਥਾਂ ਸੀ, ਉਥੇ ਦਰਖਤ ਖੜ੍ਹੇ ਸੀ ਬਹੁਤ ਸਾਰੇ, ਢੱਕ ਵਗੈਰਾ ਦੇ, ਕੇਂਦੂ ਖੜ੍ਹੇ ਸੀ, ਇਕ ਕੇਂਦੂ ਦੀ ਸੰਘਣੀ ਜਿਹੀ ਥਾਂ ਦੇਖ ਕੇ ਅਸੀਂ ਬਹਿ ਗਏ। ਗਰਮੀ ਦਾ ਮਹੀਨਾ ਸੀ। ਉਥੇ ਬੈਠੇ ਰਹੇ ਸਾਰਾ ਦੁਪਹਿਰਾ। ਚਾਰ ਵਜ ਗਏ। ਮੈਂ ਕਿਹਾ ਕਿ ਏਧਰਲੇ ਪਾਸੇ ਪਤਾ ਨਹੀਂ ਕੀ ਹੈ? ਦੇਖੀਏ। ਖਿੱਚ ਜਿਹੀ ਪਈ ਜਾਵੇ। ਜਦੋਂ ਅਸੀਂ ਤੁਰੇ ਤਾਂ ਬੜਾ ਉਥੇ ਸ਼ੌਰਾ-ਸ਼ੌਰਾ ਹੀ ਸ਼ੌਰਾ। ਬੂਟ ਭਰ ਗਏ ਸ਼ੌਰੇ ਨਾਲ। ਅੱਗੇ ਗਏ ਤਾਂ ਤੰਬੂ ਲੱਗਿਆ ਹੋਇਆ, ਗਰਮੀ 'ਚ। ਮੈਂ ਕਿਹਾ, ਕਿਸੇ ਨੇ ਤੰਬੂ ਲਾਇਆ ਹੋਇਐ। ਫੇਰ ਮੈਂ ਦੇਖਿਆ ਕਿ ਰੱਸੀ ਦੇ ਉਤੇ ਕਛਹਿਰੇ ਵਗੈਰਾ ਪਏ ਨੇ, ਇਥੇ ਤਾਂ ਕੋਈ ਵੱਡੀ ਰੂਹ ਹੈ। ਉਹ ਜਿਹੜਾ ਚਿਕ ਦਾ ਦਰਵਾਜ਼ਾ ਉਥੇ ਲੱਗਿਆ ਸੀ, ਮੈਂ ਚੁੱਕ ਲਿਆ, ਹੌਲੀ ਦੇ ਕੇ। ਮੈਂ ਹੈਰਾਨ ਰਹਿ ਗਿਆ ਕਿ ਉਥੇ ਸੰਤ ਮਹਾਰਾਜ ਜੀ ਪਲੰਘ ਦੇ ਉਤੇ ਬੈਠੇ ਨੇ। ਜਦੋਂ ਚਾਨਣਾ ਹੋਇਆ, ਉਹਨਾਂ ਨੇ ਨੇਤਰ ਖੋਲ੍ਹ ਲਏ, ਕਹਿੰਦੇ ਆ ਜਾਓ। ਕਹਿੰਦੇ ਤੁਸੀਂ ਕਿੱਥੇ ਸੀ?

ਮੈਂ ਕਿਹਾ, ਮਹਾਰਾਜ ਜੀ! ਦੇਖੋ ਕੁਦਰਤੀ ਬਾਤ ਹੋਈ ਹੈ। ਤੁਹਾਡੀ ਹਾਜ਼ਰੀ ਇਥੇ ਸਾਨੂੰ ਖਿੱਚ ਕੇ ਲੈ ਆਈ। ਜਿਵੇਂ ਸੁਗੰਧੀ ਦੇ ਪਿੱਛੇ ਕੋਈ ਚੀਜ਼ ਚਲਦੀ ਹੈ। ਉਹਨੂੰ ਆਪਣੇ ਆਪ ਹੀ ਦਿਸ਼ਾ ਲੱਭੀ ਜਾਂਦੀ ਹੈ। ਕੀੜੀ ਨੂੰ ਕੋਈ ਦਸਦਾ ਹੈ ਕਿ ਫਲਾਣੇ ਥਾਂ 'ਤੇ ਕੋਈ ਚੀਜ਼ ਪਈ ਹੈ। ਆਟੋਮੈਟਿਕ ਉਹਨੂੰ ਦਿਸ਼ਾ ਲੱਭ ਜਾਂਦੀ ਹੈ। ਇਵੇਂ ਜਿਵੇਂ ਬੰਦਗੀ ਕਰਨ ਵਾਲਿਆਂ ਨੂੰ ਪਤਾ ਲਗਦੈ ਕਿ ਬੰਦਗੀ ਕਰਨ ਵੇਲੇ, ਅੰਮ੍ਰਿਤ ਵੇਲੇ ਬੈਠੇ ਨੇ, ਸੁਰਤੀ ਟਿਕਦੀ ਨਹੀਂ, ਜੇ ਕੋਈ ਪੂਰਾ ਮਹਾਂਪੁਰਸ਼ ਆ ਗਿਆ, ਸਾਰਿਆਂ ਦੀ

ਸੁਰਤੀ ਟਿਕ ਜਾਏਗੀ।

ਸੋ ਮਹਾਰਾਜ ਜੀ ਵਲ ਨੂੰ ਫੇਰ ਅਸੀਂ ਸੰਗਤ ਬਣਾ ਕੇ ਜਾਣਾ। ਰਲਵੀਂ ਸੰਗਤ ਹੁੰਦੀ ਸੀ ਉਹ, ਕੋਈ ਸਾਰੇ ਭਰੋਸੇ ਵਾਲੇ ਨਹੀਂ ਸੀ ਹੁੰਦੇ। ਹਰ ਤਰ੍ਹਾਂ ਦੇ ਭਰੋਸੇ ਵਾਲੇ। ਜਦੋਂ ਅਸੀਂ ਰੇਲਵੇ ਸਟੇਸ਼ਨ 'ਤੇ ਜਾ ਕੇ ਟਿਕਟ ਲੈਣਾ, ਪਹਿਲਾਂ ਤਾਂ ਗੱਲਾਂ ਮਾਰਨੀਆਂ ਕਿ ਮੈਂ ਆਹ ਪੁੱਛਾਂਗਾ, ਆਹ ਪੁੱਛਣੈ। ਮੈਂ ਕਿਹਾ, ਤੁਸੀਂ ਕਾਗਜ਼ਾਂ 'ਤੇ ਲਿਖ ਲਓ। ਜਦੋਂ ਟਰੇਨ 'ਚ ਬੈਠ ਗਏ ਟਰੇਨ ਚੱਲ ਪਈ। ਸਾਰਿਆਂ ਨੇ ਬੋਲਣਾ ਬੰਦ ਹੋ ਜਾਣਾ, ਬੁੱਲ੍ਹ ਹਿੱਲਣ ਲਗ ਜਾਣੇ। ਵਾਹਿਗੁਰੂ-ਵਾਹਿਗੁਰੂ ਕਰਨ ਲਗ ਜਾਣਾ। ਸੀਗੇ ਭਜਨ ਕਰਨ ਵਾਲੇ ਸਾਰੇ ਹੀ। ਫੇਰ ਨਹੀਂ ਸੀ ਬੋਲਦੇ ਦਭਲਾਨ ਤਕ। ਮਹਾਰਾਜ ਜੀ ਕੋਲ ਵੀ ਨਹੀਂ ਸੀ ਜਾ ਕੇ ਬੋਲਦੇ। ਕੇਵਲ ਰੁਖ ਕਰਨ ਦੇ ਨਾਲ ਨਾਮ ਚਲ ਪੈਂਦਾ ਸੀ। ਮੰਤਰ ਚਲ ਪੈਂਦਾ ਸੀ ਅੰਦਰ। ਸੋ ਇਹ ਪ੍ਰਭਾਵ ਹੋਇਆ ਕਰਦਾ ਹੈ ਬੰਦਗੀ ਵਾਲੇ ਸਾਧੂਆਂ ਦਾ ਕਿ ਦੇਖਦੇ ਹੀ ਸਾਰ - ***'ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥'*** -

*ਸਾਧ ਕੈ ਸੰਗਿ ਨਹੀ ਕਛੁ ਘਾਲ ॥*
*ਦਰਸਨੁ ਭੇਟਤ ਹੋਤ ਨਿਹਾਲ ॥* *ਅੰਗ - ੨੭੨*

ਇਹ ਸਭ ਸਾਇੰਟੇਫਿਕ ਚੀਜ਼ਾਂ ਨੇ। ਵਿਚਾਰ ਕਰਨ ਵਾਲੀਆਂ ਹੁੰਦੀਆਂ ਨੇ। ਉਹ ਜਿਸ ਵਕਤ ਜਾ ਕੇ ਖੜ੍ਹੇ -

ਮਹਾਂਪੁਰਖ ਅਚਾਨਚਕ ਗਨਿਕਾ ਵਾੜੇ ਆਇ ਖਲੋਤਾ।

ਉਹਨਾਂ ਨੂੰ ਬੁਲਾਇਆ ਨਹੀਂ ਸੀ ਗਿਆ, ਉਹ ਅਚਾਨਕ ਆਏ ਸੀ। ਹੁਣ ਗਨਕਾ ਦੇ ਅੰਦਰ ਉਸੇ ਵੇਲੇ ਘਸਮਾਨ ਪੈਣ ਲਗ ਗਿਆ ਕਿ ਮਹਾਂਪੁਰਸ਼ ਨੇ। ਮਹਾਂਪੁਰਸ਼ਾਂ ਦਾ ਜਿਹੜਾ ਓਰਾ ਸੀ ਉਹਨੇ ਪ੍ਰਭਾਵ ਕਰ ਦਿਤਾ। ਉਹਦੇ ਪਾਪਾਂ ਦਾ ਜਿਹੜਾ ਥਰ ਸੀ ਉਹਨੂੰ ਤੋੜਨਾ ਸ਼ੁਰੂ ਕਰ ਦਿਤਾ। ਤ੍ਰੇੜਾਂ ਆ ਗਈਆਂ ਉਹਦੇ ਵਿਚ। ਸੱਚ ਓਸ ਥਾਂ ਦੇ ਉਤੇ ਨਜ਼ਰੀ ਆਉਣ ਲਗ ਗਿਆ। ਉਹ ਉਤਰੀ ਜਾ ਕੇ ਮਹਾਂਪੁਰਸ਼ਾਂ ਨੂੰ ਬੇਨਤੀ ਕਰੀ ਕਿ ਮਹਾਂਪੁਰਸ਼ੋ ਤੁਹਾਡੇ ਵਸਤਰ ਭਿੱਜੇ ਹੋਏ ਨੇ। ਬਾਰਿਸ਼ ਹੋ ਰਹੀ ਹੈ, ਠੰਢ ਬਹੁਤ ਜ਼ਿਆਦਾ ਹੈ, ਸਰਦੀ ਦਾ ਮਹੀਨਾ ਹੈ। ਕ੍ਰਿਪਾ ਕਰੋ, ਤੁਸੀਂ ਪਾਪ ਦੇ ਮੰਦਰ 'ਚ ਆਏ ਹੋਂ। ਮੇਰਾ ਵੀ ਕੋਈ ਭਲਾ ਸੋਚੋ। ਉਤੇ ਚਲੇ ਗਈ। ਅੰਗੀਠੀ ਜਲਾ ਦਿਤੀ, ਕੱਪੜੇ ਸੁਕਾਏ, ਸੇਵਾ ਕਰੀ ਜੋ ਯਥਾਸ਼ਕਤ ਹੁੰਦੀ ਸੀ। ਨਾਲ ਦੀ ਨਾਲ ਕਹੀ ਜਾਂਦੀ ਹੈ ਕਿ ਮਹਾਰਾਜ ਮੇਰਾ ਕੋਈ ਭਲਾ ਕਰੋ। ਮਹਾਤਮਾ ਕਹਿਣ ਲੱਗੇ, ਬੀਬਾ! ਦੇਖ, ਸਾਧੂ ਦਾ ਬਚਨ ਹੁੰਦੈ। ਸਾਧੂ ਬਹੁਤੇ ਲੈਕਚਰ ਨਹੀਂ ਦਿਆ ਕਰਦੇ। ਸੰਖੇਪ ਰੂਪ ਵਿਚ ਬਚਨ ਹੁੰਦੈ। ਉਹਦੇ ਵਿਚ ਚਾਰ ਅਵਸਥਾ ਹੁੰਦੀਆਂ ਨੇ। ਉਹਦੇ ਵਿਚ ਪਹਿਲਾਂ ਸਾਧੂ ਦਾ ਬਚਨ ਸੁਣਨੈ। ਸੁਣ ਕੇ ਫੇਰ ਮੰਨ ਲੈਣੈ। ਮੰਨ ਕੇ ਫੇਰ ਕਮਾਈ ਕਰਨੀ ਹੈ। ਕਮਾਈ ਕਰਨ ਤੋਂ ਬਾਅਦ ਜਿਹੜਾ ਉਹਨਾਂ ਨੇ ਦਸਿਆ ਹੈ, ਉਹ ਚੀਜ਼ ਤੁਹਾਨੂੰ ਲੱਭ ਜਾਣੀ ਹੈ -

*ਗਾਵੀਐ ਸੁਣੀਐ ਮਨਿ ਰਖੀਐ ਭਾਉ ॥*
*ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥* *ਅੰਗ - ੨*

ਸੁਣਨ ਤੇ ਮੰਨਣ ਦਾ ਮਹਾਤਮ ਗੁਰੂ ਮਹਾਰਾਜ ਨੇ ਜਪੁਜੀ ਸਾਹਿਬ ਵਿਚ ਦਸਿਆ ਹੈ। ਚਾਰ-ਚਾਰ ਪਉੜੀਆਂ ਦੇ ਵਿਚ ਅੰਕਿਤ ਕੀਤਾ ਹੈ।

ਉਸ ਵੇਲੇ ਮਹਾਤਮਾ ਕਹਿਣ ਲੱਗੇ ਕਿ ਬੀਬਾ! ਆਪਣੇ ਆਪ ਨੂੰ ਪਛਾਣ। ਤੂੰ ਕੁਰਸਤੇ ਪੈ ਗਈ, ਗਲਤ ਕੰਮ ਦੇ ਵਿਚ ਪ੍ਰਵਿਰਤ ਹੋ ਗਈ। ਇਹ ਜਿਹੜਾ ਤੈਨੂੰ ਸਰੀਰ ਮਿਲਿਆ ਹੈ। ਇਹ ਐਵੇਂ ਨਹੀਂ ਮਿਲਿਆ ਇਹਦੀ ਐਨੀ ਕੀਮਤ ਹੈ, ਤੈਨੂੰ ਪਤਾ ਨਹੀਂ ਹੈ। ਤੈਨੂੰ ਕਦਰ ਨਹੀਂ ਹੈ ਇਸ ਦੀ। ਕਦਰਦਾਨਾਂ ਤੋਂ ਬਗੈਰ ਜਿਹੜਾ ਲਾਲ ਹੈ ਉਹ ਗਧੇ ਦੇ ਗਲ 'ਚ ਪਾਇਆ ਹੁੰਦੈ।

ਸਾਖੀ ਸੁਣਾਉਂਦੇ ਨੇ ਮਹਾਂਪੁਰਸ਼ ਕਿ ਇਕ ਕਿਸਾਨ ਖੇਤ ਦੇ ਵਿਚ ਬਾਜਰੇ ਦੀ ਰਾਖੀ ਕਰਦਾ ਸੀ। ਉਹਦੀਆਂ ਮਿੱਟੀ ਦੀਆਂ ਵੱਟੀਆਂ ਹੋਈਆਂ ਗੋਲੀਆਂ ਮੁਕ ਜਾਂਦੀਆਂ ਨੇ। ਨਾਲ ਨਦੀ ਚਲਦੀ ਸੀ, ਉਥੇ ਪਾਣੀ ਪੀਣ ਆਇਆ, ਵਿਚ ਵੜ ਗਿਆ, ਵਿਚ ਵੜਿਆ ਤਾਂ ਪੈਰ ਦੇ ਵਿਚ ਕੁਛ ਚੁਭਿਆ। ਉਹਨੇ ਕਿਹਾ ਕਿ ਕੀ ਹੈ? ਇਥੇ ਕੁਛ ਚੁਭਦਾ ਹੈ। ਨੀਵਾਂ ਹੋਇਆ, ਉਹਨੇ ਚੁੱਕ ਲਿਆ। ਉਹ ਇਕ ਥੈਲੀ ਸੀ। ਥੈਲੀ ਦੇ ਵਿਚ ਗਾਰਾ ਗਿਆ ਹੋਇਆ ਸੀ। ਉਹਨੇ ਕੱਢ ਲਿਆ। ਉਹਨੇ ਕਿਹਾ ਲੈ ਬਈ ਗੋਲੀਆਂ ਤਾਂ ਲੱਭ ਗਈਆਂ। ਮਣੇਂ 'ਤੇ ਲੈ ਆਇਆ। ਗੋਪੀਏ 'ਚ ਪਾਈ ਗਿਆ, ਪੰਛੀ ਉਡਾਈ ਗਿਆ। ਦੋ ਬਚ ਗਏ। ਘਰਵਾਲੀ ਆਈ, ਰੋਟੀ ਦਿਤੀ, ਕਹਿੰਦਾ, ਅੱਜ ਤਾਂ ਸਾਰੀਆਂ ਗੋਲੀਆਂ ਮੁੱਕ ਗਈਆਂ। ਕਹਿੰਦਾ, ਤੂੰ ਤਾਂ ਅਜੇ ਵੀ ਰੌਲਾ ਪਾਉਂਦਾ ਸੀ। ਕਹਿੰਦਾ, ਮੈਨੂੰ

ਤਾਂ ਪਾਣੀ 'ਚੋਂ ਲੱਭ ਗਈਆਂ ਸੀ। ਆਹ ਦੇਖ ਕਿਆ ਵਧੀਆ ਨੇ। ਉਹਦੇ ਕੋਲ ਪਾਣੀ ਸੀ ਉਹਨੇ ਧੋਤਾ। ਬਹੁਤ ਚਮਕਦਾਰ ਪੱਥਰ ਨਿਕਲਿਆ। ਕਹਿਣ ਲੱਗੀ, ਇਹ ਤਾਂ ਕੋਈ ਚੰਗੀ ਚੀਜ਼ ਹੈ, ਮੈਂ ਦਿਖਾਵਾਂਗੀ। ਘਰ ਚਲੀ ਗਈ, ਜਾ ਕੇ ਕੋਲ ਹੀ ਸਰਾਫ ਦਾ ਘਰ ਸੀ ਨਾਲ ਲਗਦਾ। ਉਹ ਦੁਕਾਨ ਤੋਂ ਦੁਪਹਿਰ ਨੂੰ ਰੋਟੀ ਖਾਣ ਘਰ ਆਇਆ ਹੋਇਆ ਸੀ। ਕਹਿਣ ਲੱਗੀ, ਸ਼ਾਹ ਜੀ! ਆਹ ਦੇਖੋ ਤਾਂ ਕੀ ਹੈ? ਉਹ ਕਹਿਣ ਲੱਗਿਆ, ਭੈਣ ਜੀ! ਇਹੋ ਜਿਹੀ ਚੀਜ਼ ਤੁਸੀਂ ਗੁਪਤ ਰੱਖੀ ਹੋਈ ਸੀ? ਉਤੋਂ-ਉਤੋਂ ਹੀ ਪਾਟੇ ਹੋਏ ਕੱਪੜੇ, ਮੈਲੇ ਕੱਪੜਿਆਂ ਵਾਲੇ ਤੁਸੀਂ ਨਜ਼ਰ ਆਉਂਦੇ ਸੀ। ਇਹਦੀ ਤਾਂ ਕੀਮਤ ਹੀ ਬੇਅੰਤ ਹੈ। ਕਹਿੰਦੇ, ਜੇ ਦੇਖਣੈ ਤਜਰਬਾ ਤਾਂ ਮੈਂ ਹੁਣੇ ਹੀ ਕਰਾ ਦਿੰਦਾ ਹਾਂ। ਇਕ ਮਕਾਨ ਵਿਕਦਾ ਹੈ, ਬਹੁਤ ਹੀ ਵਧੀਆ। ਉਹ ਵੀ ਮਿਲ ਜਾਏਗਾ, ਨਾਲ ਜ਼ਮੀਨ ਵੀ ਮਿਲ ਜਾਏਗੀ, ਨਾਲੇ ਹੋਰ ਵੀ ਬਹੁਤ ਕੁਛ ਦਸਿਆ। ਆਹ ਲੱਖਾਂ ਰੁਪਏ ਦੀ ਚੀਜ਼ ਹੈ ਤੇਰੇ ਹੱਥ ਵਿਚ।

ਸਾਰਾ ਕੁਛ ਉਹਨੇ ਕਰ ਲਿਆ। ਆਥਣ ਨੂੰ ਜਿਸ ਵਕਤ ਆਇਆ, ਹੈਰਾਨ ਨਵੇਂ ਮਕਾਨ, ਨਵੀਆਂ ਚੀਜ਼ਾਂ, ਨਵੇਂ ਕੱਪੜੇ, ਬੇਅੰਤ ਪੈਸੇ, ਵਧੀਆ ਪਾਈਂ ਬੈਠੇ। ਕਹਿੰਦਾ, ਇਹ ਕੀ ਹੋ ਗਿਆ? ਕਹਿੰਦੀ, ਉਹ ਗੋਲੀ ਵੇਚੀ ਸੀ, ਜਿਹੜੀਆਂ ਤੂੰ ਐਨੀਆਂ ਚਲਾ ਕੇ ਸੁੱਟ ਦਿਤੀਆਂ ਨਦੀ ਵਿਚ। ਕਹਿੰਦੀ, ਸੇਠ ਨੇ ਕਿਹੈ ਕਿ ਇਹ ਤਾਂ ਬਹੁਤ ਹੀ ਕੀਮਤੀ ਹੈ ਜਿਹੜੀਆਂ ਤੁਸੀਂ ਸੁੱਟ ਦਿਤੀਆਂ। ਜੇ ਸਾਰੀਆਂ ਆ ਜਾਂਦੀਆਂ ਚਾਹੇ ਤੁਸੀਂ ਰਾਜ ਮੁੱਲ ਲੈ ਲੈਂਦੇ। ਉਹ ਫੇਰ ਰੋਇਆ ਬਹੁਤ ਕਿ ਮੈਨੂੰ ਪਤਾ ਨਹੀਂ ਸੀ।

ਮਹਾਤਮਾ ਕਹਿਣ ਲੱਗੇ, ਬੀਬਾ! ਤੈਨੂੰ ਕਦਰ ਨਹੀਂ ਇਸ ਚੀਜ਼ ਦੀ। ਤੈਨੂੰ ਨਹੀਂ ਮਾਨਸ ਜਨਮ ਦਾ ਪਤਾ। ਮਾਨਸ ਦੇਹੀ ਦਾ ਹੀ ਨਹੀਂ ਪਤਾ। ਕਹਿਣ ਲੱਗੇ, ਮੈਂ ਤੈਨੂੰ ਥੋੜ੍ਹੀ ਜਿਹੀ ਮਹੱਤਤਾ ਦਸਦਾਂ ਇਹਦੀ–

*ਧਾਰਨਾ – ਜਿਹੜੀ ਦੇਹੀ ਨੂੰ ਲੋਚਦੇ ਦੇਵਤੇ,*
*ਓਹ ਦੇਹੀ ਤੈਨੂੰ ਮਿਲ ਗਈ ਪਿਆਰਿਆ।*

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥* *ਅੰਗ – ੧੧੫੯*

ਬਾਣੀ ਵਿਚ ਆਉਂਦਾ ਹੈ ਕਿ ਗੁਰੂ ਦੀ ਸੇਵਾ ਕਰਨ ਵਾਸਤੇ ਤੇ ਭਗਤੀ ਕਮਾਈ ਕਰਨ ਵਾਸਤੇ 'ਤਬ ਇਹ ਮਾਨਸ ਦੇਹੀ ਪਾਈ'। ਸੋ ਕਈ ਦੀਵਾਨਾਂ ਵਿਚ ਖੋਲ੍ਹ-ਖੋਲ੍ਹ ਕੇ ਦਸਿਆ ਹੋਇਆ ਹੈ ਕਿ ਭਗਤੀ ਨੌਂ ਤਰ੍ਹਾਂ ਦੀ ਹੁੰਦੀ ਹੈ। ਭਗਤ ਕਮਾਈ ਹੁੰਦੀ ਕੀ ਹੈ? ਗੁਰੂ ਦੀ ਸੇਵਾ ਕਰਨ ਵਾਸਤੇ ਅਤੇ ਕਮਾਈ ਕਰਨ ਵਾਸਤੇ, ''ਤਬ ਇਹ ਮਾਨਸ ਦੇਹੀ ਪਾਈ' conditional (ਸ਼ਰਤਬੰਦ) ਹੈ। ਬਾਕੀਆਂ ਨੂੰ ਜਿਹੜੇ ਸਰੀਰ ਮਿਲਦੇ ਨੇ ਮਹਾਰਾਜ ਕਹਿੰਦੇ, ਉਹ 84 ਦੇ ਸਰੀਰ ਨੇ। ਭੋਗ ਜੂਨੀਆਂ ਨੇ। ਉਹਦੇ 'ਚ ਕੋਈ ਤਰੱਕੀ ਨਹੀਂ ਕਰ ਸਕਦਾ। ਇਹਦੇ ਵਿਚ ਕਰ ਸਕਦੈ। ਸਾਰੇ ਬ੍ਰਹਿਮੰਡ ਦੇ ਵਿਚ, ਪ੍ਰਕ੍ਰਿਤੀ ਦਾ ਜਿਹੜਾ ਸਭ ਤੋਂ ਉੱਤਮ ਫਲ ਹੈ ਉਹ ਸਾਨੂੰ ਪ੍ਰਾਪਤ ਹੈ ਜਿਹਨੂੰ ਮਾਨਸ ਦੇਹੀ ਕਹਿੰਦੇ ਨੇ। ਬਾਕੀ ਜਿਹੜੇ ਨੇ –

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ॥ ੧ ॥ ਰਹਾਉ ॥*
*ਕਈ ਜਨਮ ਸੈਲ ਗਿਰਿ ਕਰਿਆ ॥*
*ਕਈ ਜਨਮ ਗਰਭ ਹਿਰਿ ਖਰਿਆ ॥*
*ਕਈ ਜਨਮ ਸਾਖ ਕਰਿ ਉਪਾਇਆ ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ ॥ ੨ ॥ ਅੰਗ – ੧੭੬*
*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ*
*ਸਿਮਰਤ ਕਹਾ ਨਹੀ॥* *ਅੰਗ – ੬੩੧*

ਮਹਾਰਾਜ ਕਹਿੰਦੇ, ਮਿਲ ਗਈ ਤੈਨੂੰ ਮਾਨਸ ਦੇਹੀ, ਐਨਾ ਘੁੰਮਿਐਂ, ਐਨਾ ਘੰਮਿਐਂ ਕਿ ਬੇਅੰਤ ਜੁਗ ਲੰਘ ਗਏ ਤੇਰੇ। ਸਾਨੂੰ ਤਾਂ ਪਤਾ ਨਹੀਂ ਹੈ ਕਿ ਲੰਘ ਗਏ। ਸਾਨੂੰ ਤਾਂ ਯਕੀਨ ਕਰਨਾ ਪਏਗਾ ਗੁਰੂ ਮਹਾਰਾਜ 'ਤੇ। ਕਿਉਂਕਿ ਸਾਨੂੰ ਇਸ ਗੱਲ ਦਾ ਪਤਾ ਨਹੀਂ ਹੈ। ਜਿਨ੍ਹਾਂ ਨੂੰ ਪਤਾ ਹੈ ਉਹ ਜਾਣਦੇ ਨੇ।

ਸੁਕਦੇਵ ਮੁਨੀ ਜਦੋਂ ਤਪਸਿਆ ਕਰਨ ਜਾਣ ਲੱਗਿਆ, ਛੋਟਾ ਜਿਹਾ ਬੱਚਾ ਸੀ। ਵੇਦ ਵਿਆਸ ਜੀ ਨੇ ਕਿਹਾ ਕਿ ਬੇਟਾ, ਤੂੰ ਅਜੇ ਬਹੁਤ ਛੋਟਾ ਹੈਂ। ਕਹਿਣ ਲੱਗਿਆ, ਪਿਤਾ ਜੀ! ਹਾਂ ਤਾਂ ਮੈਂ ਛੋਟਾ ਪਰ ਮੇਰੇ 101 ਜਨਮ ਯਾਦ ਹੈ, ਯਾਦਾਸ਼ਤ ਵਿਚ ਕਿ ਮੈਂ ਕਿਵੇਂ ਕਿਹੜਾ ਜਨਮ ਕੱਟਿਐ, ਕਿਵੇਂ ਕਿਹੜਾ ਕੱਟਿਐ। ਇਕ ਜਨਮ ਸੁਣਾਇਆ ਉਹਨੇ ਕਿ ਮੈਂ

ਖੋਤਾ ਸੀਗਾ, ਛੋਟੇ ਜਿਹੇ ਉਤੇ ਹੀ ਵਜ਼ਨ ਲੱਦ ਦਿਤਾ ਮੇਰੇ ਉਤੇ। ਮਾਲਕ ਮੇਰਾ ਗਰੀਬ ਸੀ। ਮੇਰੀ ਪਿੱਠ ਜਿਹੜੀ ਸੀ ਉਹ ਕਮਾਨ ਵਾਂਗੂੰ ਝੁਕ ਗਈ। ਲਾਗਾ ਲਗ ਗਿਆ। ਉਹ ਸਾਰਾ ਦਿਨ ਕੰਮ ਲੈਂਦਾ ਸੀ, ਰਾਤ ਨੂੰ ਡੰਡਾ ਮਾਰਨਾ ਰੂੜੀਆਂ 'ਤੇ ਛੱਡ ਦਿੰਦਾ ਸੀ। ਮੈਂ ਭੁੱਖਾ ਹੁੰਦਾ, ਗੋਹੇ ਨਾਲ ਲਿਬੜੇ ਹੋਏ ਟਾਂਡੇ ਚਰ੍ਹੀ ਦੇ, ਪੱਠੇ ਮੈਂ ਖਾਣੇ ਨਾਲੇ ਮੈਂ ਰੋਣਾ ਕਿ ਮੇਰੀ ਕਿਸਮਤ ਇਹੋ ਜਿਹੀ ਹੈ ਕਿ ਮੈਨੂੰ ਆਹ ਚੀਜ਼ਾਂ ਮਿਲਦੀਆਂ ਨੇ। ਹੋਰ ਕਮਜ਼ੋਰ ਹੋ ਗਿਆ। ਕਹਿੰਦਾ, ਇੱਟਾਂ ਢੋਈ ਜਾਂਦਾ ਸੀ। ਮਿੱਟੀ ਢੋਈ ਜਾਣੀ ਮੇਰੇ ਉਤੇ ਲੱਦ ਕੇ। ਜਦੋਂ ਮੈਂ ਉਹਦੇ ਕੰਮ ਦਾ ਨਾ ਰਿਹਾ, ਧੋਬੀ ਨੇ ਖਰੀਦ ਲਿਆ ਮੈਨੂੰ ਇਕ ਰੁਪਏ 'ਚ। ਉਹ ਸਵੇਰੇ ਹੀ ਕੱਪੜੇ ਭਿਓਂ ਲਿਆ ਕਰੇ, ਧੋਬਘਾਟ ਨੂੰ ਲਿਜਾਣ ਵਾਸਤੇ। ਗਿੱਲੇ ਕੱਪੜੇ ਹੁੰਦੇ। ਉਹ ਮੈਂ ਲੈ ਜਾਣੇ ਤੇ ਉਥੇ ਉਹ ਧੋਂਦਾ ਰਹਿੰਦਾ ਸੀ। ਪੈਂਖੜ ਦੇ ਕੇ ਉਹਨੇ ਮੈਨੂੰ ਛੱਡ ਦੇਣਾ, ਮੈਂ ਵਾੜਾਂ ਵਿਚੋਂ ਘਾਹ ਟੋਲ੍ਹਣਾ ਅਤੇ ਮੇਰੇ ਨੱਕ ਵਿਚ ਕੰਡੇ ਟੁੱਟ ਜਾਣੇ। ਅਖੀਰ ਇਹ ਹੋਇਆ ਕਿ ਮੇਰੀ ਜੀਭ ਵੀ ਪੱਕ ਗਈ, ਨੱਕ ਵੀ ਪੱਕ ਗਿਆ। ਖਾਣਾ ਘਟ ਗਿਆ। ਕਮਜ਼ੋਰ ਹੋਰ ਹੋ ਗਿਆ। ਇਕ ਦਿਨ ਕੱਪੜੇ ਲਈਂ ਜਾਂਦਾ ਮੈਂ ਜਿੱਲ੍ਹਣ ਵਿਚ ਫਸ ਗਿਆ। ਉਹਨੇ ਮੈਨੂੰ ਕੱਢਿਆ ਨਾ। ਕਹਿੰਦਾ, ਐਸੇ ਬੇਰਹਿਮ ਲੋਕ ਆਏ। ਮੇਰੀ ਪਿੱਠ 'ਤੇ ਪੈਰ ਧਰਨ ਛਾਲ ਮਾਰਨ। ਮੈਂ ਜਿੰਨਾਂ ਜ਼ੋਰ ਲਾਵਾਂ ਓਨਾਂ ਥੱਲੇ-ਥੱਲੇ ਜਾਵਾਂ। ਪਿਤਾ ਜੀ ਅਖੀਰ ਕਾਉਂ ਵੀ ਆ ਗਏ। ਪਿੱਠ ਦੇ ਉਤੇ ਤਾਂ ਮੇਰੀ ਪਹਿਲਾਂ ਹੀ ਲਾਗਾ ਸੀ। ਉਹਨਾਂ ਨੇ ਆ ਕੇ ਮੇਰੀਆਂ ਜਿਉਂਦੇ ਦੀਆਂ ਅੱਖਾਂ ਖਾ ਲਈਆਂ। ਕੁਛ ਨਾ ਮੈਂ ਕਰ ਸਕਿਆ। ਮੂੰਹ ਉਤੇ ਚੁਕਿਆ ਹੋਇਐ, ਮੂੰਹ ਵਿਚ ਗਾਰਾ ਪੈ ਗਿਆ। ਦਮ ਘੁਟਿਆ। ਮੇਰੇ ਪ੍ਰਾਣ ਛੁਟ ਗਏ। ਰੋਣ ਲਗ ਗਿਆ ਸੁਕਦੇਵ ਇਹ ਕਹਿ ਕੇ, ਕਹਿਣ ਲੱਗਿਆ ਪਿਤਾ ਜੀ, ਇਸ ਤਰ੍ਹਾਂ ਕਈ ਜਨਮ ਇਹੋ ਜਿਹੇ ਲੰਘੇ। ਇਹ ਤਾਂ ਮੈਂ ਇਕ ਦਸਿਆ ਹੈ ਨਮੂਨੇ ਮਾਤਰ। ਹੁਣ ਮੈਨੂੰ ਮਾਨਸ ਦੇਹ ਮਿਲ ਗਈ। ਮੈਂ ਤਾਂ ਇਕ ਸਕਿੰਟ ਵੀ ਇਹਦਾ ਜ਼ਾਇਆ ਨਹੀਂ ਕਰਨਾ। ਜਿਸ ਕੰਮ ਨੂੰ ਕਰਨ ਵਾਸਤੇ ਮੈਂ ਆਇਆ ਹਾਂ ਮੈਂ ਉਹ ਕਰਨਾ ਹੈ। ਉਹ ਕੰਮ ਕੀ ਹੈ? -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ - ੧੨*

ਮਹਾਰਾਜ ਕਹਿੰਦੇ, ਸਾਰੇ ਕੰਮ ਜਿਹਨੂੰ ਮਹਾਰਾਜ ਨੇ ਇਕੋ ਲਾਈਨ 'ਚ ਕਹਿ ਦਿਤਾ ***'ਅਵਰਿ ਕਾਜ ਤੇਰੈ ਕਿਤੈ ਨ ਕਾਮ ॥'*** ਕੰਮ ਕੀ ਹੈ? - 'ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥' ਸਾਧੂਆਂ ਦੀ ਸੰਗਤ ਵਿਚ ਰਲ ਕੇ ਨਾਮ ਜਪ ਲੈ।

*ਸਰੰਜਾਮਿ ਲਾਗੁ ਭਵਜਲ ਤਰਨ ਕੈ ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥ ਅੰਗ - ੧੨*

ਲੱਕ ਬੰਨ੍ਹ ਲੈ ਕਿ ਮੈਂ ਭਵਜਲ ਇਸੇ ਜਨਮ 'ਚ ਤਰਨੈ। ਸੋ ਜਿਸ ਦੇ ਮਨ ਵਿਚ ਦੇਹੀ ਦੀ ਕਦਰ ਆ ਗਈ। ਉਹੀ ਰੂਹਾਨੀ ਮਾਰਗ 'ਤੇ ਚਲ ਸਕਦਾ ਹੈ। ਦੂਜਾ ਨਹੀਂ ਚੱਲ ਸਕਦਾ। ਦੂਜਾ ਤਾਂ ਫਸ ਗਿਆ ਇਥੇ। ਹਰ ਵਕਤ ਦੁਨੀਆਂ 'ਚ ਫਸਿਆ ਹੋਇਆ ਦੁਨੀਆਂ ਦੀ ਮੰਗ (demand) ਕਰਦੈ। ਦੁਨੀਆਂ ਮੰਗਦੈ, ਦੁਨੀਆਂ ਵਾਸਤੇ ਜਿਉਂਦਾ ਹੈ। ਇਹਨੂੰ ਇਹ ਨਹੀਂ ਪਤਾ ਕਿ -

*ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥*
*ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥*
*ਅੰਗ - ੧੩੬੫*

ਖਾਲੀ ਹੱਥ ਦੁਨੀਆਂ 'ਚੋਂ ਜਾਂਦੇ ਨੇ। ਕੋਈ ਕੰਮ ਨਹੀਂ ਆਉਂਦਾ। ਸਾਰੀਆਂ ਚੀਜ਼ਾਂ, ਜ਼ਹਿਰ ਇਕੱਠੀ ਕਰਕੇ, ਬਾਲ ਬੱਚਿਆਂ ਵਾਸਤੇ ਇਕੱਠਾ ਕਰਦੈ। ਆਪਣੇ ਵਾਸਤੇ ਕਰਦੈ। ਮੈਨੂੰ ਬੁਢਾਪੇ ਦੇ ਵਿਚ ਕੰਮ ਆਏਗਾ। ਵਾਹਿਗੁਰੂ ਨੇ ਦਿਤਾ ਹੋਇਆ ਹੈ ਸਾਰਾ, ਤੇਰੇ ਮੱਥੇ ਵਿਚ ਲੇਖ ਲਿਖੇ ਹੋਏ ਨੇ। ਲੇਖੇ ਤੋਂ ਬਗੈਰ ਕੋਈ ਚੀਜ਼ ਮਿਲਦੀ ਨਹੀਂ। ਕਾਹਨੂੰ ਤੂੰ ਇਸ ਖਪਤਖਾਨੇ ਵਿਚ ਪਿਆ ਹੋਇਆ ਹੈਂ। ਜਿਹਨੇ ਪੈਦਾ ਕਰਿਆ ਹੈ ਉਹ ਤੈਨੂੰ ਪਾਲੇਗਾ ਵੀ।

*ਧਾਰਨਾ - ਰੋਜ਼ੀ ਦਿੰਦਾ ਹੈ ਪੱਥਰ ਦੇ ਕੀੜੇ ਨੂੰ,*
*ਤੈਨੂੰ ਕਿਉਂ ਨਾ ਦੇਵੇ ਬੰਦਿਆ।*

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ਅੰਗ- ੧੦*

ਰੋਟੀ ਦੇਣਾ ਤਾਂ ਪਿਆਰਿਆ, ਪ੍ਰਮੇਸ਼ਰ ਦਾ ਕੰਮ ਹੈ। ਤੇਰੀ ਪਰਾਲਬਧ ਅਨੁਸਾਰ ਮਿਲ ਹੀ ਜਾਣੀ ਹੈ।

*'ਚਲਦਾ..........।'*

*(ਵੀਡੀਓ ਫਿਲਮ ਦੀਵਾਨ 756 ਦੀ ਬਾਕੀ)*

# ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ*

*ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥*
*ਬੋਲਿ ਨ ਜਾਣੈ ਮਾਇਆ ਮਦਿ ਮਾਤਾ*
*ਮਰਣਾ ਚੀਤਿ ਨ ਆਵੈ ॥ ੧ ॥*
*ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥*
*ਤੇਰੇ ਸੇਵਕ ਕਉ ਭਉ ਕਿਛੁ ਨਾਹੀ*
*ਜਮੁ ਨਹੀ ਆਵੈ ਨੇਰੇ ॥ ੧ ॥ ਰਹਾਉ ॥*
*ਜੋ ਤੇਰੈ ਰੰਗਿ ਰਾਤੇ ਸੁਆਮੀ*
*ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥*
*ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥ ੨ ॥*
*ਨਾਮੁ ਧਿਆਇਨਿ ਸੁਖ ਫਲ ਪਾਇਨਿ*
*ਆਠ ਪਹਰ ਆਰਾਧਹਿ ॥*
*ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥ ੩ ॥*
*ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ*
*ਸਾਰ ਨ ਜਾਣਾ ਤੇਰੀ ॥*
*ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥*
*ਅੰਗ - ੭੪੯*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀ! ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ। ਰਸਨਾ ਦੀ ਪਵਿੱਤਰਤਾ ਦੇ ਵਾਸਤੇ, ਸਾਰੇ ਹੀ ਉਚਾਰਨ ਕਰੋ ਜੀ 'ਸਤਿਨਾਮੁ ਸ੍ਰੀ ਵਾਹਿਗੁਰੂ'। ਪਾਤਸ਼ਾਹ ਨੇ ਕ੍ਰਿਪਾ ਕੀਤੀ ਹੈ ਸਾਨੂੰ ਸਾਰਿਆਂ ਨੂੰ ਇਸ ਸਜੇ ਦਰਬਾਰ ਦੇ ਅੰਦਰ ਹਾਜ਼ਰੀ ਭਰਨ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ। ਵਿਚਾਰਾਂ ਚਲ ਰਹੀਆਂ ਸੀ। ਸਾਰੀ ਬਾਣੀ ਹੀ ਨਾਮ ਨਾਲ ਜੋੜਦੀ ਹੈ -

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥ ਅੰਗ - ੭੯੭*

ਬਾਣੀ ਨੂੰ ਜਿਥੋਂ ਵੀ ਪੜ੍ਹੋ, ਵਿਚਾਰੋ, ਸੁਣੋ। ਸਾਰੀ ਬਾਣੀ ਨਾਮ ਨਾਲ ਜੋੜਦੀ ਹੈ। ਨਾਮ ਅੰਦਰ ਹੈ। ਉਸ ਘਰ ਦੀ ਦਸ ਪਾਉਂਦੀ ਹੈ। ਸਤਿਗੁਰੂ ਦੀ ਇਹ ਨਿਸ਼ਾਨੀ ਹੈ -

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਅੰਗ- ੧੨੯੧*

ਗੁਰੂ ਕਦੇ ਵੀ ਸਰੀਰ ਨਹੀਂ ਹੁੰਦਾ, ਜੇ ਦੇਹ ਧਾਰਨ ਕਰ ਵੀ ਲਈ ਤਾਂ ਬਾਣੀ ਆਈ -

*ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥*
*ਅੰਗ- ੬੨੮*

*ਸਤਿਗੁਰ ਬਚਨ ਬਚਨ ਹੈ ਸਤਿਗੁਰ*
*ਪਾਧਰੁ ਮੁਕਤਿ ਜਨਾਵੈਗੋ ॥ ਅੰਗ - ੧੩੦੯*

ਇਹ ਬਚਨ ਇਕ ਵੀ ਕਮਾ ਲਓ, ਓਹੀ ਪਾਰ ਲਾ ਦਿੰਦਾ ਹੈ। ਆਪਾਂ ਵਿਚਾਰ ਸ਼ੁਰੂ ਕੀਤੀ ਹੈ ਕਿ-

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨*

ਜਿਥੇ ਨਾਮ ਨਾਲ ਜੁੜਿਆ ਜਾਵੇ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ - ੨੯੩*

ਨਿਸ਼ਾਨੀ ਵੀ ਦਸੀ ਹੈ ਸਤਿਗੁਰੂ ਜੀ ਨੇ -

*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ - ੨੯੩*

ਉਹ ਐਸਾ ਅਨੰਦ ਹੈ ਜੋ ਕਹਿਣ ਦੇ ਵਿਚ ਨਹੀਂ ਆਉਂਦਾ। ਅਨੁਭਵ 'ਚ ਆਉਂਦਾ ਹੈ। ਸਤਿਸੰਗੀ ਜਨ, ਪਿਆਰ ਵਾਲੇ ਗੁਰੂ ਦਰਬਾਰ ਦੇ ਵਿਚ ਪਹੁੰਚਦੇ ਹਨ। ਨਾਮ ਨਾਲ ਜੁੜਦੇ ਹਨ।

ਭਾਈ ਸਤਨਾਮ ਸਿੰਘ ਜੀ ਆਖਰੀ ਸਮੇਂ ਇਹੀ ਬਚਨ ਕਰ ਰਹੇ ਸਨ ਕਿ ਇਹ ਸਾਰਾ ਸੰਸਾਰ ਦੁਖੀ ਹੈ। ਕਿਉਂ ਦੁਖੀ ਹੈ? ਹੁਣ ਅਸੀਂ ਸੱਤ ਸਮੁੰਦਰਾਂ ਪਾਰ, ਵਤਨਾਂ ਤੋਂ ਦੂਰ ਆ ਗਏ। ਇਥੇ ਕੋਈ ਘਾਟ ਤਾ ਹੈ ਨਹੀਂ ਪਦਾਰਥਾਂ ਦੀ। ਪਰ ਜਿਹੜੀ ਸ਼ਾਂਤੀ ਹੈ ਉਹ ਨਾਮ ਦੇ ਵਿਚ ਹੀ ਹੈ -

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥*
*ਅੰਗ - ੭੦੭*

ਸੁੰਦਰ ਸੇਜਾ -

*ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥*
*ਅੰਗ - ੬੪੨*

ਕਿੰਨੇ ਰਸ ਹਨ, ਜਿੰਨੇ ਰਸ ਭੋਗਦੇ ਹਾਂ, ਇਹਨਾਂ

ਦੇ ਵਿਚ ਸ਼ਾਂਤੀ ਨਹੀਂ ਹੈ।

*ਵਡੇ ਵਡੇ ਜੋ ਦੀਸਹਿ ਲੋਗ ॥*
*ਤਿਨ ਕਉ ਬਿਆਪੈ ਚਿੰਤਾ ਰੋਗ ॥* *ਅੰਗ- ੧੮੮*

ਜਿਸ ਕੋਲ ਥੋੜ੍ਹੀ ਹੈ, ਉਹ ਦੌੜਿਆ ਫਿਰਦਾ ਹੈ ਕਿ ਹੋਰ ਇਕੱਠੀ ਕਰਾਂ। ਪਰ ਜਿਹੜਾ ਦੋਨਾਂ ਤੋਂ ਹੀ ਨਿਰਲੇਪ ਹੋਵੇ, ਉਹ ਸੁਹੇਲਾ ਹੈ। ਸੌਖਾ ਹੈ –

*ਸਹੰਸਰ ਦਾਨ ਦੇ ਇੰਦ੍ਰ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥*
*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥* *ਅੰਗ- ੯੫੩*

ਉਹ ਭੋਗ ਦੀ ਜ਼ਿੰਦਗੀ ਇਥੇ ਵੀ ਰੋਗ ਪੈਦਾ ਕਰ ਦਿੰਦੀ ਹੈ ਤੇ ਅੱਗੇ ਵੀ ਦੁਖੀ ਹੁੰਦੇ ਹਨ।

ਕਿੰਨੇ ਵੱਡੇ-ਵੱਡੇ ਸੋਨੇ ਦੇ ਘਰ –

*ਸਰਬ ਸੋੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ ॥*
*ਕਹਾ ਭਇਓ ਦਰਿ ਬਾਂਧੇ ਹਾਥੀ*
*ਖਿਨ ਮਹਿ ਭਈ ਪਰਾਈ॥* *ਅੰਗ - ੬੯੩*

ਰਾਵਣ ਸੀਤਾ ਨੂੰ ਲੈ ਗਿਆ। ਉਸ ਸਮੇਂ ਸ੍ਰੀ ਰਾਮ ਚੰਦਰ ਜੀ ਦਾ ਵੈਰਾਗ, ਤੁਲਸੀ ਜੀ ਨੇ ਰਮਾਇਣ 'ਚ ਵਰਨਣ ਕੀਤਾ ਹੈ। ਰਾਵਣ ਦੀ ਤਾਂ ਸੋਨੇ ਦੀ ਲੰਕਾ, ਕਿੱਡਾ ਵੱਡਾ ਪਰਿਵਾਰ ਸੀ ਪਰ –

*ਇਕੁ ਲਖੁ ਪੂਤ ਸਵਾ ਲਖੁ ਨਾਤੀ ॥*
*ਤਿਹ ਰਾਵਨ ਘਰ ਦੀਆ ਨ ਬਾਤੀ ॥* *ਅੰਗ - ੪੮੧*

ਸੋ ਪਦਾਰਥਾਂ ਦੇ ਵਿਚ ਸੁਖ ਨਹੀਂ ਹੈ। ਮਨ ਇੱਛੇ ਸੁਖ ਮਾਣਦਾ ਹੋਇਆ ਵੀ ਮਨ ਫੇਰ ਵੀ ਧੀਰਜ ਨਹੀਂ ਧਰਦਾ –

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ ੧ ॥ ਰਹਾਉ ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥*
*ਪਰੈ ਪਰੈ ਹੀ ਕਉ ਲੁਝੀ ਹੇ ॥* *ਅੰਗ - ੨੧੩*

ਵਧਦੀ ਜਾਂਦੀ ਹੈ। ਹਾਲਤ ਕੀ ਹੈ ਉਸਦੀ। 'ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥' ਜੇ ਨਾਮ ਚਿੱਤ ਨਹੀਂ ਆਉਂਦਾ ਭਾਵੇਂ ਕਿੱਡਾ ਵੱਡਾ ਹੀ ਹੈ –

*ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥*
*ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥*
*ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥*
*ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥*
*ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥* *ਅੰਗ - ੨*

ਇਸ ਕਰਕੇ ਸ਼ਾਂਤੀ ਤਾਂ ਪਿਆਰਿਓ ਤਾਂ ਹੀ ਮਿਲਦੀ ਹੈ ਜਦੋਂ ਅਸੀਂ ਨਾਮ ਨਾਲ ਜੁੜਦੇ ਹਾਂ। ਕਿਉਂਕਿ ਸਾਰਾ ਕੰਮ ਦਾ ਹੈ –

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥* *ਅੰਗ - ੩੪੨*

ਇਹ ਸਾਰਾ ਕੁਝ ਜੋ ਅਸੀਂ ਅਸੀਂ ਕਰਦੇ ਹਾਂ। ਸਤਿਸੰਗ ਕਰਦੇ ਹਾਂ, ਅੰਤਰੰਗ ਸਾਧਨ ਕਰਦੇ ਹਾਂ। ਨਿਧਿਆਸਣ ਕਰਦੇ ਹਾਂ, ਪ੍ਰਤਿਹਾਰ ਕਰਦੇ ਹਾਂ। ਪ੍ਰਾਣਾਯਾਮ ਕਰਦੇ ਹਾਂ, ਸਮ, ਦਮ, ਨਿਯਮ ਜੋ ਵੀ ਕਰਦੇ ਹਾਂ। ਜਿੰਨੇ ਵੀ ਸਾਧਨ ਹਨ –

*ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥*
*ਅੰਗ - ੩੪੦*

ਇਹ ਸਾਰੇ ਹੀ ਮਨ ਨੂੰ ਮਨਾਉਣ ਵਾਸਤੇ ਹਨ। ਮਨ ਮੰਨ ਗਿਆ –

*ਮੰਨੇ ਕੀ ਗਤਿ ਕਹੀ ਨ ਜਾਇ ॥* *ਅੰਗ - ੩*

ਕਹੀ ਵੀ ਨਹੀਂ ਜਾਂਦੀ ਫੇਰ –

*ਸੁਣਿਆ ਮੰਨਿਆ ਮਨਿ ਕੀਤਾ ਭਾਉ ॥*
*ਅੰਤਰਗਤਿ ਤੀਰਥਿ ਮਲਿ ਨਾਉ ॥* *ਅੰਗ - ੪*

ਜਿਹੜਾ ਅੰਦਰ ਦਾ ਤੀਰਥ ਹੈ –

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥*
*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥* *ਅੰਗ - ੫੩੮*

ਜੇ ਸਾਧਨ ਪੱਖ 'ਚ ਪ੍ਰਮੇਸ਼ਰ ਦੇ ਗੁਣ ਗਾਉਂਦੇ ਹਾਂ ਕਿੰਨਾ ਫਲ ਮਿਲਦਾ ਹੈ। ਤੁਸੀਂ ਸਭ ਕੰਮਾਂ ਕਾਰਾਂ ਨੂੰ ਪਿੱਠ ਦੇ ਕੇ ਆਏ ਹੋਂ। ਕਿੰਨੀ ਰੁਝੇਵਿਆਂ ਭਰਪੂਰ ਜ਼ਿੰਦਗੀ ਹੈ ਤੁਹਾਡੀ ਫੇਰ ਵੀ ਤੁਹਾਡੇ ਅੰਦਰ ਲਗਨ ਹੈ ਕਿ ਇਸ ਦਰ 'ਤੇ ਆਈਏ। ਜਿਥੇ ਜਾ ਕੇ –

*ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥*
*ਅੰਗ - ੬੪੧*

ਗੁਰੂ ਦੁਆਰੇ ਆ ਕੇ ਸੋਝੀ ਮਿਲਦੀ। ਸੂਝ ਪੈਦਾ ਹੁੰਦੀ ਹੈ। ਬਾਣੀ ਸੁਣਦੇ ਹਾਂ, ਬਾਣੀ ਵਿਚਾਰਦੇ ਹਾਂ। ਉਸ ਅੰਦਰਲੇ ਤੀਰਥ 'ਚ ਜਿਥੇ ਸ਼ਾਂਤੀ ਹੀ ਸ਼ਾਂਤੀ ਹੈ ਜਿਥੇ ਨਾਮ ਹੈ –

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥*
*ਗੁਹਜ ਰਤਨ ਵਿਚਿ ਲੁਕਿ ਰਹੇ*
*ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥* *ਅੰਗ - ੩੦੯*

ਕਿਉਂਕਿ ਜਿਹੜਾ ਅੰਦਰ ਹੈ –

*ਅੰਤਰਿ ਖੂਹਟਾ ਅੰਮ੍ਰਿਤਿ ਭਰਿਆ*

*ਸਬਦੇ ਕਾਢਿ ਪੀਐ ਪਨਿਹਾਰੀ ॥ ਅੰਗ- ੫੭੦*

ਇਸ ਦੇ ਵਿਚ ਸ਼ਾਂਤੀ ਹੈ। ਹੁਣ ਇਹ ਕਿੰਨਾ ਸੌਖਾ ਮੰਤਰ ਹੈ, ਸਾਰੇ ਦੁਖਾਂ ਦਾ, ਸਾਰੇ ਰੋਗਾਂ ਦਾ ਇਲਾਜ ਵਾਹਿਗੁਰੂ ਮੰਤਰ ਹੈ। ਇਹ ਨਾਮ ਤਕ ਪਹੁੰਚਾ ਦਿੰਦਾ ਹੈ -

*ਸਰਬ ਰੋਗ ਕਾ ਅਉਖਦੁ ਨਾਮੁ ॥ ਅੰਗ - ੨੭੪*

ਦੀਆਂ ਵਿਚਾਰਾਂ ਹੁਣ ਤਕ ਕਰ ਚੁਕੇ ਹਾਂ ਕਿ ਕਿਵੇਂ ਵੱਡੇ-ਵੱਡੇ ਰੋਏ। ਰਾਮ ਜੀ ਰੋਏ, ਰਾਵਣ ਵੀ ਰੋਇਆ। ਅੱਗੇ ਫੇਰ ਪਾਂਡਵਾਂ ਬਾਰੇ ਦਸਦੇ ਹਨ -

*ਰੋਵਹਿ ਪਾਂਡਹ ਭਏ ਮਜੂਰ ॥*
*ਜਿਨ ਕੈ ਸੁਆਮੀ ਰਹਤ ਹਦੂਰਿ ॥ ਅੰਗ - ੯੫੪*

ਕ੍ਰਿਸ਼ਨ ਮਹਾਰਾਜ ਜੀ, ਅਰਜਨ ਦੇ ਰਥਵਾਹੀ, ਸਦਾ ਸਨਮੁਖ ਰਹਿਣ ਵਾਲੇ ਪਰ ਫੇਰ ਵੀ ਜਿਹੜੀ ਕੁੰਤੀ ਸੀ ਇਹਨਾਂ ਦੀ ਮਾਤਾ। ਅਰਦਾਸ ਕਰਦੀ ਸੀ ਕਿ ਹੇ ਭਗਵਾਨ! ਸਾਡੀ ਝੋਲੀ ਦੇ ਵਿਚ ਦੁਖ ਪਾ। ਦੁਖ ਕੌਣ ਮੰਗਦੈ? ਸਾਰੇ ਸੁਖ ਮੰਗਦੇ ਹਨ। ਉਹਨਾਂ ਨੂੰ ਪੁੱਛਿਆ, ਮਾਤਾ ਜੀ! ਤੁਸੀਂ ਦੁਖ ਕਿਉਂ ਮੰਗਦੇ ਹੋਂ? ਕਹਿਣ ਲੱਗੀ ਦੁਖ ਦੇ ਵਿਚ ਭਗਵਾਨ ਦਾ ਸਾਥ ਸਦਾ ਰਹਿੰਦਾ ਹੈ। ਜਦੋਂ ਵੀ ਦੁਖ ਪਿਆ, ਬਿਪਤਾ ਪਈ ਉਹਨਾਂ ਨੇ ਆ ਕੇ ਸਾਥ ਦਿਤਾ। ਸਾਡੇ ਨਾਲ ਰਹੇ। ਜਦੋਂ ਸੁਖ ਆ ਗਿਆ, ਉਹ ਚਲੇ ਗਏ। ਕਹਿਣ ਤੋਂ ਭਾਵ ਕਿ ਦੁਖ ਵਿਚ ਉਹ ਯਾਦ ਆਉਂਦਾ ਹੈ।

ਹਾਲਾਤ ਐਸੇ ਬਣੇ, ਮਹਾਂਭਾਰਤ ਦਾ ਯੁੱਧ ਹੋਇਆ। 18 ਕਸ਼ੂਣੀਆਂ ਖਤਮ ਹੋ ਗਈਆਂ। ਵਰਣ ਸ਼ੰਕਰ ਔਲਾਦ ਪੈਦਾ ਹੋਈ। ਹਾਲਾਤ ਐਸੇ ਬਣੇ ਕਿ ਪਾਂਡਵਾਂ ਨੇ ਫੇਰ ਸਭ ਕੁਝ ਤਿਆਗ ਦਿਤਾ।

*ਹੇਮਕੁੰਟ ਪਰਬਤ ਹੈ ਜਹਾਂ॥ ਸਪਤ ਸ੍ਰਿੰਗ ਸੋਭਿਤ ਹੈ ਤਹਾਂ।*

ਉਥੇ ਫੇਰ ਉਹਨਾਂ ਨੇ ਜੋਗ ਕਮਾਇਆ। ਸੋ ਅਗਿਆਤ ਵਾਸ ਦੇ ਸਮੇਂ ਵਿਚੋਂ ਵੀ ਉਹਨਾਂ ਨੂੰ ਲੰਘਣਾ ਪਿਆ। ਉਹ ਮਜ਼ਦੂਰ ਬਣੇ - 'ਰੋਵਹਿ ਪਾਂਡਹ ਭਏ ਮਜੂਰ ॥ ਜਿਨ ਕੈ ਸੁਆਮੀ ਰਹਤ ਹਦੂਰਿ ॥' ਅਗਿਆਤ ਵਾਸ ਦੇ ਆਖਰੀ ਸਾਲ ਵਿਚ ਭੇਸ ਵਟਾ ਕੇ ਰਹਿਣਾ ਪਿਆ। ਮਜ਼ਦੂਰ ਬਣੇ ਤਾਂ ਫੇਰ ਉਹਨਾਂ ਨੂੰ ਰੋਣਾ ਪਿਆ -

*ਰੋਵੈ ਜਨਮੇਜਾ ਖੁਇ ਗਇਆ ॥*
*ਏਕੀ ਕਾਰਣਿ ਪਾਪੀ ਭਇਆ ॥ ਅੰਗ- ੯੫੪*

ਕਿਉਂਕਿ ਜਿਹੜੀ ਭਾਵੀ ਹੈ, ਪਰਾਲਬਧ ਹੈ। ਕਰਮਾਂ ਦੇ ਵਿਚ ਤਾਂ ਕਈ ਕਿਸਮ ਦੇ ਕਰਮ ਹਨ ਜਿਵੇਂ ਕ੍ਰਿਆਮਾਨ ਕਰਮ, ਪਰਾਲਬਧ ਕਰਮ, ਸੰਚਿਤ ਕਰਮ, ਨਿਤ ਕਰਮ, ਨਮਿੱਤ ਕਰਮ, ਕਾਇਕ ਕਰਮ, ਤਿੰਨੇ ਕਰਮ ਹਨ। ਤਿੰਨ ਪ੍ਰਮੁੱਖ ਕਰਮਾਂ ਦੇ ਵਿਚ ਪਰਾਲਬਧ ਦੇ ਵਿਚ, ਚੰਗਾ ਮੰਦਾ ਜਿਹੜਾ ਹੈ ਇਹ ਆਪਣਾ ਆਪੇ ਹੀ ਪਾਉਣਾ ਪੈਂਦਾ ਹੈ। ਪਾਂਡਵਾਂ ਤੇ ਕੌਰਵਾਂ ਦੇ ਯੁੱਧ ਦੇ ਸਮੇਂ ਜਿਹੜਾ ਜਨਮੇਜਾ ਸੀ ਮਹਾਂਭਾਰਤ ਦੇ ਯੁੱਧ ਹੋਣ 'ਤੇ ਵੀ ਕਿੰਤੂ ਕਰਦਾ ਸੀ ਕਿ ਐਡੇ ਵੱਡੇ ਅਚਾਰੀਆ, ਗੁਰੂ ਹੋਏ, ਕ੍ਰਿਸ਼ਨ ਭਗਵਾਨ ਸਾਕਾਰ ਸਰੂਪ 'ਚ ਨਾਲ ਰਹੇ। ਇਹ ਮਹਾਂਭਾਰਤ ਦਾ ਯੁੱਧ ਕਿਉਂ ਹੋਇਆ? ਕੀ ਇਹ ਰੋਕ ਨਹੀਂ ਸੀ ਸਕਦੇ?

ਕ੍ਰਿਸ਼ਨ ਜੀ ਨੇ ਕੌਰਵਾਂ ਪਾਂਡਵਾਂ ਨੂੰ ਬਿਠਾ ਕੇ ਸਮਝਾਇਆ ਸੀ ਕਿ ਯੁੱਧ ਦਾ ਐਨਾ ਨੁਕਸਾਨ ਹੋਣਾ ਹੈ। ਇਸ ਤਰ੍ਹਾਂ ਸਾਰਾ ਸਿਸਟਮ ਖਰਾਬ ਹੋ ਜਾਣਾ ਹੈ। ਤੁਸੀਂ ਯੁੱਧ ਨਾ ਕਰੋ, ਭਰਾ ਹੀ ਹੋਂ ਆਪਸ ਵਿਚ ਬੈਠ ਕੇ ਵੰਡ ਲਓ। ਵੈਰ, ਵਿਰੋਧ ਦੇ ਕੰਮਾਂ 'ਚ ਕਿਉਂ ਪਏ ਹੋਂ? ਸਵੇਰ ਤੋਂ ਸਮਝਾਉਣ ਬੈਠੇ ਸ਼ਾਮ ਹੋ ਗਈ। ਉਹਨਾਂ ਨੇ ਇਸ ਗੱਲ ਨੂੰ ਸਮਝਿਆ ਹੀ ਨਹੀਂ। ਕੌਰਵ ਤਾਂ ਚਾਹੁੰਦੇ ਹੀ ਨਹੀਂ ਸੀ ਕਿ ਇਹ ਆਉਣ। ਕਿਉਂਕਿ ਕੌਰਵਾਂ ਅੰਦਰ ਬਹੁਤ ਹੰਕਾਰ ਸੀ। ਉਹਨਾਂ ਨੂੰ ਕ੍ਰਿਸ਼ਨ ਮਹਾਰਾਜ ਦੀ ਵੀ ਕੋਈ ਕਦਰ ਨਹੀਂ ਸੀ। ਜਦੋਂ ਨਹੀਂ ਸਮਝੇ ਤਾਂ ਉਹਨਾਂ ਨੇ ਕਿਹਾ ਕਿ ਯੁੱਧ ਹੋਣਾ ਤਾਂ ਅਟੱਲ ਹੈ, ਹੋ ਕੇ ਹੀ ਰਹਿਣਾ ਹੈ -

*ਨਾ ਕੋ ਮੂਰਖੁ ਨਾ ਕੋ ਸਿਆਣਾ ॥*
*ਵਰਤੈ ਸਭ ਕਿਛੁ ਤੇਰਾ ਭਾਣਾ ॥ ਅੰਗ- ੯੮*

ਕਹਿੰਦੇ, ਜੇ ਇਹ ਮਹਾਂਭਾਰਤ ਦਾ ਯੁੱਧ ਹੋਣਾ ਹੀ ਹੋਣਾ ਹੈ, ਰੁਕਣਾ ਨਹੀਂ ਤਾਂ ਫੇਰ ਤੁਸੀਂ ਕਿਉਂ ਐਨਾ ਜ਼ੋਰ ਲਾਇਆ? ਕਿਉਂ ਸਮਝਾਇਆ? ਕਹਿੰਦੇ, ਇਹ ਵੀ ਨਾਲ ਹੀ ਲਿਖਿਆ ਸੀ।

ਸੋ ਇਸ ਤਰ੍ਹਾਂ ਬਿਆਸ ਜੀ ਦੇ ਅੱਗੇ ਜਨਮੇਜਾ ਤਰਕ ਕਰਦਾ ਹੈ। ਬਿਆਸ ਜੀ ਸਮਝਾਉਂਦੇ ਹਨ ਕਿ ਦੇਖ, ਜਨਮੇਜਾ -

*ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ ॥*
*ਅੰਗ - ੧੩੪੪*

ਵਰਜ-ਵਰਜ ਕੇ ਸਾਰਾ ਦਸਿਆ ਕਿ ਤੇਰੇ ਨਾਲ ਇਸ ਤਰ੍ਹਾਂ ਹੋਣਾ ਹੈ। ਉਹੀ ਕੁਛ ਹੋਇਆ?

ਜਨਮੇਜੇ ਨੂੰ ਕਿਹਾ ਸੀ ਕਿ ਦੇਖ ਤੂੰ ਘੋੜੀ ਖਰੀਦਣੀ ਹੈ। ਘੋੜੀ 'ਤੇ ਚੜ੍ਹ ਕੇ ਦੱਖਣ ਦਿਸ਼ਾ ਨੂੰ ਜਾਣਾ ਹੈ, ਦਿਸ਼ਾ ਭਰਮ ਹੋ ਜਾਣਾ। ਉਥੋਂ ਅਨਾਰੀਅਨ ਨੌਜਵਾਨ ਲੜਕੀ ਨੂੰ ਲੈ ਆਉਣਾ। ਰਾਜ 'ਚ ਰੌਲਾ

ਪੈ ਜਾਣਾ। ਉਸ ਰੌਲੇ ਨੂੰ ਦਬਾਉਣ ਵਾਸਤੇ ਯੱਗ ਕਰਨਾ। ਯੱਗ 'ਚ ਪੰਡਤਾਂ ਨੇ ਆਉਣਾ ਨਹੀਂ। ਬੱਚਿਆਂ ਨੂੰ ਬੁਲਾਏਂਗਾ। 18 ਗੋਤਾਂ ਦੇ ਪੰਡਤ ਬੱਚੇ ਆਉਣਗੇ। ਉਹ ਆਪਣੀ ਕਿਸੇ ਗੱਲ 'ਤੇ ਹੱਸਣਗੇ। ਤੈਨੂੰ ਲੱਗਣੈ ਕਿ ਮੇਰੀ ਪਤਨੀ ਨੂੰ ਦੇਖ ਕੇ ਹਸੇ ਨੇ ਇਹ। ਤੈਨੂੰ ਇਸ ਗੱਲ 'ਤੇ ਗੁੱਸਾ ਆਉਣਾ ਹੈ ਤੇ ਤੂੰ ਚੁੱਕ-ਚੁੱਕ ਕੇ ਉਹਨਾਂ ਨੂੰ ਕੜਾਹਿਆਂ 'ਚ ਸੁੱਟ ਦੇਣਾ ਹੈ। ਅੱਗ 'ਚ ਸਾੜ ਕੇ ਮਾਰ ਦੇਣਾ ਹੈ ਤੇ ਇਸ ਦਾ ਤੈਨੂੰ ਦੋਸ਼ ਲਗਣਾ ਹੈ। ਤੈਨੂੰ ਕੋਹੜ ਹੋ ਜਾਣਾ ਹੈ ਬ੍ਰਾਹਮਣ ਹੱਤਿਆ ਦਾ ਦੋਸ਼ ਲਗ ਕੇ। ਅਸੀਂ ਤੈਨੂੰ ਫੇਰ ਕਥਾ ਸੁਣਾਉਣੀ ਹੈ। ਤੇਰਾ ਕੋਹੜ ਕਥਾ ਸੁਣ ਕੇ ਖਤਮ ਹੋਣਾ ਹੈ ਪਰ ਤੂੰ ਕਥਾ ਵਿਚ ਇਕ ਜਗ੍ਹਾਂ 'ਤੇ ਤਰਕ ਕਰ ਦੇਣੀ ਹੈ। ਤੂੰ ਨੱਕ ਮਾਰ ਦੇਣਾ ਹੈ ਕਿ ਇਹ ਨਹੀਂ ਹੋ ਸਕਦਾ। ਉਸ ਨਾਲ ਤੇਰੇ ਨੱਕ 'ਤੇ ਕੋਹੜ ਰਹਿ ਜਾਣਾ ਹੈ। ਉਸ ਕੋਹੜ ਨਾਲ ਤੂੰ ਮਰਨਾ ਹੈ। ਕਹਿੰਦੇ, ਜ਼ੋਰ ਲਾ ਲੈ ਇਹ ਸਭ ਹੋ ਕੇ ਰਹਿਣਾ ਹੈ।

ਇਹ ਲੇਖ ਦੀਆਂ ਲਿਖੀਆਂ ਜਿਹੜੀਆਂ ਹਨ -

*ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥*

*ਅੰਗ - ੯੩੭*

ਮਿਟਦਾ ਤਾਂ ਹੈ ਨਹੀਂ -

*ਭੋਗਹਿ ਬਿਨ ਭਾਗਹਿ ਨਹੀ ਕਰਮ ਗਤੀ ਬਲਵਾਨ।*

ਪਰ ਜਦੋਂ ਅਸੀਂ ਗੁਰੂ ਦੇ ਦਰ 'ਤੇ ਸ਼ਰਧਾ ਨਾਲ ਆ ਜਾਂਦੇ ਹਾਂ, ਗੁਰੂ ਦੇ ਚਰਨਾਂ 'ਤੇ ਮਸਤਕ ਲਾ ਕੇ ਨਮਸ਼ਕਾਰ ਕਰਦੇ ਹਾਂ। ਮੋਹਰ ਦੇ ਅੱਖ ਦੇਖਣ ਵਿਚ ਪੁੱਠੇ ਹੁੰਦੇ ਨੇ, ਮੋਹਰ ਸਿਆਹੀ ਲਾ ਕੇ ਕਾਗਜ਼ ਉਪਰ ਲਾਓ ਤਾਂ ਅੱਖਰ ਸਿੱਧੇ ਹੋ ਜਾਂਦੇ ਨੇ। ਉਸ ਦੀ value ਬਣ ਜਾਂਦੀ ਹੈ, ਗੁਰੂ ਦੀ ਸਹੀ ਪੈ ਜਾਂਦੀ ਹੈ। ਫੇਰ ਕਿੱਡੀ authority ਹੋ ਜਾਂਦੀ ਹੈ। ਓਹੀ ਪੁੱਠੇ ਅੱਖਰ ਸਿੱਧੇ ਹੋ ਜਾਂਦੇ ਨੇ। ਪੁੱਠੇ ਲੇਖ ਜਿਹੜੇ ਨੇ ਉਹ ਦਬ ਜਾਂਦੇ ਹਨ, ਸ਼ੁਭ ਕਰਮ ਫਲ ਦੇਣ ਵਾਸਤੇ ਤਿਆਰ ਹੋ ਜਾਂਦੇ ਹਨ -

*ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ*
*ਸਤਿਗੁਰੂ ਕੋਟਿ ਪੈਂਡਾ ਆਗੈ ਹੋਇ ਲੇਤ ਹੈ।*

*ਭਾਈ ਗੁਰਦਾਸ ਜੀ*

ਕਿੱਡੀ ਬਖਸ਼ਿਸ਼ ਹੋ ਜਾਂਦੀ ਹੈ। ਗੁਰੂ ਭਾਵਨਾ ਨੂੰ ਫਲ ਲਾਉਂਦੇ ਹਨ -

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*

*ਭਾਈ ਗੁਰਦਾਸ ਜੀ, ਵਾਰ ੩੪/੧*

ਫਲ ਭਾਵਨਾ ਨੂੰ ਲਗਦਾ ਹੈ। ਸਤਿਗੁਰੂ ਉਪਰ ਜਿਹੋ ਜਿਹੀ ਕੋਈ ਮਨਸਾ ਧਾਰ ਕੇ ਘਰ ਤੋਂ ਆਉਂਦਾ ਹੈ ਉਸ ਭਾਵਨਾ ਨੂੰ ਸਤਿਗੁਰੂ ਜੀ ਫਲ ਲਾਉਂਦੇ ਹਨ। ਇਸ ਕਰਕੇ ਸ਼ਰਧਾ ਟੁੱਟ ਜਾਂਦੀ ਹੈ ਜੇ ਮਨ ਵਿਚ ਥੋੜ੍ਹਾ ਜਿਹਾ ਵੀ ਸ਼ੰਕਾ ਆ ਜਾਵੇ -

*ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥*
*ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥   ਅੰਗ - ੨੮੫*

ਕਿਉਂਕਿ ਜਿਹੜੀ ਤਰਕ ਹੈ ਇਹ ਦਿਮਾਗ ਤੋਂ ਉਤਪੰਨ ਹੁੰਦੀ ਹੈ। ਦਿਮਾਗ ਆਲੋਚਨਾ ਕਰੇਗਾ ਕਿ ਇਹ ਗੱਲ ਕਿਵੇਂ ਹੋ ਸਕਦੀ ਹੈ? ਜਨਮੇਜਾ ਕਥਾ ਸੁਣ ਰਿਹਾ ਹੈ, ਕੋਹੜ ਠੀਕ ਹੋ ਰਿਹਾ ਹੈ, ਫੇਰ ਮਨ ਮਨ 'ਚ ਤਰਕ ਆ ਗਈ। ਸਮਝਾ ਵੀ ਦਿਤਾ ਸੀ ਪਹਿਲਾਂ ਬਹੁਤ ਕਿ ਤਰਕ ਨਾ ਕਰੀਂ। ਪਤਾ ਵੀ ਹੈ ਕਿ ਇਸ ਗੱਲ ਦਾ ਮੈਨੂੰ ਨੁਕਸਾਨ ਹੋਣੈ -

*ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥*
*ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥*

*ਅੰਗ- ੧੩੭੬*

ਸਭ ਕੁਝ ਜਾਣਦਾ ਹੈ। ਪਰ ਕਰਦਾ ਵੀ ਜਾਣ-ਜਾਣ ਕੇ ਹੈ। ਕਿਉਂਕਿ ਵਿਸ਼ਵਾਸ਼ ਦੀ ਘਾਟ ਹੈ ਅੰਦਰ। ਜਦੋਂ ਦਿਲ ਤੋਂ ਪਿਆਰ ਹੁੰਦਾ ਹੈ, ਦਿਲ ਵਿਚ ਸ਼ਰਧਾ ਆਉਂਦੀ ਹੈ। ਜਿਵੇਂ ਭਗਤ ਹਨ ਉਹਨਾਂ ਨੇ ਦਿਲ ਤੋਂ ਪਿਆਰ ਕੀਤਾ। ਪ੍ਰੇਮਾ ਸਹਿਤ ਭਗਤੀ ਨੂੰ ਫਲ ਲਗਦੈ। ਇਕੱਲਾ ਗਿਆਨ, ਉਸ ਨੂੰ ਤਾਂ ਮਾਇਆ ਮੋਹ ਲੈਂਦੀ ਹੈ। ਮਾਇਆ ਨਾਮ ਭੁੱਲ ਦਾ ਹੈ -

*ਏਹ ਮਾਇਆ ਜਿਤੁ ਹਰਿ ਵਿਸਰੈ*
*ਮੋਹੁ ਉਪਜੈ ਭਾਉ ਦੂਜਾ ਲਾਇਆ ॥   ਅੰਗ - ੯੨੧*

ਪਰ ਹੁਣ ਜਿਵੇਂ ਭਗਤੀ ਹੈ ਇਹਨੂੰ ਮਾਇਆ ਮੋਹ ਨਹੀਂ ਸਕਦੀ। ਭਗਤੀ ਸਹਿਤ ਜੇ ਗਿਆਨ ਨਹੀਂ ਤਾਂ ਆਪਣੇ ਆਪ ਨੂੰ ਅਹੰ ਬ੍ਰਹਮਅਸਵੀ ਕਹਿੰਦਾ ਹੈ ਕਿ ਮੈਂ ਹੀ ਬ੍ਰਹਮ ਹਾਂ। ਪਰ ਇਥੇ ਇਸ ਤਰ੍ਹਾਂ ਨਹੀਂ। ਵੇਦਾਂਤ 99% ਗੁਰਬਾਣੀ ਦੇ ਨਾਲ ਮੇਲ ਖਾਂਦਾ ਹੈ। 1% 'ਤੇ ਇਹ ਵੱਖਰਾ ਹੋ ਗਿਆ ਫਰਕ ਪੈ ਗਿਆ। ਮਹਾਂਪੁਰਸ਼ ਰਤਵਾੜਾ ਸਾਹਿਬ ਸਮਾਗਮ ਕਰਦੇ, ਵਿਸ਼ੇ ਦਿੰਦੇ ਕਿ ਇਸ ਦੇ ਉਤੇ ਬੋਲੋ। ਜਿਹੜੇ ਵੇਦਾਂਤੀ ਆਉਂਦੇ ਉਹਨਾਂ ਨੂੰ ਇਹ ਵਿਸ਼ਾ ਦਿਤਾ ਕਿ ਮਾਇਆ ਦੇ ਉਤੇ ਬੋਲਣਾ ਹੈ। ਵੇਦਾਂਤ ਇਹ ਗੱਲ ਕਹਿੰਦਾ ਹੈ ਕਿ ਮਾਇਆ ਅਨਾਦੀ

*(ਬਾਕੀ ਪੰਨਾ 52 'ਤੇ)*

# ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ

*ਡਾ. ਜਗਜੀਤ ਸਿੰਘ*
*ਚੀਫ ਐਡੀਟਰ, ਆਤਮ ਮਾਰਗ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-38)*

ਜੋਤਿ ਜਨਮ ਮਰਨ ਵਿਚ ਨਹੀਂ ਆਉਂਦੀ। ਸ੍ਰੀ ਗੁਰੂ ਨਾਨਕ ਦੇਵ ਜੀ ਰਾਹੀਂ ਪ੍ਰਮੇਸ਼ਵਰ ਦੀ ਜੋਤਿ ਸੰਸਾਰ ਤੇ ਪ੍ਰਗਟ ਹੋਈ। ਏਸੇ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ, ***"ਮਾਨੁਖ ਕਾ ਕਰਿ ਰੂਪੁ ਨ ਜਾਨੁ ॥ (ਅੰਗ-895)*** ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਜੋਤਿ ਭਾਈ ਲਹਿਣੇ ਵਿਚ ਧਰ ਕੇ ਉਨ੍ਹਾਂ ਨੂੰ ਸ੍ਰੀ ਗੁਰੂ ਅੰਗਦ ਪ੍ਰਗਟ ਕਰ ਦਿਤਾ ਅਤੇ ਇੰਜ ਹੀ ਜੋਤਿ ਤੋਂ ਜੋਤਿ ਪ੍ਰਕਾਸ਼ਮਾਨ ਹੁੰਦੀ ਰਹੀ-

*ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ ॥*
*ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥*
*ਅੰਗ - ੧੪੦੮*

*ਰਾਮਦਾਸਿ ਗੁਰੂ ਜਗ ਤਾਰਨ ਕਉ*
*ਗੁਰ ਜੋਤਿ ਅਰਜੁਨ ਮਾਹਿ ਧਰੀ ॥ ਅੰਗ - ੧੪੦੯*

ਇਹ ਆਤਮਕ ਵਿਰਸਾ, ਇਕ ਜੋਤਿ ਨੇ ਦੂਜੀ ਨੂੰ ਦਿਤਾ। ਸ੍ਰੀ ਗੁਰੂ ਅਰਜਨ ਦੇਵ ਜੀ ਜੋਤਿ ਰੂਪ ਵਿਚ ਤੱਤੀ ਲੋਹ ਅਤੇ ਉਬਲਦੀ ਦੇਗ ਦੇ ਕਲੇਸ਼ਾਂ ਤੋਂ ਬਹੁਤ ਉੱਚੇ ਸਨ। ਸਰੀਰ ਜ਼ਰੂਰ ਨਿਰਬਲ ਤੇ ਛਾਲੇ ਛਾਲੇ ਹੋ ਗਿਆ ਪਰ ਆਪ ਸਰੀਰ ਤਾਂ ਨਹੀਂ ਸਨ। ਸਰੀਰ ਤਾਂ ਇਕ ਵਾਹਨ ਸੀ। ਇਹੋ ਗੱਲ ਗੁਰਸਿੱਖਾਂ ਨੂੰ ਪ੍ਰਗਟ ਕਰਨ ਲਈ ਆਪ ਨੇ ਸ਼ਹੀਦੀ ਪ੍ਰਵਾਨ ਕੀਤੀ। ਸਤਿਗੁਰੂ ਸਿੱਖਾਂ ਵਿਚ ਆਤਮਿਕ ਪਰਿਵਰਤਨ ਲਿਆ ਰਹੇ ਸੀ। ਇਹੋ ਜੀ 'ਜੀਅ-ਦਾਨ' ਹੈ ਜਿਸ ਨਾਲ ਜਿਉਣ ਦੀ ਜਾਚ ਆਉਂਦੀ ਹੈ, ਜਿਸ ਨਾਲ ਮਰਨ ਦੀ ਜਾਚ ਆਉਂਦੀ ਹੈ -

*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥ ਅੰਗ - ੭੪੯*

ਇਸ ਸ਼ਹਾਦਤ ਵਿਚ ਬਾਦਸ਼ਾਹ ਜਹਾਂਗੀਰ ਦਾ ਕਿੰਨਾ ਹੱਥ ਹੈ ਅਤੇ ਹੋਰ ਸ਼ੇਖਾਂ ਮੁਲਾਣਿਆਂ ਅਤੇ ਇਸਲਾਮ ਦੇ ਠੇਕੇਦਾਰਾਂ ਅਤੇ ਚੰਦੂ ਵਰਗੇ ਈਰਖਾਲੂਆਂ ਦਾ ਕੀ ਰੋਲ ਹੈ, ਇਸ ਬਾਰੇ ਕੁਝ ਚਰਚਾ ਅਸੀਂ ਅੱਗੇ ਚਲ ਕੇ ਕਰਾਂਗੇ ਪਰ ਤੁਜ਼ਕੇ-ਜਹਾਂਗੀਰੀ ਵਿਚ ਝੂਠ ਜਾਂ ਕੁਫਰ ਦਾ ਘਰ ਕਿਹਾ ਹੈ, ਉਹ ਦਰਅਸਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੱਚ ਦਾ ਘਰ ਹੈ, ਨਾਮ ਦਾ ਘਰ (ਨਾਨਕ ਕੇ ਘਰੁ ਕੇਵਲ ਨਾਮ) ਸ਼ਾਂਤੀ ਦਾ ਘਰ, ਏਕਤਾ, ਪਿਆਰ, ਸਾਂਝੀਵਾਲਤਾ, ਸੰਗਤ, ਪੰਗਤ ਦਾ ਘਰ ਹੈ ਜਿਥੇ ਕੋਈ ਵੈਰ ਨਹੀਂ, ਜ਼ਾਤ ਪਾਤ ਨਹੀਂ, ਵਿਤਕਰੇ ਨਹੀਂ, ਊਚ ਨੀਚ ਨਹੀਂ, ਅਮੀਰੀ ਗਰੀਬੀ ਦਾ ਪਾੜਾ ਨਹੀਂ, ਫੋਕੇ ਕਰਮ ਕਾਂਡ, ਵਹਿਮ ਅਤੇ ਪਾਖੰਡ ਨਹੀਂ, ਨਾ ਹੀ ਤੀਰਥਾਂ ਦੇ ਭਰਮਣ ਹਨ, ਨਾ ਹੀ ਝੂਠੇ ਵਿਖਾਵੇ ਦੇ ਵਰਤ ਅਤੇ ਸੂਤਕ ਪਾਤਕ ਹਨ। ਨਾ ਕੋਈ ਵਰਣ ਵੰਡ ਹੈ, ਨਾ ਜਾਤੀ ਵੰਡ। ਇਕੋ ਮਨੁੱਖ ਹੀ ਬ੍ਰਾਹਮਣ, ਖਤਰੀ, ਸ਼ੂਦਰ, ਵੈਸ਼, ਸਭ ਕੰਮਾਂ ਵਿਚ ਸਾਂਝੀਵਾਲ ਬਣ ਗਿਆ। ਸਭ ਕਿਰਤੀ ਹਨ, ਕੋਈ ਵਿਹਲੜ ਦੂਜਿਆਂ ਤੇ ਭਾਰੂ ਨਹੀਂ। ਸਭ ਦੇ ਬੰਧਨ ਕੱਟੇ ਗਏ, ਗੁਰੂ ਜੀ ਨੇ ਸਭ ਦੀ ਬੰਧਨਾਂ ਤੋਂ ਖਲਾਸੀ ਕਰ ਦਿਤੀ। ਐਸੀ ਸੱਚ ਦੀ ਕਰਾਮਾਤ ਵਾਪਰੀ - ਸ੍ਰੀ ਗੁਰੂ ਨਾਨਕ ਘਰ ਵਿਚ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਭਨਾਂ ਨੂੰ ਇਕ ਵਾਹਿਗੁਰੂ ਨਾਲ ਜੋੜਿਆ ਜਿਸ ਦਾ ਸਰੂਪ ਮੂਲਮੰਤਰ ਵਿਚ ਦਸਿਆ, ੧ਓ........ਗੁਰਪ੍ਰਸਾਦਿ।' ਇਹ ਪਾਰਬ੍ਰਹਮ ਪ੍ਰਮੇਸ਼ਰ ਦਾ ਸਰੂਪ ਹੈ। ਇਸ ਤੋਂ ਹੀ ਸਾਰੇ ਬ੍ਰਹਿਮੰਡ ਦੀ ਸਿਰਜਨਾ ਹੋਈ। ਇਹ ਸਿਰਜਣਾ ਵੀ ਉਸ ਦੇ ਆਪ ਤੋਂ ਹੈ, ਇਸ ਲਈ ਸਰਬ ਪਸਾਰੇ ਵਿਚ ਉਹ ਆਪ ਹੀ ਆਪ ਵਿਆਪਕ ਹੈ। ਉਸ ਤੋਂ ਬਿਨਾਂ ਹੋਰ ਕੋਈ ਹੋਂਦ ਨਹੀਂ। ਨਾਲ ਹੀ ਗੁਰੂ ਜੀ ਦਾ ਪਹਿਲਾ ਉਪਦੇਸ਼ ਸੀ 'ਨਾ ਕੋ ਹਿੰਦੂ ਨਾ ਮੁਸਲਮਾਨ।' ਨਾ ਹਿੰਦੂਆਂ ਦੇ ਕਹਿਣ ਅਨੁਸਾਰ ਮੁਸਲਮਾਨ ਮਲੇਛ ਹਨ, ਨਾ ਮੁਸਲਮਾਨਾਂ ਦੇ ਕਹਿਣ ਅਨੁਸਾਰ ਹਿੰਦੂ ਕਾਫਰ ਹਨ। ਸਭ ਵਿਚ ਵਾਹਿਗੁਰੂ ਜੀ ਦੀ ਜੋਤਿ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਰਮ ਸਰਬ-ਸਾਂਝੀਵਾਲਤਾ ਦਾ ਧਰਮ ਹੈ, ਸਾਰੇ ਵਿਸ਼ਵ ਦੀ ਮਨੁੱਖਾ ਦਾ ਧਰਮ ਹੈ। ਪੀੜਤ ਹਿੰਦੂ ਜਾਤੀ ਨੂੰ ਇਸ ਵਿਚ ਢਾਰਸ ਮਿਲਿਆ ਕਿਉਂਕਿ ਇਸ ਦੇ ਸੰਚਾਲਕ ਸ੍ਰੀ ਗੁਰੂ ਨਾਨਕ ਦੇਵ ਜੀ ਸਮਾਜ-ਤਿਆਗੀ ਵਿਰੱਕਤ ਸਾਧੂ ਨਹੀਂ ਸਨ, ਸਗੋਂ ਇਕ ਗ੍ਰਹਿਸਤੀ, ਕਿਰਤੀ, ਸਮਾਜ ਦੇ ਦੁਖ ਸੁਖ ਦੇ ਭਾਈਵਾਲ ਗੁਰੂ-ਸੰਤ ਸਨ ਜਿਨ੍ਹਾਂ ਨੀਵੇਂ ਲੋਕਾਂ ਨੂੰ, ਅਪਰਾਧੀਆਂ, ਠੱਗਾਂ, ਚੋਰਾਂ, ਡਾਕੂਆਂ ਨੂੰ ਗਲ ਲਾਇਆ ਅਤੇ ਉਨ੍ਹਾਂ ਨੂੰ ਨੇਕ-ਇਨਸਾਨ ਬਣਾ ਕੇ ਸਮਾਜ ਦੀ ਸੇਵਾ ਵਿਚ ਲਾ ਦਿਤਾ। ਮਨੁੱਖਤਾ ਦੇ

ਉਧਾਰ ਲਈ ਉਨ੍ਹਾਂ ਨੇ ਚਾਰ ਲੰਮੀਆਂ ਉਦਾਸੀਆਂ ਕੀਤੀਆਂ, ਜਿਨ੍ਹਾਂ ਦੌਰਾਨ ਉਹ ਹਰੇਕ ਫਿਰਕੇ ਦੇ ਆਗੂਆਂ ਨੂੰ ਮਿਲੇ, ਆਮ ਲੋਕਾਂ ਨਾਲ ਵੀ ਸੰਵਾਦ ਕੀਤਾ ਅਤੇ ਸਭ ਨੂੰ ਗੁਰ-ਸ਼ਬਦ ਦੇ ਲੜ ਲਾਇਆ। ਗੁਰੂ ਜੀ ਦੇ ਇਨ੍ਹਾਂ ਉਪਦੇਸ਼ਾਂ ਨੇ ਦੱਬੀ ਕੁਚਲੀ ਜਨਤਾ ਵਿਚ ਨਵਾਂ-ਸਾਹਸ, ਨਵਾਂ-ਮਨੋਬਲ ਭਰ ਦਿਤਾ। ਉਨ੍ਹਾਂ ਨੇ ਬ੍ਰਾਹਮਣਾਂ ਅਤੇ ਕਾਜ਼ੀਆਂ ਦੀ ਨੀਵੀਂ ਕਰਤੂਤ ਉਜਾਗਰ ਕਰ ਕੇ ਲੋਕਾਂ ਦੇ ਮਨਾਂ ਤੋਂ ਇਨ੍ਹਾਂ ਦਾ ਭੈ ਦੂਰ ਕਰ ਦਿਤਾ। ਲੋਕ-ਬੋਲੀ ਵਿਚ ਬਾਣੀ ਰਚ ਕੇ ਆਮ ਮਨੁੱਖ ਨੂੰ, ਨੀਵੀਆਂ ਅਤੇ ਉਚਿਆਂ ਨੂੰ ਸਭ ਨੂੰ ਭਗਤੀ ਕਰਨ, ਨਾਮ ਜਪਣ, ਬਾਣੀ ਪੜ੍ਹਨ ਲਈ ਉਤਸ਼ਾਹ ਦਿਤਾ। ਇਸ ਤਰ੍ਹਾਂ ਕੱਥਤ ਨੀਵੀਂ ਜਾਤੀ ਦੇ ਹਿੰਦੂਆਂ ਨੂੰ, ਜਿਨ੍ਹਾਂ ਨੂੰ ਵੇਦ ਗ੍ਰੰਥ ਪੜ੍ਹਨ ਸੁਣਨ ਦੀ ਆਗਿਆ ਨਹੀਂ ਸੀ, ਉਨ੍ਹਾਂ ਨੂੰ ਗੁਰਬਾਣੀ ਨਾਲ ਜੋੜ ਦਿਤਾ। ਇੰਜ ਹੀ ਆਪ ਮੁਸਲਮਾਨਾਂ ਦੇ ਪੀਰ ਵਜੋਂ ਸਤਿਕਾਰੇ ਗਏ। ਗੁਰੂ ਜੀ ਦੇ ਸਰਵ-ਪੱਖੀ ਮਨੁੱਖੀ ਉਧਾਰ ਵਿਚ ਰਾਜਸੀ ਅਨਿਆਂ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਗਿਆ ਸਗੋਂ ਬਾਬਰ ਦੀ ਫੌਜ ਨੂੰ 'ਪਾਪ ਦੀ ਜੰਞ' ਕਿਹਾ। ਅਨਿਆਂ ਅਤੇ ਜ਼ਾਲਮ ਸ਼ਾਸਕਾਂ ਨੂਮ 'ਰਾਜੇ ਸ਼ੀਂਹ ਮੁਕਦਮ ਕੁੱਤੇ' ਕਹਿ ਕੇ ਦੁਰਕਾਰਿਆ। ਨੇਕ ਇਨਸਾਨਾਂ, ਸ਼ਾਸਕਾਂ ਅਤੇ ਹੁਕਮਰਾਨਾਂ ਦੀ ਪ੍ਰਸੰਸਾ ਕੀਤੀ। ਐਸਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ 'ਸੱਚ ਦਾ ਘਰ' ਜਿਸ ਵਿਚ ਸਾਰੀ ਮਨੁੱਖਤਾ ਇਕ ਸਾਂਝੀ ਸੰਗਤ ਵਿਚ ਬੈਠ ਕੇ ਪ੍ਰਭੂ ਨਾਮ ਜਪਦੀ ਅਤੇ ਸਾਂਝੀ ਪੰਗਤ ਵਿਚ ਬੈਠ ਕੇ ਲੰਗਰ ਛਕਦੀ। ਗੁਰੂ ਘਰ ਨਾਲ ਜੁੜਿਆ ਹਰੇਕ ਪ੍ਰਾਣੀ ਸੁੱਚੀ ਕਿਰਤ ਕਰਦਾ ਅਤੇ ਦਸਵੰਧ ਰਾਹੀਂ ਲੋੜਵੰਦਾਂ ਦੀ ਸਹਾਇਤਾ ਕਰਦਾ। ਗੁਰੂ ਜੀ ਨੇ ਸਭ ਵਰਣਾਂ ਅਤੇ ਸਭ ਜਾਤੀਆਂ ਦੇ ਲੋਕਾਂ ਨੂੰ ਨਾਥਾਂ, ਜੈਨੀਆਂ, ਮੌਲਵੀਆਂ, ਕਾਜ਼ੀਆਂ ਦੇ ਸੰਕੀਰਣ ਬੰਧਨਾਂ ਵਿਚੋਂ ਨਿਕਲ ਕੇ ਧਰਮ ਦੇ ਤੱਤ ਦੀ ਪਛਾਣ ਵਲ ਪ੍ਰੇਰਿਆ, ਤਾਂ ਕਿ ਉਹ ਆਪਣੀ ਵੈਰ-ਵਿਰੋਧ ਤੋਂ ਨਿਕਲ ਕੇ ਇਕ ਪਰਮਾਤਮਾ ਦੇ ਪਿਆਰ ਵਿਚ ਜੁੜ ਸਕਣ ਅਤੇ ਲੋਕ-ਭਲਾਈ ਦੇ ਕੰਮ ਕਰ ਸਕਣ।

ਐਸੇ ਨਿਰਮਲ ਪੰਥ ਵਿਚ ਵਿਚਰਨ ਵਾਲਿਆਂ ਨੂੰ ਸੱਚਾ ਜੀਵਨ ਜੀਉਣ ਦੀ ਜਾਚ ਦੱਸੀ ਅਤੇ ਰਨ ਦਾ ਵਲ ਸਿਖਾਇਆ। ਇਹ 'ਆਤਮ ਮਾਰਗ' ਸੀ ਜਿਸ ਤੇ ਚਲਣ ਵਾਲਾ ਹਉਂ-ਰਹਿਤ ਹੋ ਕੇ ਰਨ ਲਈ ਸਦਾ ਤੱਤਪਰ ਰਹਿੰਦਾ ਹੈ -

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥* *ਅੰਗ - ੧੪੧੨*

ਗੁਰੂ ਦਾ ਸਿੱਖ ਸੱਚੇ ਕਿਰਦਾਰ ਵਾਲਾ ਮਨੁੱਖ ਸੀ। ਸਤਿ, ਸੰਤੋਖ, ਵਿਚਾਰ, ਦਇਆ, ਧਰਮ, ਦਾਨ, ਸਿਦਕ, ਸਬਰ, ਸੰਜ, ਖਿਮਾ, ਗਰੀਬੀ, ਸੇਵਾ, ਪ੍ਰੇਮ, ਗਿਆਨ ਅਤੇ ਕਿਰਤ ਉਸ ਦੇ ਸੱਚੇ ਗਹਿਣੇ ਸਨ। ਗੁਰੂ ਜੀ ਨੇ ਕਰਤਾਰਪੁਰ ਰਹਿ ਕੇ ਇਨ੍ਹਾਂ ਗੁਣਾਂ ਨੂੰ ਸੰਗਤ ਤੇ ਪੰਗਤ ਵਿਚ ਪਰਪੱਕ ਕੀਤਾ। ਇਨ੍ਹਾਂ ਦੇ ਪ੍ਰਚਾਰ ਅਤੇ ਪਾਸਾਰ ਲਈ ਦਸ ਜਾਮਿਆਂ ਵਿਚ ਵਿਚਰੇ ਅਤੇ ਖਾਲਸੇ ਦੀ ਸਿਰਜਨਾਂ ਵਿਚ ਇਸ ਦੀ ਸੰਪੰਨਤਾ ਹੋਈ।

ਦੂਜੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਮਿਸ਼ਨ ਨੂੰ ਪੂਰੀ ਤਨਦੇਹੀ ਨਾਲ ਪ੍ਰਫੁੱਲਤ ਕਰਨ ਲਈ ਸੰਗਤਾਂ ਦਾ ਸੰਗਠਨ ਕੀਤਾ। ਗੁਰੂ ਬਾਣੀ ਦੇ ਪਾਸਾਰ ਲਈ ਗੁਰਮੁਖੀ ਅੱਖਰਾਂ ਦਾ ਪ੍ਰਚਾਰ ਕੀਤਾ, ਜਨਮ ਸਾਖੀਆਂ ਲਿਖਵਾਈਆਂ। ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਨਿਰਮਲ ਪੰਥ ਮਰਿਆਦਾ ਨਿਭਾਉਂਦਿਆਂ ਬਹੁਤ ਸਾਰੇ ਅਜਿਹੇ ਸਮਾਜਿਕ ਸੁਧਾਰ ਕੀਤੇ ਜਿਨ੍ਹਾਂ ਬਾਰੇ ਭਾਰਤੀ ਲੋਕ ਸੋਚ ਵੀ ਨਹੀਂ ਸੀ ਸਕਦੇ। ਜਨਮ ਮਰਣ ਅਤੇ ਵਿਆਹ ਇਤਿਆਦਿ ਬਹੁਤ ਸਾਰੀਆਂ ਰਸਮਾਂ ਨੂੰ ਬ੍ਰਹਮਣਾਂ ਦੇ ਬਿਖੜੇ ਝਮੇਲਿਆਂ ਤੋਂ ਮੁਕਤ ਕਰ ਕੇ ਸਾਧਾਰਣ ਗੁਰ ਮਰਿਆਦਾ ਕਾਇਮ ਕੀਤੀ। ਸਤੀ ਦੀ ਰਸਮ ਖਤਮ ਕਰ ਕੇ ਵਿਧਵਾ ਦੇ ਪੁਨਰ ਵਿਆਹ ਦੀ ਆਗਿਆ ਦਿਤੀ, ਪੜਦੇ ਦੀ ਰਸਮ ਨੂੰ ਦੂਰ ਕੀਤਾ, ਇਸਤ੍ਰੀਆਂ ਨੂੰ ਸ੍ਵੈਮਾਨ ਦਾ, ਬਰਾਬਰੀ ਦਾ ਦਰਜਾ ਦਿਤਾ। ਗੁਰੂ ਜੀ ਦੀ ਵਧ ਰਹੀ ਸ਼ੁਹਰਤ ਨੂੰ ਕੁਝ ਉਚ ਕੁਲ ਬ੍ਰਾਹਮਣਾਂ ਨੇ ਬਰਦਾਸ਼ਤ ਨਾ ਕਰਦੇ ਹੋਏ ਅਕਬਰ ਪਾਸ ਇਸ ਦੀ ਸ਼ਿਕਾਇਤ ਕੀਤੀ ਕਿ ਗੋਇੰਦਵਾਲ ਵਾਸੀ ਗੁਰੂ ਅਮਰਦਾਸ ਜੀ ਨੇ ਸਾਰੀਆਂ ਪੁਰਾਤਨ ਧਾਰਮਿਕ ਰਹੁ ਰੀਤੀਆਂ ਤਿਆਗ ਦਿਤੀਆਂ ਹਨ, ਚਾਰ ਵਰਣ ਖਤਮ ਕਰ ਦਿਤੇ ਹਨ, ਕੋਈ ਸੰਧਿਆ ਨਹੀਂ, ਗਾਇਤ੍ਰੀ ਨਹੀਂ, ਪਿਤਰ ਪੂਜਾ ਨਹੀਂ, ਤੀਰਥ ਯਾਤਰਾ ਨਹੀਂ, ਮੂਰਤੀ ਪੂਜਾ, ਸਾਲਿਗਰਾਮ ਦੀ ਪੂਜਾ, ਸਭ ਕੁਝ ਬੰਦ ਕਰ ਦਿਤਾ ਹੈ। ਵੇਦਾਂ, ਸਿਮ੍ਰਿਤੀਆਂ ਦੀ ਥਾਂ ਗੁਰਬਾਣੀ ਅਤੇ ਵਾਹਿਗੁਰੂ ਨਾਮ ਦਾ ਜਾਪ ਹੁੰਦਾ ਹੈ। ਊਚ ਨੀਚ ਜਾਤ ਪਾਤ ਦਾ ਧਿਆਨ ਨਹੀਂ ਰੱਖਿਆ ਜਾਂਦਾ, ਸਭ ਨੂੰ ਇਕੋ ਪੰਗਤ ਵਿਚ ਬਿਠਾ ਕੇ ਭੋਜਨ ਖਵਾਇਆ ਜਾਂਦਾ ਹੈ ਭਾਵੇਂ

ਕੋਈ ਜੱਟ ਹੋਵੇ, ਜਾਂ ਮਰਾਸੀ, ਮੁਸਲਮਾਨ ਹੋਵੇ ਜਾਂ ਬ੍ਰਾਹਮਣ, ਖੱਤਰੀ ਹੋਵੇ ਜਾਂ ਬਾਣੀਆਂ, ਚੂਹੜਾ, ਨਾਈ, ਧੋਬੀ, ਮਾਛੀ, ਤਰਖਾਣ ਸਭ ਬਰਾਬਰ ਇਕ ਪੰਗਤ ਵਿਚ ਬੈਠਦੇ ਹਨ, ਕੋਈ ਵਰਣ ਨਹੀਂ, ਕੋਈ ਆਸ਼ਰਮ ਨਹੀਂ। ਇਸ ਦਾ ਤੁਰੰਤ ਇਲਾਜ ਹੋਣਾ ਚਾਹੀਦਾ ਹੈ, ਨਹੀਂ ਤਾਂ ਬਾਅਦ ਵਿਚ ਇਹ ਧਰਮ ਬਹੁਤ ਵੱਡੀ ਪਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ।

ਅਕਬਰ ਪਾਸ ਇਹ ਸ਼ਿਕਾਇਤ 1566-67 ਵਿਚ ਜਦੋਂ ਉਹ ਲਾਹੌਰ ਵਿਚ ਸੀ, ਕੀਤੀ ਗਈ। ਸੂਝਵਾਨ ਫਰਾਖਦਿਲ ਅਕਬਰ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਨੂੰ ਮਿਲ ਕੇ ਬਹੁਤ ਖੁਸ਼ ਹੋਇਆ ਅਤੇ ਉਸ ਨੇ ਗੁਰੂ ਜੀ ਦੇ ਮਾਨਵਵਾਦੀ ਮਿਸ਼ਨ ਦੀ ਪ੍ਰਸੰਸਾ ਕੀਤੀ ਅਤੇ ਸ਼ਿਕਾਇਤੀਆਂ ਦੀ ਤਾੜਨਾ ਕੀਤੀ। ਬਾਅਦ ਵਿਚ 1571 ਵਿਚ ਅਕਬਰ ਖੁਦ ਗੋਇੰਦਵਾਲ ਗੁਰੂ ਜੀ ਦੇ ਦਰਸ਼ਨ ਕਰਨ ਆਇਆ, ਲੰਗਰ ਵਿਚ ਪ੍ਰਸ਼ਾਦਾ ਛਕਿਆ ਅਤੇ ਲਗਾਨ ਦਾ ਕੁਝ ਹਿੱਸਾ ਮਾਫ਼ ਕਰਨ ਦਾ ਐਲਾਨ ਕੀਤਾ।

ਸ੍ਰੀ ਗੁਰੂ ਨਾਨਕ ਮਿਸ਼ਨ ਦੇ ਪ੍ਰਚਾਰ ਲਈ ਗੁਰੂ ਜੀ ਨੇ 22 ਮੰਜੀਆਂ ਸਥਾਪਤ ਕੀਤੀਆਂ, ਇਨ੍ਹਾਂ ਵਿਚੋਂ ਇਕ ਮੰਜੀ ਤੇ ਇਕ ਮੁਸਲਮਾਨ ਭਾਈ ਅਲਾਯਾਰ ਨੂੰ ਸਥਾਪਿਤ ਕੀਤਾ। ਕੁਝ ਬੀਬੀਆਂ ਨੂੰ ਵੀ ਇਹ ਜ਼ਿੰਮੇਵਾਰੀ ਸੌਂਪੀ ਗਈ। ਗੁਰੂ ਜੀ ਨੇ ਸੰਗਤਾਂ ਦੇ ਸਮੂਹਿਕ ਇਕੱਠਾਂ ਲਈ ਦੀਵਾਲੀ ਅਤੇ ਵਿਸਾਖੀ ਦੇ ਵਿਸ਼ੇਸ਼ ਦਿਨ ਨਿਸ਼ਚਿਤ ਕੀਤੇ। ਸੰਗਤਾਂ ਦੀ ਲੋੜ ਮੁਖ ਰਖਦਿਆਂ ਗੋਬਿੰਦਵਾਲ ਸਾਹਿਬ ਬਾਉਲੀ ਸਾਹਿਬ ਕਾਇਮ ਕੀਤੀ ਜਿਥੇ 84 ਪਉੜੀਆਂ ਤੇ ਪਾਠ ਜਾਪ ਰਾਹੀਂ 84 ਕੱਟ ਜਾਣ ਦਾ ਸੰਕੇਤ ਦਿਤਾ। ਸਮੂੰਹ ਸੰਗਤ ਦੇ ਇਕੋ ਬਉਲੀ ਵਿਚ ਇਸ਼ਨਾਨ ਨਾਲ ਲੋਕਾਂ ਵਿਚ ਏਕਤਾ ਅਤੇ ਨੇੜਤਾ ਆਈ ਅਤੇ ਭਰਾਤਰੀ ਭਾਵ ਪੈਦਾ ਹੋਏ।

ਗੁਰੂ ਜੀ ਨੇ ਬਾਣੀ ਦੀ ਸੰਭਾਲ ਕੀਤੀ, ਭਗਤ ਬਾਣੀ ਵੀ ਇਕੱਠੀ ਕੀਤੀ ਅਤੇ ਪੋਥੀਆਂ ਤਿਆਰ ਕਰਵਾਈਆਂ। ਗੁਰੂ ਜੀ ਨੇ ਨਸ਼ਾਬੰਦੀ ਦਾ ਪ੍ਰਚਾਰ ਕੀਤਾ ਅਤੇ ਗੁਰਸਿੱਖਾਂ ਦੀ ਆਰਥਿਕ ਉਨਤੀ ਲਈ ਚੰਗੇ ਕਿੱਤੇ ਅਪਨਾਉਣ ਅਤੇ ਵਿਉਪਾਰ ਕਰਨ ਲਈ ਉਤਸ਼ਾਹਤ ਕੀਤਾ। ਸਾਰੇ ਗੁਰਸਿੱਖਾਂ ਨੂੰ ਜਿਨ੍ਹਾਂ ਵਿਚ ਵਧੇਰੇ ਕਰਕੇ ਕਮਜ਼ੋਰ ਵਰਗਾਂ ਦੇ ਲੋਕ ਸ਼ਾਮਲ ਸਨ, ਭਾਈ ਰੇ ਕਹਿ ਕੇ ਸੰਬੋਧਨ ਕੀਤਾ ਅਤੇ ਇਸ ਤਰ੍ਹਾਂ ਗੁਰੂ-ਪਿਆਰ ਰਾਹੀਂ ਉਨ੍ਹਾਂ ਦਾ ਮਨੋਬਲ ਉੱਚਾ ਕੀਤਾ। ਗੁਰੂ ਘਰ ਨਾਲ ਜੁੜੇ ਸਭ ਪ੍ਰਾਣੀਆਂ ਅੰਦਰੋਂ ਹੀਣਤਾ ਅਤੇ ਡਰ ਦੀਆਂ ਭਾਵਨਾਵਾਂ ਖਤਮ ਕਰਕੇ ਉਨ੍ਹਾਂ ਨੂ ਸੱਚੀ ਪਾਤਸ਼ਾਹੀ ਦੇ ਸਾਂਝੀਵਾਲ ਬਣਾਇਆ। ਇਸ ਤਰ੍ਹਾਂ ਬੰਧਨਾਂ ਤੋਂ ਮੁਕਤ, ਚੜ੍ਹਦੀ ਕਲਾ ਦੇ ਸੰਕਲਪ ਵਿਚ ਵਿਚਰਦੀ ਸਿੱਖ ਸੰਗਤ ਸੰਗਠਤ ਹੋਣ ਲੱਗੀ।

ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖ ਲਹਿਰ ਨੂੰ ਹਰ ਪੱਖੋਂ ਮਜ਼ਬੂਤ ਕੀਤਾ। ਸਿੱਖ ਜੀਵਨ ਨੂੰ ਨਵੇਂ ਨਰੋਏ ਅਤੇ ਨਿਰਮਲ ਸੰਕਲਪ ਦਿਤੇ। ਸਿੱਖ ਦੀ ਪਰਿਭਾਸ਼ਾ ਅਤੇ ਰਹਿਣੀ ਨੂੰ ਦ੍ਰਿੜ੍ਹ ਕੀਤਾ, ਸਿੱਖ ਤੇ ਗੁਰੂ ਦੇ ਸਬੰਧ ਨੂੰ ਸਪੱਸ਼ਟ ਸ਼ਬਦਾਂ ਵਿਚ ਲਿਖਿਆ, ਅਨੰਦ ਕਾਰਜ ਦੀ ਸਿੱਖ ਮਰਿਆਦਾ ਕਾਇਮ ਕੀਤੀ। ਗੁਰਸਿੱਖਾਂ ਨੂੰ ਮਨਮੁਖਾਂ ਅਤੇ ਨਿੰਦਕਾਂ ਤੋਂ ਦੂਰ ਰਹਿਣ ਦਾ ਉਪਦੇਸ਼ ਕੀਤਾ। ਉਨ੍ਹਾਂ ਦੀ ਵਧ ਰਹੀ ਮਾਨਤਾ ਅਤੇ ਲੋਕ-ਸੰਗਠਨ ਤੋਂ ਕੁਝ ਲੋਕ ਔਖੇ ਸਨ ਅਤੇ ਉਹ ਸਮੇਂ-ਸਮੇਂ ਗੁਰੂ ਘਰ ਦੀ ਸ਼ਿਕਾਇਤ ਲੋਕਲ ਦੀਵਾਨ, ਤਲੁਕਦਾਰ, ਖਾਨ ਜਾਂ ਸਿਕਦਾਰ ਪਾਸ ਕਰਦੇ ਰਹਿੰਦੇ ਸਨ ਪਰ ਅਕਬਰ ਦਾ ਗੁਰੂ-ਘਰ ਪ੍ਰਤੀ ਪਿਆਰ ਅਤੇ ਸਤਿਕਾਰ ਕਿਸੇ ਦੀ ਪੇਸ਼ ਨਾ ਜਾਣ ਦਿਦਾ। ਸਿੱਖ ਲਹਿਰ ਦੀ ਮਜ਼ਬੂਤੀ ਲਈ ਸ੍ਰੀ ਗੁਰੂ ਰਾਮਦਾਸ ਜੀ ਨੇ ਕਈ ਵਿਸ਼ੇਸ਼ ਪ੍ਰੋਗਰਾਮ ਉਲੀਕੇ। 1577 ਈ. ਵਿਚ ਬਾਦਸ਼ਾਹ ਅਕਬਰ ਦੀ ਪ੍ਰਵਾਨਗੀ ਨਾਲ, ਪਿੰਡ ਤੁੰਗ ਦੇ ਜ਼ਿੰਮੀਦਾਰ ਨੂੰ 700 ਰੁਪਿਆ ਅਕਬਰੀ ਜ਼ਮੀਨ ਦੀ ਕੀਮਤ ਵਜੋਂ ਦੇ ਕੇ ਚੱਕ ਗੁਰੂ ਜਾਂ ਰਾਮਦਾਸ ਪੁਰ ਦੀ ਨੀਂਹ ਰੱਖੀ ਅਤੇ ਅੰਮ੍ਰਿਤ ਸਰੋਵਰ ਤਿਆਰ ਕਰਵਾਇਆ ਜਿਸ ਦੀ ਉਸਾਰੀ ਵਿਚ ਸਿੱਖ ਸੰਗਤ ਨੇ ਵਧ ਚੜ੍ਹ ਕੇ ਹਿੱਸਾ ਪਾਇਆ। ਗੁਰੂ ਜੀ ਨੇ ਮਸੰਦ ਪ੍ਰਥਾ ਸ਼ੁਰੂ ਕੀਤੀ ਤਾਂਕਿ ਦੂਰ ਦੁਰੇਡੇ ਬੈਠੀਆਂ ਸੰਗਤਾਂ ਗੁਰੂ ਘਰ ਨਾਲ ਨਿਰੰਤਰ ਜੁੜੀਆਂ ਰਹਿਣ। ਸਿੱਖ ਸੰਗਤਾਂ ਨੇ ਚੱਕ ਰਾਮਦਾਸ ਅਤੇ ਅੰਮ੍ਰਿਤ ਸਰੋਵਰ ਦੀ ਉਸਾਰੀ ਲਈ ਤਨ, ਮਨ, ਧਨ ਨਾਲ ਸੇਵਾ ਕੀਤੀ। ਹੁਣ ਤੱਕ ਸਿੱਖ ਲਹਿਰ ਵਿਚ ਹਰ ਸ਼੍ਰੇਣੀ ਦੇ ਲੋਕ ਸ਼ਾਮਲ ਹੋ ਚੁਕੇ ਸਨ, ਅਮੀਰ, ਗਰੀਬ, ਧਨਾਢ ਵਪਾਰੀ ਅਤੇ ਗਰੀਬ ਦੁਕਾਨਦਾਰ, ਛੋਟੇ ਵੱਡੇ ਕਿੱਤੇ ਕਰਨ ਵਾਲੇ ਕਾਰੀਗਰ, ਜ਼ਮੀਨਾਂ ਵਾਹੁੰਣ ਵਾਲੇ ਕਿਸਾਨ, ਕਾਮੇ ਆਦਿ। ਸਾਰੀਆਂ ਜਾਤੀਆਂ ਅਤੇ ਕਾਰੀਗਰ, ਜ਼ਮੀਨਾਂ ਵਾਹੁੰਣ ਵਾਲੇ ਅਤੇ ਸਭ ਵਰਣਾਂ ਦੇ ਲੋਕਾਂ ਨੂੰ ਗੁਰੂ ਘਰ ਨਾਲ ਜੁੜ ਕੇ ਸੁਖ ਸ਼ਾਂਤੀ ਅਤੇ ਅਪਣੱਤ ਦਾ ਅਹਿਸਾ ਹੁੰਦਾ ਸੀ।

**'ਚਲਦਾ............ ।'**

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

**ਸਿਰੀਰਾਗੁ ਮਹਲਾ ੫ ॥**
**ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ**
**ਧਰਿ ਪਾਇਤਾ ਉਦਰੈ ਮਾਹਿ ॥**

ਸਤਿਗੁਰੂ ਸਾਹਿਬ ਜੀ ਫੁਰਮਾਉਂਦੇ ਹਨ ਕਿ ਹੇ ਪ੍ਰਾਣੀ=ਪ੍ਰਾਣਾਧਾਰੀ ਜੀਵ। ਚੰਗੇ ਅਤੇ ਮੰਦੇ ਕਰਮਾਂ ਦਾ ਵਣਜ ਕਰਨ ਵਾਲੇ ਵਣਜਾਰੇ ਅਤੇ ਪਰਮੇਸ਼ਰ ਦੀ ਅੰਸ਼ ਹੋਣ ਕਰਕੇ ਮਿੱਤਰਾ! ਸਰੀਰ ਦੀ ਉਮਰ ਰੂਪ ਰਾਤ ਦੇ ਪਹਿਲੇ ਪਹਰੈ=ਹਿੱਸੇ ਵਿਚ ਤੇਰਾ ਮਾਤਾ ਦੇ ਉਦਰੈ=ਗਰਭ ਵਿਚ ਆਉਣ ਦਾ ਪਾਇਤਾ=ਪੈਂਤੜਾ ਧਰਿ=ਰੱਖ ਦਿਤਾ, ਜੋ ਕਿ ਰਕਤ ਬਿੰਦ ਦਾ ਮਿਲਾਪ ਹੈ।

**ਦਸੀ ਮਾਸੀ ਮਾਨਸੁ ਕੀਆ ਵਣਜਾਰਿਆ ਮਿਤ੍ਰਾ**
**ਕਰਿ ਮੁਹਲਤਿ ਕਰਮ ਕਮਾਹਿ ॥**

ਹੇ ਜੀਵ ਰੂਪ ਵਣਜਾਰੇ ਮਿਤ੍ਰਾ=ਸੱਜਣਾ! ਤੈਨੂੰ ਨੌਂ ਮਹੀਨੇ ਗੁਜ਼ਰ ਜਾਣ ਤੋਂ ਬਾਅਦ, ਦਸੀ=ਦਸਵੇਂ ਮਾਸੀ=ਮਹੀਨੇ ਲੱਗਣ 'ਤੇ ਅਕਾਲ ਪੁਰਖ ਨੇ ਮਾਨਸੁ=ਮਨੁੱਖਾ ਦੇਹ ਵਿਚ ਪੈਦਾ ਕੀਆ=ਕੀਤਾ। ਜੋ ਵੀ ਤੇਰੀ ਕਰਨੀ, ਉਸ ਦੇ ਅਨੁਸਾਰ ਪ੍ਰਾਲਬਧ ਬਣਾਉਣਾ ਕੀਤੀ ਕਿ ਤੂੰ ਇਤਨੇ ਸਾਲ ਜਿਊਣਾ ਹੈ, ਐਸਾ ਪ੍ਰਤਾਪ ਹੋਵੇਗਾ। ਇਤਨੀ ਜਸ ਵਡਿਆਈ ਹੋਵੇਗੀ, ਐਸੀ ਵਿਦਿਆ ਪ੍ਰਾਪਤ ਹੋਵੇਗੀ, ਐਨੀ ਦੌਲਤ, ਇਤਨਾ ਅਪਜਸ ਆਦਿ। ਜਿਹੜੇ ਤੇਰੇ ਕੀਤੇ ਹੋਏ ਕਰਮ ਸਨ, ਉਸ ਦੇ ਅਨੁਸਾਰ ਅਕਾਲ ਪੁਰਖ ਨੇ ਮੁਹਲਤਿ=ਅਰਸਾ ਭਾਵ ਹੱਦ ਬਣਾ ਦਿਤੀ ਕਿ ਐਨੇ ਸਮੇਂ ਵਿਚ ਤੂੰ ਮੈਨੂੰ ਪ੍ਰਾਪਤ ਕਰ ਸਕਦਾ ਹੈਂ। ਨਿਸ਼ਕਾਮ ਕਰਮ ਕਰਕੇ ਤੇਰਾ ਚਿੱਤ ਸ਼ੁੱਧ ਹੋ ਸਕਦਾ ਹੈ ਤੇ ਭਗਤੀ ਕਰਕੇ ਤੂੰ ਮੈਨੂੰ ਮਿਲ ਪਵੇਂਗਾ।

**ਮੁਹਲਤਿ ਕਰਿ ਦੀਨੀ ਕਰਮ ਕਮਾਣੇ**
**ਜੈਸਾ ਲਿਖਤੁ ਧੁਰਿ ਪਾਇਆ ॥**

ਪਿਛਲੇ ਜਨਮ ਦੇ ਕੀਤੇ ਹੋਏ ਕਰਮਾਂ ਦੇ ਅਨੁਸਾਰ ਮੁਹਲਤਿ=ਹੱਦ ਬਣਾਉਣਾ ਕਰ ਦੀਨੀ=ਦਿਤੀ ਹੈ ਕਿ ਇਤਨੇ ਸਾਲ ਤੂੰ ਜੀਵਤ ਰਹੇਂਗਾ ਤੇ ਇਸ ਤੋਂ ਵੱਧ ਜਿਉਂਦਾ ਨਹੀਂ ਰਹਿ ਸਕੇਂਗਾ। ਹੇ ਜੀਵ! ਜੈਸਾ=ਜਿਹੋ ਜਿਹਾ ਤੇਰਾ ਕਰਤਵ ਸੀ, ਉਹੋ ਜਿਹਾ ਧੁਰੋਂ ਹੀ ਅਕਾਲ ਪੁਰਖ ਨੇ ਲੇਖ ਤੇਰੇ ਮੱਥੇ ਉਤੇ ਲਿਖ ਪਾਇਆ=ਪਾ ਦਿਤਾ ਹੈ। ਪੁਰਾਣੇ ਸਮੇਂ ਵਿਚ ਜਿਵੇਂ ਕਿਸੇ ਨੂੰ ਕੈਦ ਕਰਨਾ ਹੋਵੇ ਤਾਂ ਉਸ ਦੇ ਗਲ ਵਿਚ ਪਟਾ ਲਿਖ ਕੇ ਪਾ ਦਿਤਾ ਜਾਂਦਾ ਸੀ, ਉਸੇ ਤਰ੍ਹਾਂ ਇਸ ਦੇਹ ਦੇ ਅੰਦਰ ਪ੍ਰਵੇਸ਼ ਕਰਨ ਤੋਂ ਉਸ ਦੇ ਲੇਖ ਅਕਾਲ ਪੁਰਖ ਲਿਖ ਕੇ ਪਾ ਦਿੰਦਾ ਹੈ।

**ਮਾਤ ਪਿਤਾ ਭਾਈ ਸੁਤ ਬਨਿਤਾ**
**ਤਿਨ ਭੀਤਰਿ ਪ੍ਰਭੂ ਸੰਜੋਇਆ ॥**

ਮਾਤ=ਮਾਂ, ਪਿਤਾ=ਪਿਓ, ਭਾਈ=ਭਰਾ, ਸੁਤ=ਪੁੱਤਰ ਅਤੇ ਬਨਿਤਾ=ਇਸਤਰੀ ਆਦਿ ਪਰਿਵਾਰ ਵਿਚ ਪ੍ਰਭੂ=ਸੁਆਮੀ ਮਾਲਕ ਨੇ ਤਿਨ=ਉਨ੍ਹਾਂ ਸੰਬੰਧੀਆਂ ਭੀਤਰਿ=ਵਿਚ ਤੈਨੂੰ ਭਲੀ ਪ੍ਰਕਾਰ ਕਰਕੇ ਸੰਜੋਇਆ=ਜੋੜ ਦਿਤਾ ਵਾ: ਤੇਰਾ ਚਿੱਤ ਉਨ੍ਹਾਂ ਸੰਬੰਧੀਆਂ ਵਿਚ ਸੰਜੋਇਆ=ਸੰਜੋਗਵਸ ਹੋ ਗਿਆ। ਜਦੋਂ ਤੂੰ ਇਨ੍ਹਾਂ ਵਿਚ ਆ ਕੇ ਮਿਲ ਗਿਆ ਤਾ ਤੂੰ ਐਸਾ ਆਖਣ ਲੱਗਾ ਕਿ ਇਹ ਮੇਰੀ ਮਾਤਾ ਹੈ, ਮੇਰਾ ਪਿਤਾ ਹੈ, ਮੇਰੀ ਇਸਤਰੀ ਹੈ, ਮੇਰੇ ਬੱਚੇ ਹਨ ਆਦਿ। ਇਸ ਪ੍ਰਕਾਰ ਤੂੰ ਉਨ੍ਹਾਂ ਵਿਚ ਜੁੜ ਗਿਆ।

**ਕਰਮ ਸੁਕਰਮੁ ਕਰਾਏ ਆਪੇ**
**ਇਸੁ ਜੰਤੈ ਵਸਿ ਕਿਛੁ ਨਾਹਿ ॥**

ਅਕਾਲ ਪੁਰਖ ਵਾਹਿਗੁਰੂ ਜਿਨ੍ਹਾਂ ਉਤੇ ਕਰਮ=ਕ੍ਰਿਪਾ ਦ੍ਰਿਸ਼ਟੀ ਕਰ ਦਿੰਦਾ ਹੈ, ਉਨ੍ਹਾਂ ਜੀਵਾਂ ਤੋਂ ਆਪ ਹੀ ਉਹ ਸੁਕਰਮ=ਸ੍ਰੇਸ਼ਟ ਕਰਮ ਕਰਵਾ ਲੈਂਦਾ ਹੈ। ਉਹ ਜੀਵ ਅਕਾਲ ਪੁਰਖ ਵਾਹਿਗੁਰੂ ਦੀ ਰਜ਼ਾ ਵਿਚ ਚਲਦੇ ਹੋਏ ਇਹੋ ਹੀ ਆਖਦੇ ਹਨ ਕਿ ਇਸ ਜੰਤੈ=ਜੀਵ ਦੇ ਵਸ ਵਿਚ ਕਿਛੁ=ਕੁਝ ਵੀ ਨਹੀਂ ਹੈ। ਉਹ ਵਾਹਿਗੁਰੂ ਹੀ ਸਾਡੇ ਕੋਲੋਂ ਸਮਾਨ ਕਰਮ, ਸ੍ਰੇਸ਼ਟ ਕਰਮ, ਵਿਸ਼ੇਸ਼ ਪੁੰਨਦਾਨ ਕਰਨਾ, ਗਰੀਬੀ ਰੱਖਣੀ, ਪੁੰਨ ਕਰਕੇ ਨੀਚ ਅਖਵਾਉਣਾ, ਹੰਕਾਰ ਛੱਡਣਾ ਆਦਿ ਐਸੇ ਕਰਮ ਕਮਾਉਂਦਾ ਹੈ।

**ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ**
**ਧਰਿ ਪਾਇਤਾ ਉਦਰੈ ਮਾਹਿ ॥੧॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪ੍ਰਾਣੀ=ਪ੍ਰਾਣਾਧਾਰੀ ਜੀਵ! ਉਮਰ ਦੇ ਪਹਿਲੇ ਪਹਿਰ ਦੇ ਹਿੱਸੇ ਵਿਚ ਤੇਰਾ ਇਸ ਪ੍ਰਕਾਰ ਮਾਤਾ ਦੇ ਉਦਰੈ=ਗਰਭ ਵਿਚ, ਪਾਇਤਾ=ਪੈਂਤੜਾ ਰੱਖਣਾ ਕੀਤਾ ਹੈ ਵਾ: ਪ੍ਰਭੂ ਨੇ ਮਾਤਾ ਦੇ ਧਰਿ=ਨਾਭੀ ਦੇ ਚੱਕਰ ਦੇ ਅੰਦਰ ਤੇਰੇ ਤਾਈਂ ਪਾਇਤਾ=ਪਾਉਣਾ ਕੀਤਾ ਹੈ।

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਭਰਿ ਜੁਆਨੀ ਲਹਰੀ ਦੇਇ ॥

ਹੇ ਜੀਵ ਰੂਪ ਵਣਜਾਰੇ ਮਿਤ੍ਰਾ=ਸੱਜਣਾ! ਜਦੋਂ ਤੇਰੀ ਉਮਰ ਰੂਪੀ ਰਾਤ ਦਾ ਦੂਜਾ ਪਹਿਰ ਆਇਆ, ਉਸ ਵੇਲੇ ਤੇਰੀ ਜਵਾਨੀ ਜਿਵੇਂ ਸੂਰਜ ਚੜ੍ਹਨ ਤੋਂ ਕਮਲ ਦੀਆਂ ਪੰਖੜੀਆਂ ਖਿੜ ਪੈਂਦੀਆਂ ਹਨ ਤੇ ਮਹਿਕ ਆਉਣ ਲੱਗ ਪੈਂਦੀ ਹੈ, ਇਸੇ ਤਰ੍ਹਾਂ ਜਵਾਨੀ ਰੂਪ ਸੂਰਜ ਦੇ ਚੜ੍ਹਨ ਤੋਂ ਚਿੱਤ ਰੂਪੀ ਕਮਲ ਦੀਆਂ ਇੱਛਾ ਰੂਪੀ ਪੰਖੜੀਆਂ ਖਿੜ ਪੈਂਦੀਆਂ ਹਨ। ਉਸ ਦੇ ਵਿਚੋਂ ਵਾਸ਼ਨਾ ਰੂਪੀ ਮਹਿਕਾਂ ਨਿਕਲਣ ਲੱਗ ਪੈਂਦੀਆਂ ਹਨ। ਜਿਸ ਪ੍ਰਕਾਰ ਸਮੁੰਦਰ ਵਿਚ ਪਾਣੀ ਦੀਆਂ ਲਹਿਰਾਂ ਉਠਦੀਆਂ ਹਨ, ਉਸ ਪ੍ਰਕਾਰ ਜਵਾਨੀ ਰੂਪ ਸਮੁੰਦਰ ਵਿਚ ਕਾਮ, ਕ੍ਰੋਧ ਆਦਿ ਦੀਆਂ ਲਹਿਰਾਂ ਉਠਦੀਆਂ ਹਨ। ਉਸ ਵਕਤ ਕਿਸੇ ਦੇ ਤਾਈਂ ਦਿਲ ਵਿਚ ਐਸਾ ਖਿਆਲ ਨਹੀਂ ਆਉਂਦਾ -

ਬੁਰਾ ਭਲਾ ਨ ਪਛਾਣਈ ਵਣਜਾਰਿਆ ਮਿਤ੍ਰਾ
ਮਨੁ ਮਤਾ ਅਹੰਮੇਇ ॥

ਹੇ ਜੀਵ ਰੂਪੀ ਵਣਜਾਰੇ ਮਿਤ੍ਰਾ=ਸੱਜਣਾ! ਤੂੰ ਬੁਰਾ ਭਲਾ ਨਹੀਂ ਪਛਾਣਈ=ਪਛਾਣਦਾ ਕਿਉਂਕਿ ਤੇਰਾ ਮਨ, ਅਹੰਮੇਇ=ਹੰਕਾਰ ਵਿਚ ਮਤਾ=ਮਸਤਿਆ ਹੋਇਆ ਹੈ ਅਥਵਾ ਪਰਾਏ ਦੇ ਘਰਾਂ ਵਿਚ ਤੱਕਣਾ, ਚੋਰੀ ਕਰਕੇ ਖਾਣਾ, ਇਹ ਸਭ ਕੁਝ ਬੁਰਾ ਹੈ। ਆਪਣੇ ਧਰਮ ਵਿਚ ਰਹਿਣਾ, ਆਪਣੇ ਹੱਥੀ ਕਮਾ ਕੇ ਖਾਣਾ ਭਲਾ ਹੈ। ਤੂੰ ਇਸ ਦੀ ਪਹਿਚਾਣ ਨਹੀਂ ਕਰਦਾ ਸਗੋਂ ਇਹ ਕਹਿੰਦਾਂ ਕਿ ਧਰਮ ਡਰਾਉਣ ਧਮਕਾਉਣ ਲਈ ਬਣਾਏ ਹਨ। ਆਮ ਤੌਰ 'ਤੇ ਆਦਮੀ ਕੋਈ ਵੀ ਕਰਮ ਕਰ ਲਵੇ, ਸਭ ਕੁਝ ਹਜ਼ਮ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਵਿਚਾਰ ਕਰਦਾ ਹੈ। ਤੇਰਾ ਮਨ ਅਹੰਕਾਰ ਦੇ ਨਿਸਚੇ ਵਿਚ ਬਹੁਤ ਮਸਤਿਆ ਹੋਇਆ ਹੈ।

ਬੁਰਾ ਭਲਾ ਨ ਪਛਾਣੈ ਪ੍ਰਾਣੀ
ਆਗੈ ਪੰਥੁ ਕਰਾਰਾ ॥

ਹੇ ਪ੍ਰਾਣੀ=ਪ੍ਰਾਣਾਧਾਰੀ ਜੀਵ! ਮੰਦੇ ਕਰਮ ਕਰਨੇ, ਪਾਪ ਕਰਨੇ, ਸ਼ਰਾਬ ਪੀਣੀ, ਚੋਰੀ ਕਰਨੀ ਆਦਿ ਬੁਰਾ=ਖੋਟੇ ਕਰਮ ਹਨ ਅਤੇ ਸਤਿਸੰਗਤ ਕਰਨੀ, ਨੇਕੀ ਕਰਨੀ, ਸੇਵਾ ਕਰਨੀ, ਸਾਰਿਆਂ ਨਾਲ ਪਿਆਰ ਕਰਨਾ ਆਦਿ ਭਲਾ=ਚੰਗੇ ਕੰਮ ਹਨ। ਐਸੇ ਬੁਰੇ ਅਤੇ ਭਲੇ ਕਰਮ ਨੂੰ ਪਛਾਣੈ=ਪਛਾਣਦਾ ਨਹੀਂ। ਆਗੈ=ਅੱਗੇ ਪਰਲੋਕ ਦਾ ਪੰਥ=ਰਸਤਾ ਬੜਾ ਕਰਾਰਾ=ਕਠਨ ਹੈ। ਜਿਸ ਤਰ੍ਹਾਂ ਤਿਲਾਂ ਨੂੰ ਤੇਲ ਕੱਢਣ ਵਾਸਤੇ ਕੋਹਲੂ ਵਿਚ ਪੀੜਿਆਂ ਜਾਂਦਾ ਹੈ -

ਪੂਰਾ ਸਤਿਗੁਰੁ ਕਬਹੂੰ ਨ ਸੇਵਿਆ
ਸਿਰਿ ਠਾਢੇ ਜਮ ਜੰਦਾਰਾ ॥

ਪੂਰਨ ਸਤਿਗੁਰੂ ਨਾਨਕ ਦੇਵ ਸਾਹਿਬ ਦਾ ਕਦੇ ਵੀ ਸਿਮਰਨ ਭਜਨ ਨਹੀਂ ਕੀਤਾ। ਤੇਰੇ ਸਿਰ ਦੇ ਉਪਰ ਜਮ=ਜਲਾਦਾਂ ਦੀ ਨਿਆਈਂ, ਜੰਦਾਰਾ=ਜਿੰਦ ਦਾ ਵੈਰੀ ਭਾਵ ਦੁਸ਼ਮਣ ਬਣ ਕੇ ਵਾ: ਜੰਦਾਰਾ=ਡੰਡਾ ਲੈ ਕੇ ਨਾਢੇ=ਖੜ੍ਹਾ ਹੈ।

ਧਰਮ ਰਾਇ ਜਬ ਪਕਰਸਿ ਬਵਰੇ
ਤਬ ਕਿਆ ਜਬਾਬੁ ਕਰੇਇ ॥

ਹੇ ਬਵਰੇ=ਝੱਲੇ ਜੀਵ! ਜਦੋਂ ਧਰਮਰਾਜ ਤੇਰੀ ਭੈੜੀ ਕਰਤੂਤ ਅਨੁਸਾਰ, ਡੰਨ ਦੇਣ ਲਈ ਤੈਨੂੰ ਪਕਰਸਿ=ਪਕੜ ਲਵੇਗਾ, ਤਬ=ਉਸ ਵੇਲੇ ਤੂੰ ਕਿਆ=ਕੀ ਜਵਾਬ ਦੇਣਾ ਕਰੇਇ=ਕਰੇਂਗਾ? ਉਸ ਸਮੇਂ ਤੇਰੇ ਕੋਲੋਂ ਬੋਲਿਆ ਨਹੀਂ ਜਾਵੇਗਾ।

ਕਹੁ ਨਾਨਕ ਦੂਜੈ ਪਹਰੈ ਪ੍ਰਾਣੀ
ਭਰਿ ਜੋਬਨੁ ਲਹਰੀ ਦੇਇ ॥੨॥

ਹੇ ਪ੍ਰਾਣਾਧਾਰੀ ਜੀਵ! ਉਮਰ ਰੂਪੀ ਰਾਤ ਦੇ ਦੂਜੇ ਪਹਰੈ=ਹਿੱਸੇ ਵਿਚ ਜੋਬਨੁ=ਜਵਾਨੀ, ਕਾਮ, ਕ੍ਰੋਧ ਰੂਪ ਤ੍ਰਿਸ਼ਨਾ ਰੂਪੀ ਅਤੇ ਵਿਕਾਰਾਂ ਰੂਪ ਲਹਰੀ=ਲਹਿਰਾਂ ਦੀ ਭਰਿ=ਭਰੀ ਹੋਈ ਹੈ।

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਬਿਖੁ ਸੰਚੈ ਅੰਧੁ ਅਗਿਆਨੁ ॥

ਹੇ ਜੀਵ ਰੂਪੀ ਵਣਜਾਰੇ ਮਿਤ੍ਰਾ! ਉਪਰ ਰੂਪੀ ਰੈਣਿ=ਰਾਤ ਕੈ=ਦੇ ਤੀਜੈ=ਤੀਸਰੇ ਪਹਰੈ=ਪਹਰ ਦੀ ਅਧਖੜ ਉਮਰ ਵਿਚ ਅਗਿਆਨੁ ਕਰ ਕੇ ਵਿਚਾਰ ਰੂਪ ਨੇਤਰਾਂ ਤੋਂ ਹੀਣ ਅੰਧੁ=ਅੰਨਾ ਹੋਇਆ ਬਿਖੁ=ਵਿਸ਼ੇ ਵਾ: ਵਿਹੁ ਰੂਪ ਮਾਇਆ ਨੂੰ

ਸੰਚੈ=ਇਕੱਤਰ ਕਰਦਾ ਹੈਂ।

ਪੁਤ੍ਰਿ ਕਲਤ੍ਰਿ ਮੋਹਿ ਲਪਟਿਆ ਵਣਜਾਰਿਆ ਮਿਤ੍ਰਾ
ਅੰਤਰਿ ਲਹਰਿ ਲੋਭਾਨੁ ॥

ਹੇ ਜੀਵ ਰੂਪ ਵਣਜਾਰੇ ਮਿਤ੍ਰਾ=ਸੱਜਣਾ! ਪੁੱਤਰ ਅਤੇ ਕਲਤ੍ਰਿ=ਇਸਤਰੀ ਦੇ ਮੋਹ ਵਿਚ ਲਪਟਿਆ=ਲੰਪਟ ਹੋ ਰਿਹਾ ਹੈਂ ਅਤੇ ਤੇਰੇ ਹਿਰਦੇ ਅੰਤਰਿ=ਵਿਚ ਲੋਭਾਨੁ=ਲੋਭ ਦੀ ਤ੍ਰਿਸ਼ਨਾ ਰੂਪ ਲਹਿਰ ਹੈ ਵਾ: ਤ੍ਰਿਸ਼ਨਾ ਰੂਪ ਲਹਿਰ ਕਰਕੇ ਪਦਾਰਥਾਂ ਵਿਚ ਲੋਭਾਨੁ=ਲੁਭਾਇਮਾਨ ਹੋ ਰਿਹਾ ਹੈਂ।

ਅੰਤਰਿ ਲਹਰਿ ਲੋਭਾਨੁ ਪਰਾਨੀ
ਸੋ ਪ੍ਰਭੁ ਚਿਤਿ ਨ ਆਵੈ ॥

ਹੇ ਪ੍ਰਾਣੀ! ਤੇਰਾ ਅੰਤਰਿ=ਅੰਦਰ ਤੋਂ ਤ੍ਰਿਸ਼ਨਾ ਦੀ ਲਹਿਰ ਕਰਕੇ ਚਿਤਿ=ਹਿਰਦਾ ਲੋਭਾਨੁ=ਲੁਭਾਇਮਾਨ ਹੋ ਰਿਹਾ ਹੈ। ਸੋ=ਉਹ ਸਮਰੱਥ ਪ੍ਰਭੁ=ਵਾਹਿਗੁਰੂ ਕਦੇ ਵੀ ਤੇਰੇ ਚਿਤਿ=ਚੇਤੇ ਨਹੀਂ ਆਵੈ=ਆਉਂਦਾ।

ਸਾਧਸੰਗਤਿ ਸਿਉ ਸੰਗੁ ਨ ਕੀਆ
ਬਹੁ ਜੋਨੀ ਦੁਖੁ ਪਾਵੈ ॥

ਸਾਧਸੰਗਤਿ=ਸ੍ਰੇਸ਼ਟ ਜਨਾਂ ਦੀ ਸੰਗਤ ਦੇ ਸਿਉ=ਨਾਲ ਕਦੇ, ਸੰਗੁ=ਮਿਲਾਪ ਨ=ਨਹੀਂ ਕੀਆ=ਕੀਤਾ।

ਸਿਰਜਨਹਾਰੁ ਵਿਸਾਰਿਆ ਸੁਆਮੀ
ਇਕ ਨਿਮਖ ਨ ਲਗੋ ਧਿਆਨੁ ॥

ਤੂੰ ਉਸ ਸਿਰਜਨਹਾਰੁ=ਸੰਸਾਰ ਦੇ ਰਚਨਹਾਰ ਸੁਆਮੀ=ਮਾਲਕ ਪ੍ਰਭੂ ਪਰਮੇਸ਼ਰ ਨੂੰ ਵਿਸਾਰਿਆ=ਭੁਲਾ ਦਿਤਾ ਹੈ। ਤੇਰਾ ਉਸ ਪਰਮੇਸ਼ਰ ਵਿਚ ਇਕ ਨਿਮਖ=ਅੱਖ ਦੇ ਖੋਲ੍ਹਣ ਅਤੇ ਬੰਦ ਕਰਨ ਜਿਤਨਾ ਸਮਾਂ ਵੀ ਧਿਆਨ ਨ ਲਗੋ=ਨਹੀਂ ਲੱਗਿਆ।

ਕਹੁ ਨਾਨਕ ਪ੍ਰਾਣੀ ਤੀਜੈ ਪਹਰੈ
ਬਿਖੁ ਸੰਚੇ ਅੰਧੁ ਅਗਿਆਨੁ ॥ ੩ ॥

ਹੇ ਪ੍ਰਾਣਧਾਰੀ ਜੀਵ! ਤੇਰੀ ਉਮਰ ਰੂਪੀ ਰਾਤ ਦੇ ਤੀਜੇ ਪਹਰੈ=ਹਿੱਸੇ ਵਿਚ ਅਗਿਆਨ ਦੇ ਸਹਿਤ ਵਿਚਾਰ ਰੂਪੀ ਨੇਤਰਾਂ ਤੋਂ ਅੰਧੁ=ਅੰਨ੍ਹਾ ਹੋਇਆ, ਮਾਇਆ ਰੂਪੀ ਬਿਖੁ=ਜ਼ਹਿਰ ਨੂੰ, ਸੰਚੇ=ਇਕੱਠਾ ਕਰਨ ਵਿਚ ਹੀ ਲੱਗਾ ਰਿਹਾ। ਜਿਵੇਂ ਕੋਈ ਜ਼ਹਿਰ ਨੂੰ ਅੰਮ੍ਰਿਤ ਜਾਣ ਕੇ ਆਪਣੇ ਪੱਲੇ ਬੰਨ੍ਹ ਲੈਣਾ ਕਰੇ, ਹੇ ਜੀਵ! ਤੇਰੀ ਐਸੀ ਹਾਲਤ ਹੈ। ਕਿਸੇ ਨੇ ਧੋਖਾ ਦੇ ਦਿਤਾ, ਕਿਸੇ ਨੂੰ ਜ਼ਹਿਰ ਦੇ ਕੇ ਮਾਰ ਦੇਣਾ ਆਦਿ, ਇਸ ਪ੍ਰਕਾਰ ਕੇਵਲ ਮਾਇਆ ਇਕੱਠੀ ਕਰਨ ਦਾ ਹੀ ਮਨੋਰਥ ਬਣਾਈ ਰੱਖਿਆ।

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਦਿਨੁ ਨੇੜੈ ਆਇਆ ਸੋਇ ॥

ਚੰਗੇ ਅਤੇ ਮੰਦੇ ਕਰਮ ਕਰਨ ਕਰਕੇ ਵਣਜਾਰੇ ਅਤੇ ਪਰਮੇਸ਼ਰ ਦੀ ਅੰਸ਼ ਹੋਣ ਕਰਕੇ ਮਿਤ੍ਰਾ=ਸੱਜਣਾ! ਤੇਰੀ ਉਮਰ ਰੂਪੀ ਰਾਤ ਦੇ ਚੌਥੇ ਪਹਿਰ ਦੇ ਹਿੱਸੇ ਦੀ ਬਿਰਧ ਅਵਸਥਾ ਵਿਚ ਸੋਇ=ਉਹ ਦਿਨ ਭਾਵ ਮੌਤ ਵਾਲਾ ਸਮਾਂ ਨੇੜੇ=ਨਿਕਟ ਆਇਆ ਹੈ, ਜਿਸ ਨੂੰ ਸੁਣ ਕੇ ਜੀਵ ਸੁੰਨ ਹੋ ਜਾਂਦਾ ਹੈ, ਮੌਤ ਦਾ ਐਸਾ ਭੈ ਹੈ ਕਿ ਜੀਵ ਆਪਣੀ ਮੌਤ ਤਾਂ ਦੂਰ ਦੀ ਗੱਲ ਹੈ, ਕਿਸੇ ਦੀ ਮੌਤ ਸੁਣ ਕੇ ਵੀ ਸੁੰਨ ਹੋ ਜਾਂਦਾ ਹੈ। ਪਰੰਤੂ ਫਿਰ ਵੀ ਉਹ ਮੌਤ ਦਾ ਸਮਾਂ ਜਿਸ ਨੂੰ ਜੀਵ ਸੁਣਨਾ ਨਹੀਂ ਚਾਹੁੰਦਾ ਸੀ, ਉਹ ਨੇੜੇ ਆ ਰਿਹਾ ਹੈ।

ਗੁਰਮੁਖਿ ਨਾਮੁ ਸਮਾਲਿ ਤੂੰ ਵਣਜਾਰਿਆ ਮਿਤ੍ਰਾ
ਤੇਰਾ ਦਰਗਹ ਬੇਲੀ ਹੋਇ ॥

ਹੇ ਜੀਵ ਰੂਪੀ ਵਣਜਾਰੇ ਮਿਤ੍ਰਾ=ਸੱਜਣਾ! ਤੂੰ ਗੁਰਮੁਖਾਂ ਦੀ ਸੰਗਤ ਕਰ ਕੇ ਉਸ ਪਰਮੇਸ਼ਰ ਦੇ ਨਾਮ ਨੂੰ ਸਮਾਲਿ=ਚੇਤੇ ਭਾਵ ਯਾਦ ਕਰ। ਜੇਕਰ ਤੂੰ ਉਸ ਵਾਹਿਗੁਰੂ ਦੇ ਨਾਮ ਨੂੰ ਚੇਤੇ ਰੱਖੇਂਗਾ ਤਾਂ ਉਹ ਤੇਰਾ ਦਰਗਹ=ਸੱਚਖੰਡ ਵਿਚ ਬੇਲੀ=ਮਿੱਤਰਾਂ ਦੀ ਨਿਆਈਂ ਰੱਖਿਆ ਕਰਨ ਵਾਲਾ ਹੋਇ=ਹੋਵੇਗਾ ਵਾ: ਦਰ=ਦੁਨੀਆ ਰੂਪੀ ਦਰਵਾਜੇ ਵਿਚ ਅਤੇ ਹਿਰਦੇ ਰੂਪੀ ਗਹ=ਜਗ੍ਹਾ ਵਿਚ ਵੀ ਤੇਰਾ ਬੇਲੀ=ਸਹਾਇਕ ਹੋਵੇਗਾ।

ਗੁਰਮੁਖਿ ਨਾਮੁ ਸਮਾਲਿ ਪਰਾਣੀ
ਅੰਤੇ ਹੋਇ ਸਖਾਈ ॥

ਹੇ ਪ੍ਰਾਣਧਾਰੀ ਜੀਵ! ਤੂੰ ਗੁਰਮੁਖਾਂ ਦੀ ਸੰਗਤ ਕਰ ਕੇ ਵਾਹਿਗੁਰੂ ਦੇ ਨਾਮ ਨੂੰ ਸਮਾਲਿ=ਸਿਮਰਨਾ ਭਾਵ ਯਾਦ ਕਰ। ਉਸ ਪਰਮੇਸ਼ਰ ਦਾ ਜਪਿਆ ਹੋਇਆ ਨਾਮ ਤੇਰਾ, ਅੰਤ ਵੇਲੇ ਸਖਾਈ=ਸਹਾਇਤਾ ਕਰੇਗਾ।

ਇਹੁ ਮੋਹੁ ਮਾਇਆ ਤੇਰੈ ਸੰਗਿ ਨ ਚਾਲੈ
ਝੂਠੀ ਪ੍ਰੀਤਿ ਲਗਾਈ ॥

ਇਹ ਤੈਨੂੰ ਜਪ ਪਦਾਰਥਾਂ ਅਤੇ ਮਾਇਆ

ਇਕੱਠੀ ਕਰਨ ਦਾ ਮੋਹ ਲੱਗਿਆ ਹੋਇਆ ਹੈ, ਉਹ ਅੰਤ ਵੇਲੇ ਤੇਰੇ ਸੰਗਿ=ਨਾਲ ਨਹੀਂ ਚੱਲੇਗਾ। ਤੂੰ ਝੂਠੀ ਹੀ ਪ੍ਰੀਤਿ=ਲਗਨ ਇਹਨਾਂ ਨਾਲ ਲਗਾਈ=ਲਗਾਉਣਾ ਕੀਤੀ ਹੈ।

**ਸਗਲੀ ਰੈਣਿ ਗੁਦਰੀ ਅੰਧਿਆਰੀ**
**ਸੇਵਿ ਸਤਿਗੁਰੁ ਚਾਨਣੁ ਹੋਇ ॥**

ਤੇਰੀ ਸਗਲੀ=ਸਾਰੀ ਉਮਰ ਰੂਪੀ, ਰੈਣਿ=ਰਾਤ ਅੰਧਿਆਰੀ=ਅਵਿਦਿਆ ਰੂਪ ਹਨੇਰੇ ਵਿਚ ਗੁਦਰੀ=ਗੁਜ਼ਰਦੀ ਭਾਵ ਬਤੀਤ ਹੁੰਦੀ ਜਾ ਰਹੀ ਹੈ। ਜੇਕਰ ਤੂੰ ਸਤਿਗੁਰੂ ਸਾਹਿਬ ਜੀ ਦੀ ਸੇਵਿ=ਸੇਵਾ ਕਰੇਂ ਤਾਂ ਤੈਨੂੰ ਗਿਆਨ ਰੂਪ ਚਾਨਣੁ=ਪ੍ਰਕਾਸ਼ ਦੀ ਪ੍ਰਾਪਤੀ ਹੋਇ=ਹੋ ਸਕਦੀ ਹੈ।

**ਕਹੁ ਨਾਨਕ ਪ੍ਰਾਣੀ ਚਉਥੈ ਪਹਰੈ**
**ਦਿਨੁ ਨੇੜੈ ਆਇਆ ਸੋਇ ॥ ੪ ॥**

ਸਤਿਗੁਰੂ ਪਾਤਸ਼ਾਹ ਜੀ ਫੁਰਮਾਉਂਦੇ ਹਨ ਕਿ ਹੇ ਪ੍ਰਾਣੀ=ਪ੍ਰਾਣਾਧਾਰੀ ਜੀਵ! ਉਮਰ ਰੂਪੀ ਰਾਤ ਦੇ ਚੌਥੇ ਪਹਿਰ ਦੇ ਹਿੱਸੇ ਵਿਚ ਮੌਤ ਦਾ ਦਿਨ ਜੋ ਸਾਰਿਆਂ ਦੇ ਸਿਰ 'ਤੇ ਆਇਆ ਸੀ, ਹੁਣ ਸੋਇ=ਉਹ ਤੇਰੇ ਵੀ ਨੇੜੈ=ਨਜਦੀਕ ਆਉਣ ਵਾਲਾ ਹੈ।

**ਲਿਖਿਆ ਆਇਆ ਗੋਵਿੰਦ ਕਾ ਵਣਜਾਰਿਆ ਮਿਤ੍ਰਾ**
**ਉਠਿ ਚਲੇ ਕਮਾਣਾ ਸਾਥਿ ॥**

ਹੇ ਜੀਵ ਰੂਪ ਵਣਜਾਰੇ ਮਿਤ੍ਰਾ=ਸੱਜਣਾ! ਜਦੋਂ ਤੈਨੂੰ ਉਸ ਗੋ=ਵੇਦਾਂ ਕਰਕੇ, ਵਿੰਦ=ਜਾਨਣੇ ਯੋਗ ਪ੍ਰਮੇਸ਼ਰ ਦੇ ਲਿਖੇ ਅਨੁਸਾਰ ਹੁਕਮ ਆਇਆ=ਆ ਗਿਆ, ਫਿਰ ਤੂੰ ਰੁਕ ਨਹੀਂ ਸਕੇਂਗਾ। ਤੇਰੇ ਚੰਗੇ ਤੇ ਮੰਦੇ, ਕਮਾਣਾ=ਕਮਾਏ ਹੋਏ ਕਰਮ, ਗਵਾਹੀ ਦੇਣ ਲਈ ਪ੍ਰਲੋਕ ਨੂੰ ਸਾਥਿ=ਨਾਲ ਉੱਠ ਕੇ ਚਲੇ=ਚੱਲਣਾ ਕਰਨਗੇ ਵਾ: ਕਮਾਣਾ=ਸ਼ਸਤਰਧਾਰੀ ਧਨੁੱਖ ਧਾਰਨ ਕਰਨ ਵਾਲੇ ਜਮਾਂ ਦੇ ਨਾਲ ਉਠ ਕੇ ਚਲੇ ਜਾਣਾ ਪਵੇਗਾ।

**ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ**
**ਓਨੀ ਤਕੜੇ ਪਾਏ ਹਾਥ ॥**

ਹੇ ਜੀਵ ਰੂਪ ਵਣਜਾਰੇ ਮਿਤ੍ਰਾ! ਉਨ੍ਹਾਂ ਜਮ੍ਹਾਂ ਨੇ ਤੈਨੂੰ ਇਕ ਰੱਤੀ ਮਾਤਰ ਬਿਲਮ=ਦੇਰੀ ਨਹੀਂ ਕਰਨ ਦੇਵਨੀ=ਦੇਣੀ। ਉਨ੍ਹਾਂ ਨੇ ਤੈਨੂੰ ਤਕੜੇ=ਮਜ਼ਬੂਤ ਹੱਥ ਪਾਏ ਹੋਏ ਹਨ ਜੋ ਤੈਨੂੰ ਜਿਉਂਦਾ ਨਹੀਂ ਰਹਿਣ ਦੇਣਗੇ।

**ਲਿਖਿਆ ਆਇਆ ਪਕੜਿ ਚਲਾਇਆ**
**ਮਨਮੁਖ ਸਦਾ ਦੁਹੇਲੇ ॥**

ਜਦੋਂ ਲਿਖਿਆ ਹੋਇਆ ਸਮਾਂ ਪੂਰਾ ਹੋ ਆਇਆ ਭਾਵ ਮੌਤ ਦਾ ਸੱਦਾ ਆ ਗਿਆ ਤਾਂ ਜਮਾਂ ਨੇ ਪਕੜਿ=ਫੜ ਕੇ ਪ੍ਰਲੋਕ ਵਲ ਨੂੰ ਚਲਾਇਆ=ਤੋਰ ਲੈਣਾ ਹੈ, ਉਸ ਵੇਲੇ ਮਨਮੁਖ ਪੁਰਖ ਸਦਾ=ਹਮੇਸ਼ਾ ਹੀ ਦੁਹੇਲੇ=ਦੁਖੀ ਹੁੰਦੇ ਹਨ।

**ਜਿਨੀ ਪੂਰਾ ਸਤਿਗੁਰੁ ਸੇਵਿਆ**
**ਸੇ ਦਰਗਹ ਸਦਾ ਸੁਹੇਲੇ ॥**

ਜਿਨੀ=ਜਿਨ੍ਹਾਂ ਨੇ ਪੂਰੇ ਸਤਿਗੁਰੂ ਦੁਆਰਾ ਪਰਮੇਸ਼ਰ ਦਾ ਸੇਵਿਆ=ਭਜਨ ਕੀਤਾ ਹੈ, ਸੇ=ਉਹ ਪਰਮੇਸ਼ਰ ਵਾਹਿਗੁਰੂ ਦੀ ਦਰਗਾਹ ਵਿਚ, ਸਦਾ ਸੁਹੇਲੇ=ਸੁਖੀ ਰਹਿਣਗੇ ਵਾ: ਪਰਮੇਸ਼ਰ ਦੀ ਸਾਧ ਸੰਗਤ ਰੂਪੀ ਦਰਗਾਹ ਵਿਚ ਸਦਾ ਸੁਹੇਲੇ=ਸੁਖੀ ਹਨ ਵਾ: (ਦਰ+ਗਹ) ਸੰਸਾਰ ਰੂਪੀ ਦਰ ਦੀ ਗਹ=ਜਗ੍ਹਾ ਵਿਚ ਸਦਾ ਸੁਹੇਲੇ ਹਨ ਵਾ: ਤੁਰੀਆ ਪਦ ਰੂਪੀ ਦਰ ਅਤੇ ਸੱਚਖੰਡ ਰੂਪੀ ਜਗ੍ਹਾ ਵਿਚ ਸਦਾ ਸੁਹੇਲੇ ਹਨ।

**ਕਰਮ ਧਰਤੀ ਸਰੀਰੁ ਜੁਗ ਅੰਤਰਿ**
**ਜੋ ਬੋਵੈ ਸੋ ਖਾਤਿ ॥**

ਇਸ ਜੁਗ=ਚਾਰ ਜੁਗੀ ਪਰਪੰਚ ਅੰਤਰਿ=ਅੰਦਰ ਮਨੁੱਖਾ ਸਰੀਰ ਰੂਪੀ ਧਰਤੀ ਕਰਮਾਂ ਰੂਪੀ ਬੀਜ ਬੀਜਣ ਦੀ ਹੈ, ਜੋ=ਜਿਹੜਾ ਵੀ ਜਿਹੋ ਜਿਹਾ ਕਰਮਾਂ ਰੂਪੀ ਬੀਜ ਬੋਵੈ=ਬੀਜੇਗਾ, ਸੋ=ਉਹੋ ਜਿਹਾ ਹੀ ਖਾਤਿ=ਖਾਣਾ ਕਰੇਗਾ –

**ਕਹੁ ਨਾਨਕ ਭਗਤ ਸੋਹਹਿ ਦਰਵਾਰੇ**
**ਮਨਮੁਖ ਸਦਾ ਭਵਾਤਿ ॥ ੫ ॥ ੧ ॥ ੪ ॥**

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਜਿਹੜੇ ਉਸ ਅਕਾਲ ਪੁਰਖ ਦੇ ਭਗਤ ਹਨ, ਉਹ ਸੱਚਖੰਡ ਰੂਪੀ ਦਰਵਾਰੇ=ਦਰਬਾਰ ਵਿਚ, ਸੋਹਹਿ=ਸੋਂਹਦੇ ਭਾਵ ਬ੍ਰਹਮ ਸਰੂਪ ਵਿਚ ਇਸਥਿਤ ਹੋਏ ਹਨ। ਜੋ ਮਨਮੁਖ ਹਨ, ਉਹ ਸਦਾ ਜੂਨਾਂ ਵਿਚ ਹੀ ਭਵਾਤਿ=ਭੌਂਦੇ ਭਾਵ ਵਾਸ਼ਨਾ ਕਰਕੇ ਫਿਰਦੇ ਰਹਿੰਦੇ ਹਨ ਅਤੇ ਜੰਮਣ ਮਰਣ ਵਿਚ ਆਉਂਦੇ ਜਾਂਦੇ ਹਨ।

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-45)*

ਕੋਹੜੀ - ਹੇ ਅਗਮ ਨਿਗਮ ਦੇ ਮਹਿਰਮ! ਹੇ ਡੁੱਬਿਆਂ ਨੂੰ ਫਿਰ ਜੀਉ ਉੱਠਣ ਦੀ ਮੰਗਲਮਯ ਖਬਰ ਦੇਣ ਵਾਲੇ ਦਾਤਾ! ਹੇ ਮਰਿਆਂ ਨੂੰ ਜੀਵਨ ਬੁਸ਼ਾਰਤਾਂ ਦੇਣ ਵਾਲੇ ਅੱਲਾ ਦੇ ਸੁਆਰੇ! ਰਹਿਮ ਕਰ ਤੇ ਮੈਨੂੰ ਦਸ ਕਿ ਮੈਂ ਉਸ ਸਦਾ ਬਖਸ਼ਿੰਦ ਦਾਤਾ ਜੀ ਤੋਂ ਆਪਣੇ ਦਿਲ-ਦਾਗਾਂ ਦੇ ਧੋਣ ਦਾ ਸਾਮਾਨ ਕੀਕੂੰ ਪਾਵਾਂ? ਇਹ ਸਰੀਰ ਤਾਂ ਗਿਆ ਭੰਗ ਦੇ ਭਾੜੇ, ਉਹ ਦਸ ਕਿ ਜਿਸ ਨਾਲ ਦਿਲਾਂ ਦੇ ਦਾਗ ਧੋ ਲਵਾਂ ਤੇ ਅੱਗੇ ਤਾਂ ਕੰਚਨ ਵੰਨਾਂ ਹੋ ਕੇ ਜਾਵਾਂ, ਕਿਵੇਂ ਉਥੇ ਤਾਂ ਮੇਰੇ ਸਰੀਰ ਦਾ ਕੋਹੜ ਮੇਰੇ ਮਨ ਦੇ ਨਾਲ ਨਾ ਜਾਵੇ। (ਰੋ-ਰੋ ਕੇ) ਹੇ ਦਾਤਾ! ਮੇਰੇ ਹਾਲ ਤੇ ਤਰਸ ਕਰ ਕਿ ਮੈਂ ਹੁਣ ਬਾਕੀ ਦੇ ਦਿਨ ਇਸ ਮਨ ਧੋਣ ਵਾਲੇ ਕੰਮ ਤੇ ਲਾਵਾਂ।

ਇਹ ਦਿਲ ਦੀ ਅਰਦਾਸ ਸੁਣ ਕੇ ਸ੍ਰੀ ਸਤਿਗੁਰੂ ਜੀ ਇਕ ਬੜੀ ਗੰਭੀਰ ਸੁਰ ਵਿਚ ਬੋਲੇ, ਭਾਈ ਇਹ ਗੱਲ ਕਿਸੇ ਦੇ ਵਸ ਦੀ ਨਹੀਂ। ਸੁਣ ਹੇ ਫਕੀਰ! ਇਹ ਰਸਤਾ ਹੈ, ਨਾਉਂ ਆਖਣਾ। ਇਸ ਰਾਹੇ ਟੁਰੇਂਗਾ ਤਾਂ ਕਿਸੇ ਸਲਾਮਤੀ ਦੇ ਟਿਕਾਣੇ ਪੁਜੇਂਗਾ। ਹੋਰ ਕੋਈ ਥਾਉਂ ਨਹੀਂ, ਜਿਥੇ ਮਨ ਤੇ ਸਰੀਰ ਦੇ ਕੋਹੜੀ ਲਈ ਇਹੋ ਇਕੋ ਥਾਂ ਹੈ, ਨਾਉਂ ਆਖਣਾ। ਸਭਨਾਂ ਲਈ, ਨਰੋਇਆਂ ਲਈ, ਰੋਗੀਆਂ ਲਈ ਇਹੋ ਇਕੋ ਥਾਉਂ ਹੈ। ਆਖ ਜੋ ਤੇਰੇ ਅੰਦਰ ਲਗੇ ਦਾਗ ਧੋ ਹੋ ਜਾਣ। ਹਾਂ ਮਿਹਰ ਹੋਵੇ ਤਾਂ ਇਹ 'ਨਾਮ ਜਪਣਾ' ਪ੍ਰਾਪਤ ਹੋਵੇ। ਹਾਂ, ਉਸੇ ਦੀ ਮਿਹਰ ਹੁੰਦੀ ਹੈ ਤਾਂ ਨਾਮ ਪ੍ਰਾਪਤ ਹੁੰਦਾ ਹੈ। ਪਰ ਉਸ ਦੀ ਨਾਮ ਜਪਣਾ ਤੇ ਨਾਮ ਕੀਕੂੰ ਆਖੀਦਾ ਹੈ? ਉਸ ਦੀ ਮਿਹਰ ਨਾਲ।

ਫਕੀਰ - ਸਾਂਈਂ ਵਾਲੇ! ਨਾਮ ਆਖਣਾ ਕੀ ਹੁੰਦਾ ਹੈ? ਤੇ ਮਿਹਰ ਉੱਤੇ ਮੈਂ ਕਿਵੇਂ ਜ਼ੋਰ ਲਾਵਾਂ ਕਿ ਮੈਨੂੰ ਮਿਲੇ? ਦੱਸ ਕਿ ਮੈਂ ਡੁੱਬਾ ਕਿਸ ਨੂੰ ਲੱਗ ਕੇ ਤਰ੍ਹਾਂ ਜੋ ਕੋਈ ਠੌਰ ਥਿੱਤਾ ਮੇਰਾ ਭੀ ਲੱਗੇ। ਕਰ ਮਿਹਰ ਹੇ ਮਿਹਰਾਂ ਵਾਲਿਆ।

ਗੁਰੂ ਜੀ - ਨਾਮ ਆਖਣਾ ਇਹ ਹੈ, ਸੁਣ- ਉਸ ਸੱਚੇ ਤੇ ਸਦਾ ਦਾਤਾਰ ਦਾ ਰੂਪ ਰੇਖ ਰੰਗ ਨਹੀਂ ਹੈ ਤੇ ਕੋਈ ਕਹਿ ਨਹੀਂ ਸਕਦਾ ਕਿ ਉਹ ਕਿਵੇਂ ਹੈ। ਪਰ ਉਹ ਹੈ, ਸਦਾ ਹੈ, ਸਦਾ ਥਿਰ ਹੈ, ਇਹ ਸੱਚ ਹੈ। ਉਹ ਅੰਤਰਜਾਮੀ ਹੈ, ਗਿਆਨ ਸਰੂਪ ਹੈ, ਉਸ ਤੋਂ ਕੁਝ ਉਹਲੇ ਨਹੀਂ। ਉਸ ਦਾ ਗੁਣ ਯਾ ਸੁਭਾਵ ਪਿਆਰ ਹੈ, ਉਹ ਸਾਰਾ ਆਪ ਪ੍ਰੇਮ ਹੈ, ਬੱਸ ਇਹ ਜਾਣ ਲੈ। ਇਹ ਬੀ ਨਾਲੇ ਸਮਝ ਲੈ ਕਿ ਮਿਹਰ ਪਿਆਰ ਦਾ ਇਕ ਅੰਗ ਹੈ। ਹਾਂ ਜਾਣ ਲੈ ਕਿ ਪਿਆਰ ਸਰੂਪ ਹੋਣਾ, ਪਿਆਰ ਕਰਨ ਤੇ ਕਰਾਉਣ ਵਾਲਾ ਹੋਣਾ ਸਦਾ ਆਨੰਦ ਸਰੂਪ ਹੋਣਾ ਹੈ। ਸੋ ਤੂੰ ਸਮਝ ਲੈ ਕਿ ਜੋ ਸਦਾ ਹੈ ਤੇ ਸਦਾ ਦਾਤਾਰ ਹੈ, ਓਹ ਮੇਰਾ ਹੈ ਤੇ ਮੈਂ ਉਸ ਨੂੰ ਕਿਉਂ ਵਿਸਾਰਾਂ, ਸਦਾ ਯਾਦ ਰੱਖਾਂ ਕਿ ਉਹ ਹੈ ਉਹ ਆਨੰਦ ਹੈ, ਉਹ ਦਾਤਾਰ ਹੈ, ਮੇਰਾ ਹੈ, ਮੇਰੇ ਤੇ ਦਾਤਾਰ ਹੈ, ਮੈਂ ਹੁਣ ਉਸ ਤੋਂ ਜੁਦਾ ਨਹੀਂ ਹੋਣਾ। ਜੁਦਾ ਨਾ ਹੋਣਾ ਯਾ ਮਿਲੇ ਰਹਿਣਾ ਕਿਵੇਂ ਹੈ? ਉਸ ਨੂੰ ਸਦਾ ਯਾਦ ਰੱਖ ਕੇ। ਪਰ ਸੱਜਣਾ ਇਸ ਭਾਵ ਵਿਚ ਸਦਾ ਰਹਿਣਾ ਕਠਨ ਹੈ, ਇਸ ਕਰਕੇ ਜਿਵੇਂ ਸਾਡੇ ਚਲੇ ਜਾਣ ਬਾਦ ਤੂੰ ਸਾਡੇ ਪਿਆਰ ਨੂੰ ਸਾਡੇ ਨਾਮ ਨਾਲ ਜੋੜ ਕੇ ਯਾਦ ਰਖੇਂਗਾ ਤਿਵੇਂ ਉਸ ਰੱਬ ਦੇ ਨਾਮ ਨਾਲ ਉਸ ਦੇ ਪਿਆਰ ਭਾਵ ਨੂੰ ਜੋੜ ਅੰਦਰ ਵਸਾਈਦਾ ਹੈ, ਇਸ ਨਾਮ ਆਰਾਧਣ ਨਾਲ ਉਹ ਅੰਦਰ ਪ੍ਰਗਟਦਾ ਹੈ। ਭੁੱਲ ਸਾਡਾ ਸੁਭਾਵ ਹੈ, ਕਰਮ ਸਾਡੇ ਸਰੀਰਕ ਸੁਖਾਂ ਵਾਸਤੇ ਹੀ ਸਾਥੋਂ ਅਕਸਰ ਹੁੰਦੇ ਹਨ, ਮਾਨੋਂ ਅਸੀਂ ਸਰੀਰ ਵਿਚ ਸਰੀਰ ਹੋ ਰਹੇ ਹਾਂ। ਤਾਂਤੇ ਦਾਤੇ ਦੀ ਯਾਦ ਜੋ ਅੰਦਰ ਮਨ ਵਿਚ ਟਿਕਾਉਣੀ ਹੋਵੇ ਤਾਂ ਸਰੀਰ ਤੋਂ ਸਾਧਨ ਆਰੰਭ ਕਰੀਦਾ ਹੈ। ਅਰਥਾਤ ਸਰੀਰ ਦੇ ਅੰਗ ਜੀਭ ਨਾਲ ਉਸ ਦਾ ਨਾਮ ਜਪੀਦਾ ਹੈ। ਨਾਮ ਜਪਦੇ ਰਹਿਣ ਨਾਲ ਖਿਆਲ ਨੂੰ ਉਸ ਪਾਸੇ ਵਲ ਝੁਕਾਉ ਤੇ ਪ੍ਰੇਰਨਾ ਹੁੰਦੀ ਰਹਿੰਦੀ ਹੈ ਤੇ ਇਹ ਝੁਕਾਉ ਉਸ ਦੀ ਯਾਦ ਹੋ ਕੇ ਅੰਦਰ ਵਸਦਾ ਜਾਂਦਾ ਹੈ, ਸੋ ਨਾਮ ਦਾ ਆਖਣਾ ਕੀ ਹੋਇਆ?

1. ਉਸ ਦਾ ਨਾਮ ਰਸਨਾ ਤੇ ਬਿਠਾਉਣਾ, 2.

ਉਸ ਦਾ ਖਿਆਲ ਮਨ ਵਿਚ ਵਸਾਉਣਾ 3. ਉਸ ਦੀ ਹੋਂਦ ਤੇ ਪਿਆਰ ਨੂੰ ਯਾਦ ਵਿਚ, ਸਿੰਮ੍ਰਿਤੀ ਵਿਚ ਵਸਾਉਣਾ, ਐਉਂ ਘਾਲ ਕਰਦਿਆਂ ਜਦ ਉਹ ਪਵਿੱਤਰ ਦਾਤਾ ਸਦਾ ਦਿਨ ਰਾਤ ਅੰਦਰ ਵਸ ਜਾਂਦਾ ਹੈ ਤਦ ਸਾਰੇ ਮਨ ਦੇ ਦਾਗ ਦੂਰ ਹੋ ਜਾਂਦੇ ਹਨ ਤੇ ਹੰਸ, ਜੋ ਅੰਦਰ ਹੈ, ਨਿਰਮਲ ਤੇ ਉੱਜਲ ਹੋ ਜਾਂਦਾ ਹੈ। ਗੁਰੂ ਜੀ ਇਹ ਕਹਿ ਕੇ ਚੁਪ ਹੋ ਗਏ।

ਮਰਦਾਨਾ ਜੋ ਲਾਗੇ ਬੈਠਾ ਸੀ ਕਹਿਣ ਲੱਗਾ - ਹੇ ਫਕੀਰ! ਦਾਤਾ ਜੀ ਦੇ ਵਾਕਾਂ ਨੂੰ ਇਕ ਤੁਕ ਵਿਚ ਯਾਦ ਕਰਕੇ ਪੱਲੇ ਬੰਨ੍ਹ। ਸੁਣ -

*ਗੁਰਾ ਇਕ ਦੇਹਿ ਬੁਝਾਈ ॥*
*ਸਭਨਾ ਜੀਆ ਕਾ ਇਕੁ ਦਾਤਾ*
*ਸੋ ਮੈ ਵਿਸਰਿ ਨ ਜਾਈ ॥* *ਅੰਗ - ੨*

ਇਹ ਸਾਰ ਹਈ ਆਪ ਜੀ ਦੇ ਸਾਰੇ ਕਹੇ ਵਾਕਾਂ ਦਾ ਤੇਰੇ ਚੇਤੇ ਰੱਖਣ ਲਈ। ਹਾਂ, ਯਾਦ ਰੱਖੀਂ ਕਿ ਮੈਨੂੰ ਗੁਰੂ ਨਾਨਕ ਮਿਲਿਆ ਸੀ ਤੇ ਉਹ ਇਕ ਦਾਤ ਬਖਸ਼ ਗਿਆ ਸੀ ਤੇ ਹੁਕਮ ਕਰ ਗਿਆ ਸੀ ਕਿ 'ਸਭਨਾ ਜੀਆ ਕਾ ਇਕੁ ਦਾਤਾ' ਹੈ, ਉਹ ਮੈਨੂੰ ਨਾ ਵਿਸਰੇ, ਉਹ ਮੈਨੂੰ ਕਦੇ ਨਾ ਵਿਸਰੇ, ਉਹ ਮੈਨੂੰ ਸਦਾ ਯਾਦ ਰਹੇ।

ਜਾਂ ਫਕੀਰ ਨੇ ਸੁਣਿਆ ਕਿ ਇਹ ਗੁਰੂ ਨਾਨਕ ਹੈ ਜੋ ਮੇਰੇ ਦੁਆਰੇ ਆਇਆ ਹੈ ਤਾ ਇੱਡੇ ਸ਼ੁਕਰ ਤੇ ਪ੍ਰੇਮ ਦੇ ਵਿਚ ਵਿਚ ਆਇਆ ਕਿ 'ਵਾਹ ਗੁਰ ਨਾਨਕ' ਵੀਹ ਗੁਰ ਨਾਨਕ ਕਰਦਾ ਇਕ ਪ੍ਰੇਮ ਦੇ ਸਰੂਰ ਤੇ ਮਦਹੋਸ਼ੀ ਵਿਚ ਆ ਗਿਆ। ਉਸ ਦਾ ਅੰਦਰਲਾ ਪ੍ਰੇਮ ਨਾਲ ਉਛਲਿਆ ਤੇ ਵੈਰਾਗ ਨਾਲ ਧੋਤੇ ਮਨ ਵਿਚ ਹੁਣ ਇਹ ਗਿਆਨ ਹੈ ਗਿਆ ਕਿ ਜਗਤ ਗੁਰੂ ਨਾਨਕ ਮੇਰੇ ਤੇ ਤਰੁੱਠ ਰਿਹਾ ਹੈ ਤੇ ਇਹ ਪ੍ਰੇਮ ਅੰਦਰ ਆ ਧਸਿਆ ਹੈ ਕਿ ਇਹ ਮੇਰਾ ਹੈ ਗੁਰੂ ਨਾਨਕ, ਮੇਰਾ ਆਪਣਾ ਗੁਰੂ ਨਾਨਕ। ਇਸ ਵੇਲੇ ਨੈਣ ਚਾ ਕੇ ਤੇ ਪ੍ਰੇਮ ਨਾਲ ਭਰੇ ਨੈਣ ਖੁਹਲ ਕੇ ਉਸ ਨੇ ਗੁਰੂ ਨਾਨਕ ਦਾ ਦਰਸਨ ਕੀਤਾ ਤੇ ਗੁਰੂ ਨਾਨਕ ਨੇ ਆਪਣੀ ਮਿਹਰ ਦੀ ਨਦਰ ਪਾਈ, ਕੋਹੜੀ ਦਾ ਕੁਸ਼ਟ ਦੂਰ ਹੋਇਆ।

ਹੁਣ ਵੀਚਾਰ ਕਰੋ ਕਿ ਕੋਹੜੀ ਨੂੰ ਗੁਰੂ ਦਾ ਦਰਸ਼ਨ ਹੋਇਆ, ਫਿਰ ਗੁਰੂ ਮਿਹਰਬਾਨ ਹੋਇਆ ਉਸ ਨੂੰ ਉਸ ਦੇ ਕਰਮਾਂ ਤੇ ਕਰਮਾਂ ਦੇ ਫਲ ਦੀ ਸੋਝੀ ਦਿਤੀ। ਜਿਸ ਨਾਲ ਉਸ ਨੂੰ ਭਾਪਿਆ ਤੇ ਭੈ ਨਾਲ ਵੈਰਾਗ ਹੋ ਕੇ ਮਨ ਤੋਂ ਭੁੱਲ ਦੀ ਮੈਲ ਲੱਥੀ। ਫਿਰ ਗੁਰੂ ਜੀ ਨੇ ਵਾਹਿਗੁਰੂ ਦੀ ਹੋਂਦ ਤੇ ਉਸ ਦੀ ਬਖਸ਼ਿਸ਼ ਦੀ ਸੋਝੀ ਬਖਸ਼ੀ, ਫੇਰ ਨਾਮ ਦੀ ਮਹਿਮਾ ਤੇ ਗਿਆਨ ਦਾਨ ਦਿਤਾ ਤੇ ਦਸਿਆ ਕਿ ਸਾਂਈਂ ਸਦਾ ਸੁਖੀ ਹੈ, ਸਦਾ ਸੁਖੀ ਨਾਲ ਲੱਗੇ ਰਹਿਣਾ ਸਦਾ ਸੁਖੀ ਕਰ ਦੇਵੇਗਾ। ਐਉਂ ਸਮਝਾ ਕੇ, ਸੋਝੀ ਦੇ ਕੇ ਫੇਰ ਨਾਮ ਦਾਨ ਕੀਤਾ। ਫੇਰ ਮਿਹਰਬਾਨ ਗੁਰੂ ਨੇ ਉਸ ਦਾ ਕੋਹੜ ਭੀ ਦੂਰ ਕੀਤਾ। ਕੋਹੜ ਤਾਂ ਰਾਜ਼ੀ ਕੀਤਾ ਪਰ ਕੋਹੜ ਰਾਜ਼ੀ ਕਰਕੇ ਟੁਰ ਨਹੀਂ ਗਏ ਕਿ ਮੈਂ ਪਰਉਪਕਾਰ ਤੇ ਨੇਕੀ ਕਰ ਦਿਤੀ ਹੈ ਬੱਸ। ਸਗੋਂ ਉਸ ਦੀ ਅਗਿਆਨ ਦੀ ਨਿੰਦਰਾ ਖੋਹਲ ਦਿਤੀ, ਉਸ ਨੂੰ ਉਸ ਦੇ ਖੋਟੇ ਕਰਮਾਂ ਦੀ ਸਾਰ ਦੇ ਕੇ ਪਸਚਾਤਾਪ ਤੇ ਵੈਰਾਗ ਨਾਲ ਧੋ ਲਿਆ ਤੇ ਸੋਝੀ ਦੇ ਕੇ ਨਾਮ ਦਾਨ ਦਿਤਾ। ਅਰੋਗ ਕਰਨ ਦੇ ਨਾਲ ਉਸ ਦੇ ਅੰਦਰਲੇ ਨੂੰ ਸ਼ੁਭ ਮਾਰਗ ਤੇ ਪਾ ਦਿਤਾ। ਉਸ ਨੂੰ ਉਸ ਰਾਹੇ ਪਾ ਦਿਤਾ ਕਿ ਜਿਸ ਤੋਂ ਉਸ ਨੂੰ ਇਹ ਵਿਆਪਿਆ ਹੈ ਕਿ ਗੁਰੂ ਜੀ ਨੇ ਉਸ ਨੂੰ ਰੂਹ ਦੀ ਕਲਿਆਣ ਬਖਸ਼ੀ ਹੈ। ਸਾਰਾ ਸ਼ਬਦ ਦੱਸਦਾ ਹੈ ਕਿ ਪਰਮਾਰਥ ਦੇ ਰਸਤੇ ਪਾ ਕੇ ਉਸ ਦੀ ਨੀਂਦ ਖੋਹਲ ਕੇ ਗੁਰੂ ਜੀ ਨੇ ਉਸ ਨੂੰ ਹੁਣ ਤੂੰ ਕਰਮ ਕਰਨਾ ਹੈ ਇਹ ਸਿਖਾਇਆ। ਰਾਹ ਪਾ ਕੇ ਨੈਣ ਖੋਹਲ ਕੇ ਕੰਮ ਦਸ ਕੇ ਤੇ ਸਿਖਾਲ ਕੇ ਕੋਹੜ ਬੀ ਰਾਜ਼ੀ ਕਰ ਦਿਤਾ ਹੈ। ਲਿਖਿਆ ਹੈ ਕਿ ਪਹਿਲੀ ਮਿਹਰਵਾਨਗੀ ਗੁਰੂ ਜੀ ਦੀ ਇਸ ਸ਼ਬਦ ਦਾ ਉਚਾਰ ਹੋਇਆ ਸੀ, ਅਰਥਾਤ ਇਹ ਉਪਦੇਸ਼ ਹੋਇਆ। ਫਿਰ ਲਿਖਿਆ ਹੈ - ਤਬ ਦਰਸ਼ਨ ਕਾ ਸਦਕਾ ਕੋਹੜ ਦੂਰ ਹੋਇ ਗਇਆ, ਦੇਹੀ ਹੱਛੀ ਹੋਈ, ਆਇ ਪੈਰੀ ਪਇਆਂ, ਨਾਉ ਧਰੀਕ ਹੋਆ, ਗੁਰੂ ਗੁਰੂ ਲੱਗਾ ਜਪਣ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ ਕਿ ਉਸ ਦੀ ਦੇਹ ਅਰੋਗ ਹੋ ਗਈ, ਮਨ ਦੇ ਸੰਗ ਬੀ ਨਾਲ ਹੀ ਬਿਨਸ ਗਏ, ਬੁੱਧੀ ਨਿਰਮਲ ਹੋ ਗਈ ਮਨ ਦੀ ਮੈਲ ਕੱਟੀ ਗਈ।

ਉਪਰ ਜੋ ਗੁਫਤਗੂ ਆਈ ਹੈ ਸੋ ਖੁਲ੍ਹੀ ਟੀਕਾ ਹੈ ਉਸ ਸ਼ਬਦ ਦੀ ਜੋ ਇਸ ਪਰਥਾਇ ਗੁਰੂ ਜੀ ਦਾ ਉਚਾਰਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ ਤੇ ਇਹ ਸਾਰੀ ਗੁਰਮਤਿ ਇਸੇ ਸ਼ਬਦ ਵਿਚ ਹੈ। ਸ੍ਰੀ ਗੁਰੂ ਜੀ ਲੋਕਾਂ ਨਾਲ ਗੱਲਾਂ ਤਾਂ ਗੱਲਬਾਤ ਵਾਂਗੂੰ ਹੀ ਕਰਦੇ ਸਨ, ਮਗਰੋਂ ਜੋ ਉਸ ਗੱਲ ਬਾਤ ਦਾ ਤਤਸਾਰ ਹੁੰਦਾ ਸੀ ਸੋ ਸਭਨਾਂ ਦੇ ਉਧਾਰ ਦਾ ਕਾਰਨ ਬਣਨ ਲਈ ਸਰਬ ਕਾਲੀ ਸੱਚ ਦੀ ਸੁਰਤ ਵਿਚ ਸ਼ਬਦ ਵਿਚ ਰਚ ਦੇਂਦੇ ਸਨ। ਕਦੇ ਧੁਰੋਂ ਕੋਈ ਅਮਰੀ ਰੌ

ਆਉਂਦੀ ਸੀ ਤੇ ਸ਼ਬਦ ਉਚਾਰਦੇ ਸੀ। ਕਦੇ ਕਿਸੇ ਪਰਥਾਇ ਤਤਕਾਲ ਸ੍ਰੀ ਗੁਰੂ ਜੀ ਸ਼ਬਦ ਉਚਾਰਦੇ ਸਨ ਤੇ ਮਰਦਾਨੇ ਨੂੰ ਗਾਉਣ ਦਾ ਹੁਕਮ ਹੁੰਦਾ ਸੀ। ਜੋ ਉਸ ਸ਼ਬਦ ਵਿਚ ਮਹਾਰਾਜ ਕਥਨ ਕਰਦੇ ਸਨ ਉਹ ਉਸ ਵੇਲੇ ਦਾ ਉਪਦੇਸ਼ ਹੁੰਦਾ ਸੀ, ਪਰ ਉਹ ਸਰਬ ਕਾਲ ਸਰਬ ਦੇ ਭਲੇ ਦਾ ਹੁੰਦਾ ਸੀ। ਸੋ ਸ੍ਰੀ ਮੁਖ ਤੋਂ ਉਚਾਰੇ ਗਏ ਸ਼ਬਦ ਦਾ ਖੁਲ੍ਹਾ ਅਭਿਪ੍ਰਾਇ, ਉਪਰਲੀ ਗੱਲਬਾਤ ਵਿਚ ਆ ਗਿਆ ਹੈ। ਹੁਣ ਸ਼ਬਦ ਤੇ ਸ਼ਬਦ ਦਾ ਸਾਰਾ ਪਾਠ ਤੁਕ ਵਾਰ ਇਹ ਹੈ –

*ਜੀਉ ਤਪਤੁ ਹੈ ਬਾਰੋ ਬਾਰ ॥*
*ਤਪਿ ਤਪਿ ਖਪੈ ਬਹੁਤੁ ਬੇਕਾਰ ॥*
*ਜੈ ਤਨਿ ਬਾਣੀ ਵਿਸਰਿ ਜਾਇ ॥*
*ਜਿਉ ਪਕਾ ਰੋਗੀ ਵਿਲਲਾਇ ॥ ੧ ॥*
*ਬਹੁਤਾ ਬੋਲਣੁ ਝਖਣੁ ਹੋਇ ॥*
*ਵਿਣੁ ਬੋਲੇ ਜਾਣੈ ਸਭੁ ਸੋਇ ॥ ੧ ॥ ਰਹਾਉ ॥*
*ਜਿਨਿ ਕਨ ਕੀਤੇ ਅਖੀ ਨਾਕੁ ॥*
*ਜਿਨਿ ਜਿਹਵਾ ਦਿਤੀ ਬੋਲੇ ਤਾਤੁ ॥*
*ਜਿਨਿ ਮਨੁ ਰਾਖਿਆ ਅਗਨੀ ਪਾਇ ॥*
*ਵਾਜੈ ਪਵਣੁ ਆਖੈ ਸਭ ਜਾਇ ॥ ੨ ॥*
*ਜੇਤਾ ਮੋਹੁ ਪਰੀਤਿ ਸੁਆਦ ॥*
*ਸਭਾ ਕਾਲਖ ਦਾਗਾ ਦਾਗ ॥*
*ਦਾਗ ਦੋਸ ਮੁਹਿ ਚਲਿਆ ਲਾਇ ॥*
*ਦਰਗਹ ਬੈਸਣ ਨਾਹੀ ਜਾਇ ॥ ੩ ॥*
*ਕਰਮਿ ਮਿਲੈ ਆਖਣੁ ਤੇਰਾ ਨਾਉ ॥*
*ਜਿਤੁ ਲਗਿ ਤਰਣਾ ਹੋਰੁ ਨਹੀ ਥਾਉ ॥*
*ਜੇ ਕੋ ਡੂਬੈ ਫਿਰਿ ਹੋਵੈ ਸਾਰ ॥*
*ਨਾਨਕ ਸਾਚਾ ਸਰਬ ਦਾਤਾਰ ॥* *ਅੰਗ – ੬੬੧*

ਇਸ ਸ਼ਬਦ ਦਾ ਜੇ ਟੀਕਾ ਮਾਤਰ ਹੀ ਕਰੀਏ ਤਾ ਤੁਸੀਂ ਸਾਫ ਸਮਝ ਲਵੋਗੇ ਕਿ ਇਸ ਵਿਚ ਪੱਕਾ ਰੋਗੀ ਤੇ ਉਸ ਦੇ ਵਿਰਲਾਪ, ਤਪਣ, ਖਪਣ ਤੇ ਬਹੁਤ ਬੋਲਣ ਦਾ ਜ਼ਿਕਰ ਹੈ। ਪੱਕਾ ਰੋਗ 'ਕੋਹੜ' ਦਾ ਨਾਮ ਹੈ। ਫਿਰ ਪਰਮੇਸ਼ੁਰ ਦੇ ਬਿਨ ਬੋਲੇ ਜਾਣਨ ਦੀ ਸ਼ਕਤੀ ਇਸ ਸ਼ਬਦ ਵਿਚ ਦੱਸੀ ਹੈ, ਜੀਵ ਨੂੰ ਆਪਣੇ ਰਚੇ ਜਾਣ ਤੇ ਦਾਤਾਂ ਦੇਣ ਵਾਲੇ ਦਾਤਾਰ ਵਲੋਂ ਭੁੱਲ ਪੈ ਜਾਣ ਦਾ ਇਸ ਵਿਚ ਜ਼ਿਕਰ ਹੈ ਤੇ ਭੁੱਲ ਕੇ ਮੋਹ ਪ੍ਰੀਤਾਂ ਸੁਆਦਾਂ ਵਿਚ ਪੈ ਕੇ ਦੋਸ਼ ਕਮਾਉਣ ਤੇ ਉਹਨਾਂ ਦੇ ਦਾਗਾਂ ਦਾ ਤੇ ਦਾਗਾਂ ਦੇ ਫਲ ਦੀ ਵਿਆਖਿਆ ਹੈ। ਫੇਰ ਡੁੱਬਿਆਂ ਦੀ ਬੀ ਸਾਂਈਂ ਸਾਰ ਲੈਂਦਾ ਹੈ ਤੇ ਉਹ ਦਾਤਾਰ ਮਿਹਰ ਕਰਦਾ ਹੈ, ਇਹ ਗੱਲ ਬੀ ਦੱਸੀ ਹੈ। ਉਹ ਮਿਹਰ ਨਾਮ ਦੀ ਬਖਸ਼ਿਸ਼ ਹੈ, ਨਾਮ ਦਾਗ ਧੋਂਦਾ ਹੈ, ਡੁੱਬੇ ਤਾਰਦਾ ਹੈ, ਇਹ ਸੱਚ ਬੀ ਦਰਸਾਇਆ ਹੈ। ਹੁਣ ਇਹ ਸ਼ਬਦ ਉਸ ਪਰਥਾਇ ਹੋਇਆ ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ। ਇਸ ਵਿਚ ਗੱਲਬਾਤ ਬੀ ਹੈ ਤੇ ਤੱਤ ਸਾਰ ਬੀ ਹੈ ਤੇ ਜੋ ਸਰਬ ਕਾਲੀ ਹਰੇਕ ਤੇ ਘਟਣ ਵਾਲਾ ਉਪਦੇਸ਼ ਹੈ ਸੋ ਬੀ ਇਸ ਵਿਚ ਹੈ।

ਧੰਨ ਗੁਰੂ ਨਾਨਕ ਹੈ ਜਿਨ੍ਹੇ ਜਗਤ ਇਸ ਸੁਹਣੇ ਤਰੀਕੇ ਨਾਲ ਤਾਰਿਆ ਕਿ ਜੇ ਕਿਸੇ ਦਾ ਦੁਖ ਦੂਰ ਕੀਤਾ ਤਾਂ ਉਸ ਦੇ ਮਨ ਨੂੰ ਪਲਟਾ ਦੇ ਕੇ, ਜੋ ਮੁੜ ਪਾਪਾਂ ਵਿਚ ਨਾ ਜਾਵੇ ਤੇ ਪੁੰਨੀ ਹੋ ਜਾਵੇ, ਇਸ ਲਈ ਨਾਮ ਦੇ ਲੜ ਲਾ ਦਿਤਾ ਉਸ ਨੂੰ।

ਜਗਤ ਦੁਖੀ ਹੈ, ਗੁਰੂ ਜੀ ਨੇ ਬੀ ਦੁਖੀ ਡਿੱਠਾ ਸੀ ਤੇ ਦਾਰੂ ਬੀ ਦੱਸਿਆ ਸੀ –

*ਨਾਨਕ ਦੁਖੀਆ ਸਭੁ ਸੰਸਾਰੁ ॥* *ਅੰਗ– ੯੫੪*

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥* *ਅੰਗ – ੯੫੪*

ਫੇਰ ਦੇਖੋ ਇਹ ਜੋ ਅਸੂਲ ਉਪਰ ਕਥੇ ਪ੍ਰਸੰਗ ਤੇ ਗੁਰਵਾਕ ਤੋਂ ਸਮਝੇ ਪੈਂਦਾ ਹੈ ਉਹੋ ਅਸੂਲ ਪੰਜਵੇਂ ਜਾਮੇ ਸ੍ਰੀ ਗੁਰੂ ਜੀ ਨੇ ਸਾਡੀ ਮੰਦੀ ਬੁੱਧ ਲਈ ਹੋਰ ਸੌਖਾ ਕਰਕੇ ਸਾਫ ਦਸਿਆ ਹੈ –

*ਕਵਨੁ ਕਵਨੁ ਨਹੀ ਪਤਰਿਆ ਤੁਮ੍ਹਰੀ ਪਰਤੀਤਿ ॥*
*ਮਹਾ ਮੋਹਨੀ ਮੋਹਿਆ ਨਰਕ ਕੀ ਰੀਤਿ ॥ ੧ ॥*
*ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ ॥*
*ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ ॥ ੧ ॥*
*ਰਹਾਉ ॥*
*ਜਪ ਤਪ ਸੰਜਮ ਤੁਮ੍ ਖੰਡੇ ਜਮ ਕੇ ਦੁਖ ਡਾਂਡ ॥*
*ਸਿਮਰਹਿ ਨਾਹੀ ਜੋਨਿ ਦੁਖ ਨਿਰਲਜੇ ਭਾਂਡ ॥ ੨ ॥*
*ਹਰਿ ਸੰਗਿ ਸਹਾਈ ਮਹਾ ਮੀਤੁ ਤਿਸ ਸਿਉ ਤੇਰਾ ਭੇਦੁ ॥*
*ਬੀਧਾ ਪੰਚ ਬਟਵਾਰਈ ਉਪਜਿਓ ਮਹਾ ਖੇਦੁ ॥ ੩ ॥*
*ਨਾਨਕ ਤਿਨ ਸੰਤਨ ਸਰਣਾਗਤੀ ਜਿਨ ਮਨੁ ਵਸਿ ਕੀਨਾ ॥*
*ਤਨੁ ਧਨੁ ਸਰਬਸੁ ਆਪਣਾ ਪ੍ਰਭਿ ਜਨ ਕਉ ਦੀਨ੍ਾ ॥*
*ਅੰਗ– ੮੧੫*

ਇਸ ਵਿਚ ਕਿਸ ਤਰ੍ਹਾਂ ਸਾਫ-ਸਾਫ ਪਏ ਦਸਦੇ ਹਨ ਕਿ ਹੇ ਮਨ ਤੂੰ ਕਿਸ-ਕਿਸ ਨੂੰ ਨਹੀਂ ਡੇਗਿਆ ਜਪ ਤਪ ਸੰਜਮ ਦੀ ਤੂੰ ਪੇਸ਼ ਨਹੀਂ ਜਾਣ ਦਿਤੀ। ਪੰਜਾਂ ਠੱਗਾਂ ਦੇ ਵਸ ਪੈ ਕੇ ਤੂੰ ਕੀਹ-ਕੀਹ ਦੁਖ ਨਹੀਂ ਦਿਤੇ। ਦਾਰੂ ਕੀ ਦਸਦੇ ਹਨ ਕਿ ਸਤਿਸੰਗ ਕਰੋ ਤੇ ਸਿਮਰਨ ਕਰੋ ਉਸ ਦੇ ਨਾਮ ਦਾ। ਰਹਾਉ ਵਿਚ ਫਿਰ ਸਾਫ ਤੇ ਮਨ ਨੂੰ ਧਿਰਕਾਰ ਦੇਣ ਵਾਲੀ ਬੋਲੀ ਵਿਚ ਅਸੂਲ ਦਸਦੇ ਹਨ – ਇਹ ਮਨ ਖੋਤੇ

ਦੀ ਨਿਆਈਂ ਹੈ, ਇਸ ਨੂੰ ਅਗਾੜੀ ਪਿਛਾੜੀ ਬੱਝੀ ਰਹੇ ਤਾਂ ਠੀਕ ਹੈ, ਜੇ ਖੋਹਲੋ ਤਾਂ ਸੁਆਹ ਵਿਚ ਲੇਟੇਗਾ ਤੇ ਆਪਣੇ ਸਿਰ ਬੀ ਪਾਊ ਤੇ ਲੋਕਾਂ ਦੇ ਬੀ, ਤਾਂ ਤੇ ਇਸ ਦੀ ਪਿਛਾੜੀ ਤਦ ਖੋਹਲੋ ਜਦ ਛੱਟ ਉਪਰ ਲੱਦ ਲਵੇ ਤਾਂ। ਸ਼ਬਦ ਦੀ ਵਿਵੇਚਨਾ ਤੋਂ ਸਮਝ ਆ ਜਾਂਦੀ ਹੈ ਕਿ ਇਸ ਮਨ ਨੂੰ ਵਾਹਿਗੁਰੂ ਦੇ ਨਾਮ ਨਾਲ ਪਰੋ ਲਓ ਤਾਂ ਇਸ ਨੂੰ ਵਿਆਪ ਦੁਖਾਂ ਤੋਂ ਕੋਈ ਖੁੱਲ੍ਹ ਦਿਓ। ਅਰਥਾਤ ਦੁਖਾਂ-ਸੁਖਾਂ ਨਾਲ ਵਿਹੜੇ ਜੀਵਾਂ ਨੂੰ ਪਹਿਲਾਂ ਗੁਰਬਾਣੀ ਪਾਠ ਦੀ ਸੋਝੀ ਦੇ ਕੇ ਨਾਮ ਵਿਚ ਲਾਓ ਤਾਂ ਸਰੀਰਕ ਦੁਖਾਂ ਤੋਂ ਛੁਡਾਓ। ਮਤਲਬ ਇਹ ਕਿ ਸਭ ਤੋਂ ਵੱਡਾ ਉਪਕਾਰ ਦੁਖ ਨਿਵਿਰਤੀ ਦਾ ਉਹ ਹੈ ਜਿਸ ਨਾਲ ਦੁਖਾਂ ਦੀ ਜੜ੍ਹ ਕਟ ਜਾਵੇ। 'ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥ (ਅੰਗ-1279) ਜੀਵ ਸ਼੍ਰੇਣੀ ਦੇ ਸਾਧੂ ਉਤਨਾ ਕੁਛ ਤਾਂ ਨਹੀਂ ਕਰ ਸਕਦੇ ਜੋ ਅਵਤਾਰ ਗੁਰੂ ਕਰ ਸਕਦਾ ਹੈ, ਪਰ ਜੇ ਕਿਸੇ ਸੰਤ ਸਾਧੂ ਨੂੰ ਕਿਸੇ ਦੀ ਖੇਦ ਨਵਿਰਤੀ ਦਾ ਚਾਉ ਆਵੇ ਤਾਂ ਉਸ ਦੁਖੀਏ ਨੂੰ ਬਾਣੀ ਤੇ ਨਾਮ ਵਿਚ ਲਾਵੇ ਤੇ ਦੱਸੇ ਕਿ ਇਹ ਨਾਮ ਆਪ ਦਾ ਦੁਖ ਦੂਰ ਕਰੇਗਾ। ਮੇਰੀ ਸ਼ਕਤੀ ਨਾਲ ਜੋ ਤੂੰ ਬੀਮਾਰੀ ਤੋਂ ਵੱਲ ਹੋਣਾ ਹੈ ਤਾਂ ਫੇਰ ਦੁਖ ਵਿਚ ਫਸੇਂਗਾ ਤੇ ਜੇ ਉਹ ਸ਼ਕਤੀ, ਜੋ ਤੂੰ ਮੇਰੇ ਵਿਚ ਸਮਝਦਾ ਹੈਂ, ਤੂੰ ਆਪ ਲੈ ਲਵੇਂ ਤਾਂ ਤੂੰ ਆਪ ਵੇਦੰਗੀ ਸਿੱਖ ਗਿਆ। ਤਾਂ ਤੇ ਤੂੰ ਬਾਣੀ ਤੇ ਨਾਮ ਵਿਚ ਲੱਗ।

ਉਪਕਾਰ ਕਰੋ, ਸੇਵਾ ਕਰੋ ਜਗਤ ਦੁਖੀ ਹੈ, ਪਰ ਜਿਸ ਦਾ ਭਲਾ ਕਰਨ ਨੂੰ ਚਿਤ ਕਰੇ ਉਸ ਨੂੰ ਰੱਬ ਦੇ ਰਸਤੇ ਲਾ ਦਿਓ। ਇਸ ਨਾਲ ਉਸ ਦਾ ਮਨ ਸੁਧਰੇਗਾ, ਵੀਚਾਰ ਵਧੇਗੀ, ਸਾਈਂ ਨਾਲ ਨਿਹੁੰ ਲੱਗੇਗਾ ਤੇ ਦੁਖ ਆਪੇ ਦੂਰ ਹੋਣਗੇ। ਜੋ ਕੁਛ ਸਰ ਬਣ ਆਵੈ ਭਲਾ ਕਰ ਦਿਓ। ਭਲਾ ਕਰ, ਪਰ ਸਾਂਈਂ ਦਾ ਹੁਕਮ ਜਾਣ ਕੇ, ਹਉਂ ਧਾਰ ਕੇ ਨਾ ਕਰੋ। ਹੁਕਮ ਵਿਚ ਕੀਤੇ ਕੰਮ ਹਉਂ ਨਹੀਂ ਪੈਣ ਦਿੰਦੇ ਤੇ ਉਹਨਾਂ ਦਾ ਫਲ ਬੀ ਮਾੜਾ ਨਹੀਂ ਲਗਦਾ।

ਨਾਮ ਜਪਣਾ ਸਾਡਾ ਪਹਿਲਾ ਧਰਮ ਹੈ। ਆਪ ਜਪ ਕੇ ਹੋਰਨਾਂ ਨੂੰ ਜਪਾਉਣਾ ਇਹ ਗੁਰੂ ਦਾ ਹੁਕਮ ਹੈ, ਹੁਕਮ ਸਮਝ ਕੇ ਕਾਰ ਕਰਨੀ ਮੁਕਤ ਰੂਪ ਹੈ। ਭਲਾ ਕਰਨਾ ਸਿੱਖ ਦਾ ਸੁਭਾਵ ਹੈ, ਇਹ ਭੀ ਹੁਕਮ ਸਮਝ ਕੇ ਕਰਨਾ ਹੈ। ਜੋ ਦੁਖ ਸੁਖ ਆਉਣ ਇਹ ਭੀ ਹੁਕਮ ਸਮਝਣੇ ਹਨ।

*'ਚਲਦਾ.......।'*

*(ਪੰਨਾ 41 ਦੀ ਬਾਕੀ)*

ਹੈ। ਬਾਕੀ ਤਾਂ ਸਾਰਾ ਠੀਕ ਹੈ। ਕਹਿੰਦਾ ਕਿ ਜਿਹੜੀ ਇਹ ਮਾਇਆ ਹੈ ਪਰਮੇਸ਼ਰ ਦੀ ਬਰਾਬਰ ਦੀ ਸ਼ਕਤੀ ਹੈ। ਮਾਇਆ ਇਕੱਲੇ ਪੈਸੇ ਨੂੰ ਨਹੀਂ ਕਿਹਾ। ਮਾਇਆ ਉਹ ਹੈ ਜਿਹੜੀ ਭੁੱਲ ਹੈ। ਇਹ ਮਾਇਆ ਰਜੋ ਗੁਣੀ, ਤਮੋ ਗੁਣੀ, ਸਤੋ ਗੁਣੀ ਹੈ। ਤਿੰਨ ਗੁਣਾਂ ਦੇ ਵਿਚ -

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥*

*ਅੰਗ - ੯੨੦*

ਸਾਰੀ ਉਮਰ ਲੰਘ ਜਾਂਦੀ ਹੈ। ਹੁਣ ਉਹ ਕਹਿੰਦੇ, ਸ਼ਕਤੀ ਐਨੀ ਪ੍ਰਬਲ ਹੈ -

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥*
*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥*
*ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥*
*ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥*

*ਅੰਗ - ੭*

ਹੁਣ ਉਹ ਜਿਹੜੇ ਤਿੰਨ ਚੇਲੇ ਪੈਦਾ ਹੋਏ, ਮਾਇਆ ਦਾ ਪ੍ਰਮੇਸ਼ਰ ਨਾਲ ਸਬੰਧ ਹੋਇਆ, ਨਾਂ ਰੱਖ ਦਿਤੇ, ਬ੍ਰਹਮਾ, ਵਿਸ਼ਨੂੰ, ਮਹੇਸ਼। ਸਾਇੰਸ ਨੇ ਖੋਜ ਕੀਤੀ। ਇਲੈਕਟ੍ਰਾਨ, ਪ੍ਰੋਟਾਨ, ਨਿਊਟ੍ਰਾਨ। ਇਸ ਤਰ੍ਹਾਂ ਦੇ ਨਾਲ ਵੇਦਾਂਤ ਕਹਿ ਰਿਹਾ ਹੈ ਕਿ ਜੇ ਪਰਮੇਸ਼ਰ ਦੀ ਸ਼ਕਤੀ ਹੈ ਤਾਂ ਮਾਇਆ ਦੀ ਵੀ ਬਰਾਬਰ ਦੀ ਸ਼ਕਤੀ ਹੈ। ਮਾਇਆ ਅਨਾਦੀ ਹੈ। ਸੋ ਇਸ ਵਿਸ਼ੇ 'ਤੇ ਵੇਦਾਂਤੀ ਬੋਲੇ।

ਮਹਾਂਪੁਰਸ਼ਾਂ ਨੇ ਫੇਰ ਗੁਰਬਾਣੀ ਅਨੁਸਾਰ, ਗੁਰਮਤਿ ਅਨੁਸਾਰ ਸੋਧ ਕੀਤੀ ਕਿ ਪਿਆਰਿਓ! ਇਹ ਮਾਇਆ ਵੀ ਉਸ ਦੀ ਹੈ -

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥*

*ਅੰਗ - ੫੩੭*

ਇਸ ਕਰਕੇ ਇਹ ਨਹੀਂ ਕਿ ਇਹ ਇਸ ਦੇ ਅਧੀਨ ਹੈ। ਉਸ ਨੇ ਆਪ ਆਪਣਾ ਪਸਾਰਾ ਕੀਤਾ ਹੈ। ਇਸ ਕਰਕੇ ਇਥੇ ਵੇਦਾਂਤ ਦਾ ਫਰਕ ਪੈਂਦਾ ਹੈ।

ਸੋ ਪ੍ਰੇਮਾ ਭਗਤੀ ਸਹਿਤ ਜੋ ਗਿਆਨ ਹੈ ਉਸ ਨੂੰ ਮਾਇਆ ਮੋਹ ਨਹੀਂ ਸਕਦੀ, ਭੁੱਲ ਨਹੀਂ ਸਕਦਾ ਗਿਆਨੀ। ਮਨ ਵਿਚ ਸ਼ਰਧਾ ਆਉਂਦੀ ਹੈ, ਮਨ ਵਿਚ ਪਿਆਰ ਆਉਂਦਾ ਹੈ। ਫੇਰ ਜਦੋਂ ਇਸ ਤਰ੍ਹਾਂ ਸ਼ੰਕੇ ਨਵਿਰਤ ਹੋ ਜਾਂਦੇ ਹਨ ਫੇਰ ਸਾਡੀ ਸ਼ਰਧਾ ਨਾਲ ਕੀਤੀ ਹੋਈ ਅਰਦਾਸ ਪ੍ਰਵਾਨ ਹੋ ਜਾਂਦੀ ਹੈ।

*ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।*

# ਜਨ ਪਰਉਪਕਾਰੀ ਆਏ

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-49)*

ਧੰਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਤਾ ਆਪ ਪ੍ਰਮੇਸ਼ਵਰ ਦਾ ਸਰਗੁਣ ਰੂਪ ਧਾਰ ਕੇ ਸੰਸਾਰ ਦਾ ਉਧਾਰ ਕਰਨ ਆਏ। ਸਮਰੱਥ ਸਤਿਗੁਰੂ ਜੀ ਹਨ ਤੇ ਆਪ ਜੀ ਦੀ ਮਹਿਮਾ ਕਥਨ ਨਹੀਂ ਕੀਤੀ ਜਾ ਸਕਦੀ ਕਿਉਂਕਿ ਅਗਾਧ ਬੋਧ ਹੈ।

*ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ ॥*
*ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ ॥*
*ਅੰਗ – ੫੨*

ਪਰ ਨੇਤ ਅਨੁਸਾਰ ਬਚਪਨ ਤਾਂ ਆਪ ਜੀ ਨੇ ਹੰਢਾਇਆ ਤੇ ਵੱਡੀ ਭੈਣ ਬੇਬੇ ਨਾਨਕੀ ਜੀ ਦਾ ਜੋ ਸਾਥ ਮਿਲਿਆ ਉਹ ਵੀ ਬੇਮਿਸਾਲ ਹੈ। ਜੀਵਨ ਦੇ ਹਰ ਮੋੜ ਉਤੇ ਅਤੇ ਹਰ ਪਲ ਬੇਬੇ ਜੀ ਆਪ ਜੀ ਦੇ ਨਾਲ ਇਸ ਤਰ੍ਹਾਂ ਰਹਿੰਦੇ ਸਨ ਜਿਵੇਂ ਚਾਨਣ ਵਿਚ ਸਾਡਾ ਪਰਛਾਵਾਂ ਸਾਡੇ ਚਾਰੇ ਪਾਸੇ ਘੁੰਮਦਾ ਰਹਿੰਦਾ ਹੈ। ਪਰਿਵਾਰ ਵਿਚ ਕੇਵਲ ਇਕ ਬੇਬੇ ਨਾਨਕੀ ਜੀ ਹੀ ਸਨ ਜਿਨ੍ਹਾਂ ਨੇ ਆਪ ਨੂੰ ਪਾਰਬ੍ਰਹਮ ਦਾ ਸਰਗੁਣ ਰੂਪ ਪਛਾਣ ਕੇ ਸੇਵਾ ਕੀਤੀ। ਬਚਪਨ ਵਿਚ ਛੋਟਾ ਵੀਰ ਸਮਝ ਕੇ ਲਾਡ ਲਡਾਇਆ ਅਤੇ ਪਿਤਾ ਮਹਿਤਾ ਕਲਿਆਨ ਦਾਸ ਜੀ ਦੇ ਗੁੱਸੇ ਨੂੰ ਠੰਡਾ ਕਰਨ ਵਾਸਤੇ ਅਤੇ ਬਚਾਅ ਕਰਨ ਵਾਸਤੇ ਹਮੇਸ਼ਾ ਦੀਵਾਰ ਵਾਂਗੂੰ ਪਿਆਰੇ ਵੀਰ ਦੇ ਅੱਗੇ ਹੋ ਖਲੋ ਜਾਂਦੇ ਸਨ। ਪਿਆਰੇ ਵੀਰ ਦੇ ਅਗੰਮੀ ਕੌਤਕਾਂ ਨੂੰ ਦੇਖ ਕੇ ਵਿਸਮਾਦਿਤ ਹੋ ਜਾਂਦੇ ਅਤੇ ਮਾਤਾ ਪਿਤਾ ਜੀ ਨੂੰ ਬਾਰ-ਬਾਰ ਸਮਝਾਉਂਦੇ ਕਿ ਮੇਰਾ ਵੀਰ ਆਮ ਮਨੁੱਖ ਨਹੀਂ, ਇਹ ਆਪ 'ਰੱਬ' ਹੈ। ਸਤਿਗੁਰੂ ਜੀ ਨੂੰ ਮੋਦੀਖਾਨੇ ਦੀ ਸੇਵਾ ਵਿਚ ਲਾਉਣਾ ਅਤੇ ਗ੍ਰਿਹਸਤ ਜੀਵਨ ਦੇ ਨਾਲ ਜੋੜਨ ਵਾਲਾ ਹੋਰ ਕੋਈ ਨਹੀਂ, ਉਹ ਵੀ ਬੇਬੇ ਨਾਨਕੀ ਜੀ ਤੇ ਉਸ ਦਾ ਸਹੁਰਾ ਪਰਿਵਾਰ ਹੀ ਹੈ। ਜਦੋਂ ਸਤਿਗੁਰੂ ਜੀ ਨੇ ਵੇਈਂ ਨਦੀ ਦਾ ਕੌਤਕ ਵਰਤਾਇਆ ਤਾਂ ਹੋਰ ਸਭ ਡੋਲ ਗਏ ਪਰ ਬੇਬੇ ਨਾਨਕੀ ਜੀ ਦਾ ਅਟੱਲ ਵਿਸ਼ਵਾਸ਼ ਨਹੀਂ ਡੋਲਿਆ। ਜਦੋਂ ਸਤਿਗੁਰੂ ਜੀ ਉਦਾਸੀ ਯਾਤਰਾ ਦੇ ਸਮੇਂ ਜਗਤ ਜਲੰਦੇ ਦਾ ਉਧਾਰ ਕਰਨ ਵਾਸਤੇ ਤਿਆਰ ਹੋਏ ਤਾਂ ਉਸ ਵੇਲੇ ਗੁਰੂ ਜੀ ਦੇ ਸਹੁਰੇ ਪਰਿਵਾਰ ਨੂੰ ਸੁਮੱਤ ਦੇ ਕੇ ਬੇਬੇ ਨਾਨਕੀ ਜੀ ਨੇ ਹੀ ਸਮਝਾਇਆ ਸੀ। ਬੇਬੇ ਜੀ ਨੇ ਗੁਰੂ ਜੀ ਦੇ ਬੱਚਿਆਂ ਦੀ ਪਾਲਣ-ਪੋਸਣ ਦੀ ਜ਼ਿੰਮੇਵਾਰੀ ਆਪਣੇ ਸਿਰ 'ਤੇ ਲਈ। ਸ੍ਰੀ ਗੁਰੂ ਨਾਨਕ ਸਾਹਿਬ ਵਲੋਂ ਜਦੋਂ ਗੁਰਬਾਣੀ ਸੰਗੀਤ ਪਰਗਟ ਕਰਨ ਦਾ ਸਮਾਂ ਆਇਆ ਤਾਂ ਭਾਈ ਮਰਦਾਨਾ ਜੀ ਨੂੰ ਰਬਾਬ ਖਰੀਦ ਕੇ ਦਿਤੀ। ਸਤਿਗੁਰੂ ਨਾਨਕ ਜੀ ਬੇਬੇ ਨਾਨਕੀ ਜੀ ਨੂੰ ਅਥਾਹ ਪਿਆਰ ਕਰਦੇ ਤੇ ਉਨ੍ਹਾਂ ਦਾ ਬਚਨ ਸੀ ਕਿ "ਬੇਬੇ ਜੀ! ਤੁਸੀਂ ਜਦੋਂ ਯਾਦ ਕਰੋਗੇ ਮੈਂ ਉਸੇ ਵੇਲੇ ਹਾਜ਼ਰ ਹੋ ਜਾਵਾਂਗਾ।" ਸਤਿਗੁਰੂ ਜੀ ਨੇ ਇਸ ਪਿਆਰ ਨੂੰ ਬੇਬੇ ਜੀ ਦੇ ਆਖਰੀ ਸਵਾਸਾਂ ਤਕ ਨਿਭਾਇਆ। ਬੇਬੇ ਨਾਨਕੀ ਜੀ ਦਾ ਤਿਆਗ ਦੇਖ ਕੇ ਹੈਰਾਨ ਹੋ ਜਾਈਦਾ ਹੈ ਕਿ ਨਾਨਕੀ ਭੈਣ ਨੇ ਆਪਣੇ 'ਰੱਬ ਵੀਰ' ਤੋਂ ਆਪਣੇ ਵਾਸਤੇ ਕਦੀ ਵੀ ਕੁਛ ਨਹੀਂ ਮੰਗਿਆ। ਜੇ ਮੰਗਿਆ ਹੈ ਤਾਂ ਬੇਬੇ ਨਾਨਕੀ ਜੀ ਨੇ ਵੀਰ 'ਨਾਨਕ ਜੀ' ਦੀ ਸਲਾਮਤੀ ਤੇ ਉਸ ਦਾ ਨਿੱਘਾ ਪਿਆਰ ਮੰਗਿਆ ਹੈ।

ਇਸੇ ਤਰ੍ਹਾਂ ਨਾਲ ਮਾਤਾ ਸੁਲੱਖਣੀ ਜੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀਆਂ ਉਦਾਸੀਆਂ ਦੇ ਲੰਮੇ ਸਮੇਂ ਨੂੰ ਬੜੇ ਧੀਰਜ ਨਾਲ ਬਿਤਾਇਆ, ਬੱਚਿਆਂ ਦੀ ਪਾਲਣਾ ਤੇ ਮਾਤਾ ਪਿਤਾ ਜੀ ਦੀ ਸੇਵਾ ਕੀਤੀ। ਜਦੋਂ ਸੁਲਤਾਨਪੁਰ ਲੋਧੀ ਵਿਖੇ ਸਤਿਗੁਰੂ ਜੀ ਮੋਦੀ ਖਾਨੇ ਦੀ ਕਾਰ ਨਿਭਾ ਰਹੇ ਸਨ ਤਾਂ ਉਨ੍ਹਾਂ ਨੇ ਵੀ ਇਹੋ ਬਚਨ ਆਖੇ ਸਨ ਕਿ ਜਦੋਂ ਘਰ ਹੁੰਦੇ ਹੋ ਤਾਂ ਮੇਰੇ ਕੋਲ ਸਾਰੀ ਦੁਨੀਆਂ ਦੀ ਖੁਸ਼ੀ ਅਤੇ ਦੌਲਤ ਹੁੰਦੀ ਹੈ, ਪ੍ਰਦੇਸਾਂ ਵਿਚ ਨਾ ਜਾਓ। ਇਸ ਨੂੰ ਪਿਆਰ ਤੇ ਸਮਰਪਣ ਕਹਿੰਦੇ ਹਨ।

ਜਿਵੇਂ ਇਤਿਹਾਸ ਵਿਚ ਵੀ ਜ਼ਿਕਰ ਆਉਂਦਾ ਹੈ ਕਿ ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ, ਭਾਈ ਲਹਿਣਾ ਜੀ ਦੇ ਰੂਪ ਵਿਚ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਟਿਕਣ ਲਈ, ਆਪਣੇ ਫੈਸਲੇ ਬਾਰੇ ਮਾਤਾ ਖੀਵੀ ਜੀ ਨੂੰ ਦਸਿਆ ਤਾਂ ਉਸ ਵੇਲੇ ਮਾਤਾ ਖੀਵੀ ਜੀ ਨੇ ਕਿਹਾ, ਬਾਹਰ ਨਾ ਜਾਓ, ਜੋਗ ਕਮਾਓ। ਜਿਵੇਂ ਤੁਸੀਂ ਆਖੋਗੇ, ਮੈਂ ਉਸੇ ਤਰ੍ਹਾਂ ਟੁਰਾਂਗੀ। ਤੁਹਾਡੇ ਤਪ ਵਿਚ ਰੋੜਾ ਨਾ ਅਟਕਾਸਾਂ।

ਭਾਵੇਂ ਮਾਤਾ ਜੀ ਜਾਣਦੇ ਸਨ ਕਿ ਹੁਣ ਇਨ੍ਹਾਂ ਦਾ ਮਨ ਘਰ ਦੇ ਕੰਮ ਕਾਰ ਵਿਚ ਨਹੀਂ ਲਗਦਾ, ਇਸੇ ਲਈ ਕੰਮ ਦੀ ਸਾਰੀ ਜ਼ਿੰਮੇਵਾਰੀ ਭਣੇਵੇਂ ਨੂੰ ਸੌਂਪ ਰਹੇ ਹਨ। ਉਸ ਵੇਲੇ ਭਾਈ ਲਹਿਣਾ ਜੀ ਨੇ ਕਿਹਾ ਸੀ ਕਿ "ਮੈਂ ਜਿਸ ਕੋਲ ਚਲਿਆ ਹਾਂ, ਉਹ ਕੋਈ ਜੋਗੀ, ਜੰਗਮ, ਸੰਨਿਆਸੀ ਜਾਂ ਸਰੇਵੜਾ ਨਹੀਂ, ਉਸ ਨੇ ਗ੍ਰਿਹਸਤ ਵਿਚ ਉਦਾਸੀ ਦਾ ਰਾਹ ਦਿਖਾਇਆ ਹੈ, ਉਸ ਦੇ ਪ੍ਰੇਮ ਹੱਥ ਮੈਂ ਵਿਕਿਆ ਹਾਂ।" ਫੇਰ ਮਾਤਾ ਖੀਵੀ ਜੀ ਨੇ ਵੀ ਪਤੀ ਪ੍ਰਮੇਸ਼ਰ ਜੀ ਦੇ ਹੁਕਮ ਨੂੰ, ਖੁਸ਼ੀ-ਖੁਸ਼ੀ ਸਿਰ ਮੱਥੇ ਮੰਨ ਕੇ, ਬੱਚਿਆਂ ਦੀ ਪ੍ਰਵਰਿਸ਼ ਤੇ ਗ੍ਰਿਹਸਤ ਦੀਆਂ ਜ਼ੁੰਮੇਵਾਰੀਆਂ ਨੂੰ ਨਿਭਾ ਕੇ ਪੂਰਾ-ਪੂਰਾ ਸਾਥ ਦਿਤਾ। ਇਹ ਵੀ ਸੇਵਾ ਤੇ ਸਮਰਪਣ ਦੀ ਅਨੂਠੀ ਮਿਸਾਲ ਹੈ। ਜਦੋਂ ਸ੍ਰੀ ਗੁਰੂ ਸਾਹਿਬ ਜੀ ਦੇ ਹੁਕਮ ਨਾਲ ਆਪ ਜੀ ਖਡੂਰ ਸਾਹਿਬ ਆ ਗਏ ਜਿਥੇ ਆਪ ਜੀ ਨੇ ਗੁਰ-ਸ਼ਬਦ ਲੰਗਰ ਦਾ ਅਤੁੱਟ ਭੰਡਾਰਾ ਵਰਤਾਇਆ ਤਾਂ ਉਥੇ ਮਾਤਾ ਖੀਵੀ ਜੀ ਨੇ, ਸੰਗਤਾਂ ਦੀ ਸੰਭਾਲ ਕੀਤੀ, ਗੁਰੂ ਕੇ ਲੰਗਰ ਦੀ ਜ਼ਿੰਮੇਵਾਰੀ ਆਪਣੇ ਸਿਰ ਤੇ ਚੁੱਕ ਲਈ, ਨਾਲੇ ਮਾਵਾਂ ਵਾਲਾ ਨਿਘਾ ਪਿਆਰ ਵੀ ਵੰਡਿਆ ਅਤੇ ਲੰਗਰ ਵਿਚ ਸੰਗਤਾਂ ਵਾਸਤੇ ਅਨੇਕਾਂ ਪਦਾਰਥ ਤੇ ਘਿਓ ਵਾਲੀ ਖੀਰ ਵਰਤਾਈ ਜਿਸ ਦਾ ਜ਼ਿਕਰ ਭਾਈ ਰਾਇ ਬਲਵੰਡ ਤਥਾ ਭਾਈ ਸਤੈ ਜੀ ਨੇ ਰਾਮਕਲੀ ਦੀ ਵਾਰ ਵਿਚ ਇਸ ਪ੍ਰਕਾਰ ਕੀਤਾ ਹੈ -

*ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥*
*ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥*
*ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ ॥*
*ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ ॥*
*ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ ॥*

*ਅੰਗ - ੯੬੭*

ਬੀਬੀ ਅਮਰੋ ਜੀ ਜੋ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਜੀ ਦੀ ਵੱਡੀ ਸਪੁੱਤਰੀ ਸੀ ਜਿਸ ਦਾ ਜਨਮ ਮਾਤਾ ਖੀਵੀ ਜੀ ਦੀ ਕੁਖੋਂ ਹੋਇਆ, ਬੜੀ ਹੋਣਹਾਰ ਸੀ। ਉਨ੍ਹਾਂ ਨੇ ਬਚਪਨ ਵਿਚ ਹੀ ਗੁਰੂ ਪਿਤਾ ਜੀ ਪਾਸੋਂ ਗੁਰਮੁਖੀ ਲਿਖਣੀ-ਪੜ੍ਹਨੀ ਸਿੱਖ ਲਈ ਅਤੇ ਸਿੱਧ ਗੋਸਟ ਦੀ ਬਾਣੀ ਅਤੇ ਹੋਰ ਬਹੁਤ ਸਾਰੇ ਗੁਰਬਾਣੀ ਦੇ ਸ਼ਬਦ ਕੰਠ ਕਰ ਲਏ। ਬੀਬੀ ਅਮਰੋ ਜੀ ਦਾ ਗਲਾ ਬੜਾ ਰਸੀਲਾ ਸੀ ਅਤੇ ਆਪ ਨੇ ਕੀਰਤਨ ਕਰਨਾ ਵੀ ਸਿੱਖ ਲਿਆ। ਬੀਬੀ ਅਮਰੋ ਜੀ ਬਾਰੇ ਇਤਿਹਾਸ ਵਿਚ ਲਿਖਿਆ ਮਿਲਦਾ ਹੈ ਕਿ ਜਿਵੇਂ ਭਗਤੀ ਆਪਣਾ ਸਰੀਰ ਧਾਰ ਕੇ ਆਪਣੇ ਪਿਤਾ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਘਰ ਜਨਮੀ ਹੋਵੇ -

*ਸ੍ਰੀ ਗੁਰ ਅੰਗਦ ਕੀ ਸੁਤਾ ਬੀਬੀ ਅਮਰੋ ਨਾਮ।*
*ਭਗਤਿ ਧਾਰ ਬਪੁ ਅਪਨੋਂ*
*ਉਪਜੀ ਸਤਿਗੁਰ ਧਾਮ।*
*ਸ਼ਬਦ ਬਾਣੀ ਨਿੱਤ ਪੜ੍ਹਨ ਕਰ ਚਾਹ ਰੇ।*

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)*

ਗੁਰੂ ਜੀ ਨੇ ਸਿੱਖੀ ਦੇ ਪ੍ਰਚਾਰ ਵਾਸਤੇ ਜੋ 22 ਮੰਜੀਆਂ ਸਥਾਪਿਤ ਕੀਤੀਆਂ ਸਨ ਉਨ੍ਹਾਂ ਵਿਚੋਂ ਇਕ ਮੰਜੀ ਬੀਬੀ ਅਮਰੋ ਜੀ ਨੂੰ ਬਖਸ਼ਿਸ਼ ਹੋਈ ਸੀ। ਆਪ ਜੀ ਦੀ ਸ਼ਾਦੀ ਪਿੰਡ ਬਾਸਰਕੇ ਦੇ ਵਸਨੀਕ ਸ੍ਰੀ ਗੁਰੂ ਅਮਰਦਾਸ ਜੀ ਦੇ ਸਭ ਤੋਂ ਛੋਟੇ ਭਰਾ ਭਾਈ ਮਾਣਕ ਚੰਦ ਜੀ ਦੇ ਸਪੁੱਤਰ ਭਾਈ ਜੱਸੂ ਜੀ ਨਾਲ ਹੋਈ ਜੋ ਸਤਿਗੁਰੂ ਜੀ ਦੇ ਭਤੀਜੇ ਸਨ। ਇਕ ਬ੍ਰਹਮਚਾਰੀ ਵੈਸ਼ਨਵ ਸਾਧੂ ਨੇ ਜਦੋਂ ਬਾਬਾ ਅਮਰਦਾਸ ਜੀ ਨੂੰ 'ਨਿਗੁਰਾ' ਕਹਿ ਕੇ, ਰੋਸ ਭਰੇ, ਰੁਖੇ ਤੇ ਕਰੜੇ ਬਚਨ ਕਹੇ ਤਾਂ ਵੈਰਾਗ ਉਛਲ ਕੇ ਅੱਖਾਂ ਰਾਹੀਂ ਬਾਹਰ ਆ ਗਿਆ। ਮਨ ਵਿਚ ਗੁਰੂ ਧਾਰਨ ਦੀ ਤੜਫ ਪੈਦਾ ਹੋ ਗਈ ਤੇ ਹਰ ਵੇਲੇ ਇਹੀ ਤਾਂਘ ਹੈ ਕਿ ਪੂਰਾ ਗੁਰੂ ਮਿਲ ਜਾਵੇ। ਬਾਬਾ ਅਮਰਦਾਸ ਜੀ ਪ੍ਰਭੂ ਅੱਗੇ ਬੇਨਤੀਆਂ ਕਰ ਰਹੇ ਹਨ, ਹੇ ਪ੍ਰਭੂ ਜੀ! ਮੇਰੀ ਜ਼ਿੰਦਗੀ ਦੇ 62 ਸਾਲ ਅਜਾਈਂ ਬੀਤ ਗਏ ਹਨ, ਕ੍ਰਿਪਾ ਕਰਕੇ ਮੈਨੂੰ ਪੂਰਾ ਗੁਰੂ ਮਿਲਾ ਦਿਓ। ਸਾਰੀ ਰਾਤ ਇਸੇ ਤਰ੍ਹਾਂ ਵੈਰਾਗ ਵਿਚ ਬੀਤ ਗਈ। ਨਾਲ ਦੇ ਘਰ ਵਿਚ ਜਿਥੇ ਕੰਧ ਸਾਂਝੀ ਹੈ ਉਥੋਂ ਅੰਮ੍ਰਿਤ ਵੇਲੇ ਬਾਣੀ ਪੜ੍ਹਨ ਦੀ ਆਵਾਜ਼ ਸੁਣਾਈ ਦਿੰਦੀ ਹੈ। ਬੀਬੀ ਅਮਰੋ ਜੀ ਨਾਲੇ ਦੁੱਧ ਰਿੜਕਦੀ ਹੈ ਨਾਲ-ਨਾਲ ਮਿੱਠੀ ਸੁਰ ਵਿਚ ਗੁਰਬਾਣੀ ਅਲਾਪ ਰਹੀ ਹੈ। ਬਾਬਾ ਜੀ ਦੇ ਕੰਨਾਂ ਵਿਚ ਮਧੁਰ ਆਵਾਜ਼ ਪਈ ਤੇ ਕੰਧ ਨਾਲ ਕੰਨ ਲਾ ਕੇ ਸੁਣਨ ਲੱਗ ਪਏ ਤੇ ਹੌਲੀ-ਹੌਲੀ ਘਰ ਦੇ ਬੂਹੇ ਓਹਲੇ ਹੋ ਕੇ ਖਲੋ ਗਏ ਮਤਾ ਬੀਬੀ ਸ਼ਰਮਾ ਕੇ ਚੁੱਪ ਨਾ ਹੋ ਜਾਵੇ ਕਿਉਂਕਿ ਆਪ ਰਿਸ਼ਤੇ ਵਿਚ ਬੀਬੀ ਜੀ ਦੇ ਸਹੁਰਾ ਸਾਹਿਬ ਲਗਦੇ ਸੀ। ਪਹਿਲਾਂ ਬੀਬੀ ਜੀ ਨੇ ਜਪੁਜੀ ਸਾਹਿਬ ਦਾ ਪਾਠ ਕੀਤਾ ਫੇਰ ਇਹ ਸ਼ਬਦ ਮਿੱਠੀ ਸੁਰ ਵਿਚ ਗਾਇਆ -

*ਕਰਣੀ ਕਾਗਦੁ ਮਨੁ ਮਸਵਾਣੀ*
*ਬੁਰਾ ਭਲਾ ਦੁਇ ਲੇਖ ਪਏ ॥*
*ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ*
*ਤਉ ਗੁਣ ਨਾਹੀ ਅੰਤੁ ਹਰੇ ॥ ੧ ॥*

*ਚਿਤ ਚੇਤਸਿ ਕੀ ਨਹੀ ਬਾਵਰਿਆ ॥*
*ਹਰਿ ਬਿਸਰਤ ਤੇਰੇ ਗੁਣ ਗਲਿਆ ॥ ੧ ॥ ਰਹਾਉ ॥*
*ਅੰਗ - ੯੯੦*

ਆਪ ਜੀ ਨੂੰ ਅਨੁਭਵ ਹੋਇਆ ਕਿ ਇਹ ਤਾਂ ਮੇਰੇ ਮਨ ਦੀ ਹਾਲਤ ਹੀ ਦੱਸੀ ਹੋਈ ਹੈ। ਆਵਾਜ਼ ਦੇ ਕੇ ਪੁੱਛਿਆ, ਬੀਬਾ ਜੀ! ਇਹ ਬਾਣੀ ਕਿਸ ਦੀ ਹੈ? ਇਸ ਨੂੰ ਸੁਣ ਕੇ ਮੇਰੇ ਰੋਂਗਟੇ ਖੜ੍ਹੇ ਹੋ ਗਏ ਤੇ ਮੇਰਾ ਮਨ ਪ੍ਰੇਮ ਵਿਚ ਭਰ ਗਿਆ ਹੈ। ਮੈਨੂੰ ਲਗਦਾ ਹੈ ਕਿ ਇਹ ਸ਼ਬਦ ਮੇਰੇ ਉਧਾਰ ਵਾਸਤੇ ਹੀ ਰਚਿਆ ਗਿਆ ਹੈ ਕਿਉਂਕਿ ਮੇਰੀ ਹਾਲਤ ਐਸੀ ਹੈ। ਬਾਬਾ ਜੀ ਦੇ ਕਹਿਣ ਤੇ, ਬੀਬੀ ਅਮਰੋ ਜੀ ਨੇ ਦੁਬਾਰਾ ਸਾਰਾ ਸ਼ਬਦ ਫੇਰ ਸੁਣਾਇਆ ਤੇ ਦੱਸਿਆ ਕਿ ਪਿਤਾ ਜੀ! ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ। ਉਨ੍ਹਾਂ ਨੇ ਆਪਣੇ ਮੁਖਾਰਬਿੰਦ ਤੋਂ ਬਹੁਤ ਬਾਣੀ ਉਚਾਰਨ ਕੀਤੀ ਹੈ। ਇਸ ਬਾਣੀ ਨੂੰ ਪ੍ਰੇਮ-ਸ਼ਰਧਾ ਦੇ ਨਾਲ ਪੜ੍ਹਨ-ਸੁਣਨ ਦਾ ਬੇਅੰਤ ਫਲ ਹੈ। ਇਹ ਬਾਣੀ ਜੀਵ ਦੇ ਪਾਪਾਂ ਦਾ ਨਾਸ਼ ਕਰਕੇ ਸੰਸਾਰ ਸਾਗਰ ਤੋਂ ਪਾਰ ਕਰ ਦਿੰਦੀ ਹੈ। ਮੈਂ ਆਪਣੇ ਪਿਤਾ ਸ੍ਰੀ ਗੁਰੂ ਅੰਗਦ ਦੇਵ ਜੀ ਜੋ ਇਸ ਨੂੰ ਪ੍ਰੇਮ ਸਹਿਤ ਪੜ੍ਹਦੇ-ਸੁਣਦੇ ਹਨ, ਉਨ੍ਹਾਂ ਤੋਂ ਸੁਣੀ ਹੈ ਜਿਨ੍ਹਾਂ ਦੇ ਦਰਬਾਰ ਵਿਚ ਸਵੇਰੇ, ਸ਼ਾਮ ਸਤਿਸੰਗ ਵਿਚ ਰਬਾਬੀ ਬਾਣੀ ਦਾ ਕੀਰਤਨ ਕਰਦੇ ਹਨ ਅਤੇ ਗੁਰੂ ਪਿਤਾ ਜੀ ਅਨੇਕਾਂ ਸਿੱਖਾਂ ਨੂੰ ਵਿਕਾਰਾਂ ਦਾ ਤਿਆਗ ਕਰਾ ਕੇ ਨਾਮ ਸਿਮਰਨ ਦਾ ਉਪਦੇਸ਼ ਬਖਸ਼ਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਸਮਾਉਣ ਤੋਂ ਪਹਿਲਾਂ ਮੇਰੇ ਪਿਤਾ ਜੀ ਨੂੰ ਆਪਣੀ ਗੱਦੀ ਤੇ ਬਿਰਾਜਮਾਨ ਕਰ ਗਏ ਹਨ। ਕਹਿਣ ਲੱਗੇ ਬੇਟੀ! ਮੇਰੇ ਉਤੇ ਪਰਉਪਕਾਰ ਕਰ, ਮੈਨੂੰ ਜਲਦੀ ਉਨ੍ਹਾ ਦੇ ਪਾਸ ਲੈ ਕੇ ਚੱਲ, ਮੈਂ ਦਰਸ਼ਨ ਕਰਕੇ ਉਨ੍ਹਾਂ ਦੀ ਸ਼ਰਨ ਵਿਚ ਰਹਿਣਾ ਚਾਹੁੰਦਾ ਹਾਂ। ਬੀਬੀ ਅਮਰੋ ਜੀ ਨਾਲ ਖਡੂਰ ਸਾਹਿਬ ਜਾ ਕੇ, ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਲੱਗ ਕੇ ਉਨ੍ਹਾਂ ਦਾ ਹੀ ਰੂਪ ਬਣ ਜਾਂਦੇ ਹਨ। ਸੋ ਬੀਬੀ ਅਮਰੋ ਜੀ ਦਾ ਐਸਾ ਪਰਉਪਕਾਰੀ, ਨਿਰਮਲ ਤੇ ਭਗਤੀ ਭਾਵ ਵਾਲਾ ਜੀਵਨ ਸੀ ਜਿਨ੍ਹਾਂ ਰਾਹੀਂ ਸ੍ਰੀ ਗੁਰੂ ਅਮਰਦਾਸ ਜੀ ਪ੍ਰਗਟ ਹੋਏ।

ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਜੀ ਦੇ ਘਰ ਦੋ ਬੇਟੀਆਂ, ਬੀਬੀ ਦਾਨੀ ਤੇ ਬੀਬੀ ਭਾਨੀ ਜੀ ਹਨ। ਪਰ ਜੋ ਸੇਵਾ ਦਾ ਸਾਥ ਬੀਬੀ ਭਾਨੀ ਜੀ ਨੇ ਨਿਭਾਇਆ ਉਸ ਦੀ ਮਿਸਾਲ ਵੀ ਹੋਰ ਕਿਧਰੇ ਨਹੀਂ ਮਿਲਦੀ। ਸੁਭਾਵਿਕ ਹੈ ਜੇ ਪਿਤਾ ਗੁਰੂ ਜੀ ਅੰਮ੍ਰਿਤ ਵੇਲੇ 2 ਵਜੇ ਉਠਦੇ ਹਨ ਤਾਂ ਬੀਬੀ ਭਾਨੀ ਜੀ ਵੀ ਪਹਿਲਾਂ ਜਾਗ ਕੇ ਉਨ੍ਹਾਂ ਦੇ ਇਸ਼ਨਾਨ ਆਦਿ ਦਾ ਪ੍ਰਬੰਧ ਕਰਿਆ ਕਰਦੇ ਸੀ। ਬੀਬੀ ਭਾਨੀ ਜੀ ਗੁਰੂ ਪਿਤਾ ਦੀ ਸੇਵਾ ਨੂੰ ਸ਼ਰਧਾ ਤੇ ਪੂਰੇ ਮਨ ਚਿਤ ਨਾਲ ਕਰਦੇ ਪਰ ਕਦੀ ਵਿਖਾਵਾ ਨਹੀਂ ਕਰਦੇ ਸਨ, ਹਮੇਸ਼ਾ ਇਸ ਬਿਰਤੀ ਦੇ ਧਾਰਨੀ ਸਨ।

*ਆਛੋ ਕਾਮ ਦਿਖਾਇਨ ਚਾਹੈ।*
*ਲਾਭ ਘਟੈ ਪਾਖੰਡ ਇਸ ਮਾਹੈ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*

ਤਾਰੀਕੇ-ਪੰਜਾਬ ਕ੍ਰਿਤ ਬੂਟੇ ਸ਼ਾਹ ਅਨੁਸਾਰ ਜ਼ਿਕਰ ਆਉਂਦਾ ਹੈ ਕਿ "ਬੀਬੀ ਭਾਨੀ ਜੀ ਸਦਾ ਪਿਤਾ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਕਰਨ ਨੂੰ ਪਹਿਲ ਦਿੰਦੀ ਸੀ। ਉਨ੍ਹਾਂ ਦੀ ਸੇਵਾ ਤੋਂ ਕਦੇ ਅਵੇਸਲੀ ਨਹੀਂ ਹੁੰਦੀ ਸੀ।

ਇਥੋਂ ਤਕ ਕਿ ਸ਼ਾਦੀ ਹੋ ਜਾਣ ਤੋਂ ਬਾਦ ਵੀ ਜਿਵੇਂ ਸ੍ਰੀ ਗੁਰੂ ਰਾਮਦਾਸ ਜੀ ਨੇ ਇਕ ਸਿੱਖ ਸੇਵਕ ਦੇ ਰੂਪ ਵਿਚ ਸੇਵਾ ਨਿਭਾਈ ਇਸੇ ਤਰ੍ਹਾਂ ਬੀਬੀ ਭਾਨੀ ਜੀ ਨੇ ਵੀ ਦੁਨਿਆਵੀ ਪਿਤਾ ਦੀ ਥਾਂ ਗੁਰੂ ਪਿਤਾ ਸਮਝ ਕੇ ਪੂਰੀ ਸ਼ਰਧਾ ਭਾਵਨਾ ਨਾਲ ਆਪਣੇ ਆਪ ਨੂੰ ਸੇਵਾ ਵਿਚ ਸਮਰਪਿਤ ਕੀਤਾ। ਸੋ ਇਕ ਬੇਟੀ ਦੇ ਰੂਪ ਵਿਚ ਬੀਬੀ ਭਾਨੀ ਜੀ ਦਾ ਇਕ ਬਹੁਤ ਵੱਡਾ ਯੋਗਦਾਨ ਹੈ ਕਿ ਉਹ ਹਰ ਪੱਖ ਤੋਂ ਸਤਿਗੁਰੂ ਜੀ ਦੇ ਖਾਣ-ਪੀਣ, ਪਹਿਰਨ, ਸਿਹਤ ਤੇ ਸੁੱਖ-ਆਰਾਮ ਦਾ ਖਿਆਲ ਖੁਦ ਰਖਦੇ ਸਨ। ਇਸ ਕਰਕੇ ਗੁਰੂ ਸਾਹਿਬ ਜੀ ਇਸ ਪੱਖ ਤੋਂ ਨਿਸਚਿੰਤ ਹੋ ਕੇ ਸੰਗਤਾਂ ਦਾ ਉਧਾਰ ਕਰਦੇ ਰਹੇ।

ਇਸ ਤਰ੍ਹਾਂ ਆਪਣੇ ਗੁਰੂ ਸਾਹਿਬਾਨ ਦੇ ਪਰਿਵਾਰਾਂ ਦੀਆਂ ਅਤੀ ਸਤਿਕਾਰਤ ਮਾਤਾਵਾਂ, ਮਹਿਲ, ਭੈਣਾਂ, ਬੇਟੀਆਂ ਦੇ ਮਹਾਨ ਪ੍ਰੇਰਨਾਦਾਇਕ ਜੀਵਨ ਹਨ। ਉਨ੍ਹਾ ਦੇ ਪਰਉਪਕਾਰੀ ਅਤੇ ਵਿਲੱਖਣ ਜੀਵਨ ਦੀ ਬਰਾਬਰਤਾ ਤਾਂ ਕੋਈ ਵੀ ਨਹੀਂ ਕਰ ਸਕਦਾ ਪਰ ਪ੍ਰੇਰਨਾ ਜ਼ਰੂਰ ਲੈ ਸਕਦਾ ਹੈ। ਇਸੇ ਤਰ੍ਹਾਂ ਨਾਲ ਸਾਡੀ ਰੋਜ਼ਾਨਾ ਦੀ ਅਰਦਾਸ ਵਿਚ ਜਿਨ੍ਹਾਂ ਬੀਬੀਆਂ ਦੀ ਘਾਲ ਕਮਾਈ ਤੇ ਕੁਰਬਾਨੀ ਦਾ ਜ਼ਿਕਰ ਹੈ ਉਨ੍ਹਾਂ ਦੇ ਚਰਨਾਂ ਵਿਚ ਕੋਟਾਨ ਕੋਟਿ ਪ੍ਰਨਾਮ ਹੈ। ਆਪਣੇ ਪੂਰਵਜਾਂ ਦੇ ਨਕਸ਼ੇ ਕਦਮ ਤੇ ਚੱਲਣ ਵਾਲੀਆਂ ਸਿੱਖ ਇਤਿਹਾਸ ਵਿਚ ਅਨੇਕਾਂ ਬੀਬੀਆਂ, ਮਾਤਾਵਾਂ, ਭੈਣਾਂ ਹੋ ਚੁਕੀਆਂ ਹਨ ਤੇ ਮੌਜੂਦਾ ਸਮੇਂ ਵਿਚ ਵੀ ਹਨ ਅਤੇ ਅੱਗੋਂ ਵੀ ਹੁੰਦੀਆਂ ਰਹਿਣਗੀਆਂ।

*'ਚਲਦਾ......।'*

# ਜ਼ਰੂਰੀ ਸੂਚਨਾ

## ਪਿਆਰੇ ਪਾਠਕ ਜਨੋ ਅਤੇ ਸਾਧ ਸੰਗਤ ਜੀ!

ਆਪ ਜੀ ਨੂੰ ਸੰਨਿਮਰ ਬੇਨਤੀ ਹੈ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰੱਸਟ ਵੱਲੋਂ ਸਤਿਕਾਰਯੋਗ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਪ੍ਰਵਚਨ ਸਰਵਣ ਕਰਨ ਲਈ ਹੇਠ ਲਿਖੇ ਚੈਨਲ ਨੂੰ ਆਪਣੇ ਟੀ.ਵੀ. ਤੇ ਸਬਸਕਰਾਇਬ ਕਰਨ ਦੀ ਕ੍ਰਿਪਾਲਤਾ ਕਰੋ ਜੀ।



ਸੱਚਖੰਡ ਵਾਸੀ
ਸ੍ਰੀ ਮਾਨ
ਸੰਤ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ
(ਨਿਊ ਚੰਡੀਗੜ੍ਹ)

**ਫਾਸਟਵੇਅ ਕੇਬਲ ਟੀ.ਵੀ. ਨੈਟਵਰਕ**

FASTWAY

**ਚੈਨਲ ਨੰਬਰ - 202 ਪੰਜਾਬ ਪਲੱਸ ਰਾਹੀਂ**

**ਸਮਾਂ ਹਰ ਰੋਜ਼ - ਸਵੇਰੇ**

**4.45 ਤੋਂ 6.45 ਤੱਕ (2 ਘੰਟੇ)**

ਇਹ ਕੀਰਤਨ ਪ੍ਰਵਚਨ ਸਾਰਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜਿਥੇ ਵੀ ਫਾਸਟਵੇਅ ਕੇਬਲ ਚਲ ਰਹੀ ਹੈ, ਤੁਸੀਂ ਉਸ ਉਤੇ ਦੇਖ ਸਕਦੇ ਹੋ।

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**
**ਵੈਸਾਖਿ ਸੰਗਰਾਂਦ - 13 ਅਪ੍ਰੈਲ, ਦਿਨ ਐਤਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**
**ਅੰਮ੍ਰਿਤ ਸੰਚਾਰ - 13 ਅਪ੍ਰੈਲ, ਦਿਨ ਐਤਵਾਰ, ਵਿਸਾਖੀ ਨੂੰ 11.00 ਵਜੇ ਸਵੇਰੇ।**
**ਵਿਸ਼ੇਸ਼ ਵਿਸਾਖੀ ਸਮਾਗਮ - 13 ਅਪ੍ਰੈਲ ਸਵੇਰੇ 10.30 ਵਜੇ ਤੋਂ 3.30 ਵਜੇ ਤੱਕ।**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

### ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**
**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | Amout |
|---|---|
| 1 Year | Rs. 300/- |
| 3 Year | Rs. 750/- |
| 5 Year | Rs. 1200/- |
| Life (20 Year) | Rs 3000/- |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**

**A/C No. 12861100000005, RTGS/IFSC Code - PSIB0021286, Branch Code - C1286**

**ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।**

# PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
**Account No. – 40227222757, Bank - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith all donations amounts should be sent to the Trust only through one of the following banks specified by Govt. of India:

## LIST OF CORRESPONDENT BANKS

### Australia

1. Commonwealth Bank Of Australia CTBAAU2S
2. Australia And NewZealand Banking Group Ltd ANZBAU3M
3. National Australia Bank Ltd NATAAU33
4. Westpack Banking Corporation WPACAU2F

### Canada

1. SBI Canada Bank SBINCATX
2. Canadian Imperial Bank Of Commerce CIBCCATT
3. Bank Of Montreal BOFMCAM2
4. Royal Bank Of Canada ROYCCAT2
5. The Toronto Dominion Bank TDOMCATT
6. The Bank Of Nova Scotia (SCOTIA BANK) NOSCCATT

### Germany

1. Commerze bank AGCOBADEFF
2. DZ Bank AG Deutsche Zentral-Genos GENODEFF
3. Uni Credit Bank AGHYVEDEMM
4. Bayerische Landes bank BYLADEMM
5. Landes bank Baden Wurttemberg SOLADEST
6. Norddeutsche Landes bank Girozen trale NOLADE2H
7. Deutsche Bank AGDEUTDEFF
8. HSBCT rinkaus & Burkhadt AGTUBDDEDD

### Italy

1. Credit AgricoleI talia SpACRPPIT2P
2. Intesa Sanpaolo Sp ABCITITMM
3. Unicredit SPAUNCRITMM
4. Banca Popolaredi Sondrio Societa Cooperativa perAzioni POSOIT22
5. BPERB anca Sp ABPMOIT22

### United Kingdom

1. Standard Chartered Bank SCBLGB2L
2. Couttsand Company COUTGB22
3. National Westminster Bank Plc (NatWestBank) NWBKGB2L
4. Royal Bank of Scotland Plc RBOSGB2L
5. Barclays Bank PlcBARCGB22
6. HSBC Bank Plc MIDLGB22
7. Lloyds Bank PlcLOYDGB2L
8. State Bank of India (UK)Ltd.SBOIGB2L

### United States

1. Fifth Third Bank FTBCUS3C
2. HSBC Bank USA National Association MRMDUS33
3. Deutsche Bank Trust Company Americas BKTRUS33
4. Wells Fargo Bank National Association WFBIUS6S
5. Silicon Valley Bank SVBKUS6S
6. State Bank of India (California) SBCAUS6L
7. The Bank of New York Mellon IRVTUS3N
8. PNC Bank National Association PNCCUS33
9. BOKF National Association BAOKUS44
10. MUFG Union Bank National Association BOFCUS33
11. Bank of America National Association BOFAUS3N
12. Key bank National Association KEYBUS33
13. US Bank National Association USBKUS44
14. Citi bank NACITIUS33
15. JP Morgan Chase Bank National Association CHASUS33
16. The Northern Trust Company CNORUS44

